ਡੋਨਲਡ ਟਰੰਪ ਦੀ ਇਸ ਵਾਪਸੀ ਨੂੰ ਸਿਰਫ਼ ਰਾਜਨੀਤਿਕ ਜਿੱਤ ਹੀ ਨਹੀਂ, ਬਲਕਿ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਮੰਨਿਆ ਜਾ ਰਿਹਾ ਹੈ। ਅਗਲੇ ਚਾਰ ਸਾਲਾਂ ਲਈ ਟਰੰਪ ਦੀਆਂ ਨੀਤੀਆਂ ਅਤੇ ਫੈਸਲੇ ਨਾ ਸਿਰਫ਼ ਅਮਰੀਕਾ ਬਲਕਿ ਦੁਨੀਆ ਦੇ ਬਾਕੀ ਦੇਸ਼ਾਂ 'ਤੇ ਵੀ ਅਸਰ ਪਾਉਣਗੇ।

ਇਹ ਇਤਿਹਾਸਕ ਘਟਨਾ ਅਮਰੀਕਾ ਦੀ ਲੋਕਤੰਤਰਕ ਪ੍ਰਕਿਰਿਆ ਅਤੇ ਇਸ ਦੇ ਸੰਵਿਧਾਨਿਕ ਢਾਂਚੇ ਨੂੰ ਮਜ਼ਬੂਤ ਬਣਾਉਣ ਦੀ ਇੱਕ ਹੋਰ ਮਿਸਾਲ ਪੇਸ਼ ਕਰਦੀ ਹੈ।

# ਵਰਜੀਨੀਆ ਦੀਆਂ ਵਿਸ਼ੇਸ਼ ਚੋਣਾਂ ’ਚ ਜੇਜੇ ਸਿੰਘ ਦੀ ਸ਼ਾਨਦਾਰ ਜਿੱਤ, ਪਹਿਲੇ ਦਸਤਾਰਧਾਰੀ ਵਿਧਾਇਕ ਬਣੇ

ਵਰਜੀਨੀਆ: ਵਰਜੀਨੀਆ ਸੂਬੇ ਦੀਆਂ ਵਿਸ਼ੇਸ਼ ਚੋਣਾਂ ’ਚ ਭਾਰਤੀ-ਅਮਰੀਕੀ ਭਾਈਚਾਰੇ ਲਈ ਖੁਸ਼ਖਬਰੀ ਸਾਹਮਣੇ ਆਈ ਹੈ। ਦੋ ਭਾਰਤੀ ਮੂਲ ਦੇ ਨੇਤਾਵਾਂ, ਕਾਨਨ ਸ੍ਰੀਨਿਵਾਸਨ ਅਤੇ ਜੇਜੇ ਸਿੰਘ ਨੇ ਮਹੱਤਵਪੂਰਨ ਜਿੱਤ ਦਰਜ ਕੀਤੀ ਹੈ। ਸਟੇਟ ਸੈਨੇਟ ਅਤੇ ਸਟੇਟ ਹਾਊਸ ਆਫ਼ ਡੈਲੀਗੇਟਸ ਵਿੱਚ ਉਨ੍ਹਾਂ ਦੀ ਜਿੱਤ ਡੈਮੋਕਰੈਟਿਕ ਪਾਰਟੀ ਲਈ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ।

ਭਾਵੇਂ ਪਿਛਲੇ ਸਾਲ ਦੀਆਂ ਕੌਮੀ ਚੋਣਾਂ ਦੌਰਾਨ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਲਹਿਰ ਦੇ ਅਸਰ ਹੇਠ ਰਿਪਬਲਿਕਨ ਪਾਰਟੀ ਨੇ ਕਈ ਇਲਾਕਿਆਂ ’ਚ ਜਿੱਤ ਦਰਜ ਕੀਤੀ ਸੀ, ਪਰ ਵਰਜੀਨੀਆ ਵਿੱਚ ਡੈਮੋਕਰੈਟਿਕ ਪਾਰਟੀ ਆਪਣਾ ਬਹੁਮਤ ਕਾਇਮ ਰੱਖਣ ਵਿੱਚ ਕਾਮਯਾਬ ਰਹੀ।



ਜੇਜੇ ਸਿੰਘ, ਜੋ ਵਰਜੀਨੀਆ ਵਿੱਚ ਜਨਮੇ ਅਤੇ ਪਹਿਲੇ ਦਸਤਾਰਧਾਰੀ ਸਿੱਖ ਵਿਧਾਇਕ ਹਨ, ਨੇ ਆਪਣੀ ਜਿੱਤ ਨਾਲ ਇਤਿਹਾਸ ਰਚਿਆ ਹੈ। ਉਨ੍ਹਾਂ ਰਿਪਬਲਿਕਨ ਪ੍ਰਤੀਦਵੰਦੀ ਰਾਮ ਵੈਂਕਟਚਲਮ ਨੂੰ ਹਰਾਇਆ। ਜੇਜੇ ਸਿੰਘ ਨੇ ਵ੍ਹਾਈਟ ਹਾਊਸ ਵਿੱਚ ਬਰਾਕ ਓਬਾਮਾ ਦੇ ਦੌਰਾਨ ਬਜਟ ਅਤੇ ਪ੍ਰਬੰਧਨ ਸਬੰਧੀ ਮਾਮਲਿਆਂ ’ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਨ੍ਹਾਂ ਦੀ ਸਫਲਤਾ ਸਿਰਫ਼ ਸਿੱਖ ਭਾਈਚਾਰੇ ਲਈ ਹੀ ਨਹੀਂ, ਸਗੋਂ ਸਾਰੇ ਭਾਰਤੀ-ਅਮਰੀਕੀ ਸਮੂਦਾਏ ਲਈ ਇੱਕ ਪ੍ਰੇਰਣਾਦਾਇਕ ਪਲ ਹੈ।

ਇਸਦੇ ਨਾਲ ਹੀ ਕਾਨਨ ਸ੍ਰੀਨਿਵਾਸਨ, ਜਿਨ੍ਹਾਂ ਨੇ ਸਟੇਟ ਸੈਨੇਟ ਦੀ ਜਿੱਤ ਦਰਜ ਕੀਤੀ ਹੈ, ਨੇ ਵੀ ਆਪਣੇ ਨੇਤ੍ਰਿਤਵ ਦੀ ਛਾਪ ਛੱਡੀ ਹੈ। ਉਹ ਪਹਿਲਾਂ ਸਟੇਟ ਹਾਊਸ ਆਫ਼ ਡੈਲੀਗੇਟਸ ਦਾ ਹਿੱਸਾ ਸਨ। ਉਨ੍ਹਾਂ ਨੇ ਸੁਹਾਸ ਸੁਬਰਾਮਣੀਅਮ ਦੀ ਥਾਂ ਲਈ ਇਹ ਚੋਣ ਲੜੀ, ਜਿਨ੍ਹਾਂ ਨੇ ਅਮਰੀਕੀ ਸੰਸਦ ਲਈ ਚੁਣੇ ਜਾਣ ਮਗਰੋਂ ਸਟੇਟ ਸੈਨੇਟ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਹ ਜਿੱਤ ਸਿਰਫ਼ ਸਿਆਸੀ ਪੱਧਰ ’ਤੇ ਹੀ ਨਹੀਂ, ਸਗੋਂ ਸਮਾਜਕ ਪੱਧਰ ’ਤੇ ਵੀ ਮਹੱਤਵਪੂਰਨ ਹੈ। ਦੋਵੇਂ ਨੇਤਾਵਾਂ ਦੀ ਜਿੱਤ ਅਮਰੀਕਾ ਵਿੱਚ ਭਾਰਤੀ ਭਾਈਚਾਰੇ ਦੀ ਵਧ ਰਹੀ ਸਿਆਸੀ ਹਿੱਸੇਦਾਰੀ ਅਤੇ ਪ੍ਰਭਾਵ ਨੂੰ ਦਰਸਾਉਂਦੀ ਹੈ। ਜੇਜੇ ਸਿੰਘ ਦੇ ਦਸਤਾਰਧਾਰੀ ਸਿੱਖ ਵਜੋਂ ਚੁਣੇ ਜਾਣ ਨੂੰ ਸਮਾਜਿਕ ਸਵਿਕਾਰਤਾ ਦੇ ਇੱਕ ਵੱਡੇ ਮੀਲ ਪੱਥਰ ਵਜੋਂ ਦੇਖਿਆ ਜਾ ਰਿਹਾ ਹੈ। ਇਹ ਜਿੱਤ ਵਰਜੀਨੀਆ ਦੇ ਰਾਜਨੀਤਿਕ ਭਵਿੱਖ ਲਈ ਨਵੇਂ ਦਰਵਾਜ਼ੇ ਖੋਲ੍ਹਦੀ ਹੈ। ਜੇਜੇ ਸਿੰਘ ਅਤੇ ਕਾਨਨ ਸ੍ਰੀਨਿਵਾਸਨ, ਦੋਵੇਂ ਨੇਤਾਵਾਂ ਸੂਬੇ ਦੇ ਵੱਖ-ਵੱਖ ਮੁੱਦਿਆਂ, ਜਿਵੇਂ ਕਿ ਸਿੱਖਿਆ, ਬੇਰੋਜ਼ਗਾਰੀ, ਅਤੇ ਸਮਾਜਕ ਸਹਿਯੋਗ ’ਤੇ ਨਵੀਆਂ ਨੀਤੀਆਂ ਲਾਗੂ ਕਰਨ ਦੇ ਲਈ ਪ੍ਰਤਿਬੱਧ ਹਨ।


Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

# ਕੀ ਸਿੱਖ ਅਜਾਇਬ ਘਰ ਵਿਚ ਡਾ. ਮਨਮੋਹਨ ਸਿੰਘ ਦੀ ਤਸਵੀਰ ਲਗਣੀ ਚਾਹੀਦੀ ਹੈ?

## ਸਿੱਖ ਬੁਧੀਜੀਵੀ ਯਾਦਗਾਰ ਤੇ ਅਜਾਇਬ ਘਰ ਵਿਚ ਫੋਟੋ ਲਗਾਉਣ ਦੇ ਵਿਰੋਧ ਵਿਚ

ਕੀ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਦੀ ਤਸਵੀਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗ ਸਕਦੀ ਹੈ ? ਇਸ ਬਾਰੇ ਸਿੱਖ ਸੰਗਤ ਵਿਚ ਵੱਡੇ ਸੁਆਲ ਖੜੇ ਹੋ ਗਏ ਹਨ। ਸਿਖ ਅਜਾਇਬ ਘਰ ਵਿਚ ਤਸਵੀਰ ਲਗਾਉਣ ਤੇ ਯਾਦਗਾਰ ਸਥਾਪਤ ਕਰਨ 'ਤੇ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਦੀ ਬੈਠਕ ਮਾਘੀ ਮੇਲੇ ਦੇ ਬਾਅਦ 15 ਜਨਵਰੀ ਨੂੰ ਹੋ ਸਕਦੀ ਹੈ। ਇਹ ਸੰਕੇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦਿੱਤੇ ਹਨ। ਉਨ੍ਹਾਂ ਕਿਹਾ ਹੈ ਕਿ ਇਸ ਸਬੰਧ ਵਿਚ ਕੋਈ ਵੀ ਫੈਸਲਾ ਕਾਰਜਕਾਰਣੀ ਬੈਠਕ ਵਿਚ ਹੀ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਐੱਸਜੀਸੀਪੀ ਕਾਰਕਾਰਣੀ ਦੀ ਬੈਠਕ ਵਿਚ ਇਸ ਬਾਰੇ ਵਿਚਾਰ ਕੀਤਾ ਜਾਵੇਗਾ। ਸ੍ਰੀ ਦਰਬਾਰ ਸਾਹਿਬ ਵਿਚ ਉਨ੍ਹਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਮਰਹੂਮ ਡਾ. ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ ਦੀ ਸਹਿਮਤੀ ਬਾਅਦ ਹੀ ਰੱਖਿਆ ਜਾ ਸਕੇਗਾ।

ਜ਼ਿਕਰਯੋਗ ਹੈ ਕਿ ਡਾ. ਮਨਮੋਹਨ ਸਿੰਘ ਦੀ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ ਵਿਚ ਤਿੰਨ ਜਨਵਰੀ ਨੂੰ ਅੰਤਮ ਅਰਦਾਸ ਸਮਾਗਮ ਵਿਚ ਅਕਾਲੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਡਾ.ਮਨਮੋਹਨ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿਚ ਸਥਾਪਤ ਕਰਨ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ ਐੱਸਜੀਪੀਸੀ ਪ੍ਰਧਾਨ ਧਾਮੀ ਨੂੰ ਵੀ ਇਸ ਬਾਰੇ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਇਸ ਦੀ ਸੰਭਾਵਨਾ 'ਤੇ ਵਿਚਾਰ ਕਰਨ ਲਈ ਵੀ ਧਾਮੀ ਨੂੰ ਅਪੀਲ ਕੀਤੀ ਸੀ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਐਕਸ 'ਤੇ ਜਾਰੀ ਸੰਦੇਸ਼ ਵਿਚ ਇਸ ਦਾ ਜ਼ਿਕਰ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਨੇ ਵੀ ਐਕਸ 'ਤੇ ਜਾਰੀ ਇਕ ਸੰਦੇਸ਼ ਵਿਚ ਇਸਦਾ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਿਅਦ ਡਾ. ਮਨਮੋਹਨ ਸਿੰਘ ਦੀ ਯਾਦ ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਅਖੰਡ ਪਾਠ ਰੱਖਦਿਆਂ ਧਾਰਮਿਕ ਸਮਾਰੋਹ ਕਰਵਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਵੇਗਾ।

ਫਿਲਹਾਲ ਸਿੱਖ ਕੌਮ ਦੀ ਨਜ਼ਰ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਬੈਠਕ ਦੀ ਤਰੀਕ ਦੇ ਐਲਾਨ 'ਤੇ ਟਿਕੀ ਹੈ ਕਿਉਂਕਿ ਕਾਰਜਕਾਰਨੀ ਦੀ ਮਨਜ਼ੂਰੀ ਬਾਅਦ ਹੀ ਅਜਿਹੇ ਫੈਸਲੇ ਨੂੰ ਅਮਲੀਜਾਮਾ ਪਹਿਨਾਇਆ ਜਾਵੇਗਾ।

ਬੀਬੀ ਕਿਰਨਜੋਤ ਕੌਰ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਸੁਝਾਅ ਦਿਤਾ ਕਿ ਡਾ: ਮਨਮੋਹਨ ਸਿੰਘ ਕੇਵਲ ਸਿੱਖਾਂ ਲਈ ਹੀ ਨਹੀਂ ,ਸਗੋਂ ਹਰ ਕਿਸੇ ਲਈ ਪ੍ਰੇਰਨਾਦਾਇਕ ਸ਼ਖ਼ਸੀਅਤ ਹਨ ,ਕਿਉਂਕਿ ਉਨ੍ਹਾਂ ਵਿੱਚ ਸਖ਼ਤ ਮਿਹਨਤ, ਨਿਮਰਤਾ, ਇਮਾਨਦਾਰੀ, ਬਿਨਾਂ ਕਿਸੇ ਦੀ ਬਦਨਾਮੀ ਦੇ ਅਰਥਪੂਰਨ ਬੋਲਣ, ਭਲਾਈ ਲਈ ਇੱਕ ਸਤੁੰਲਿਤ ਰਵੱਈਆ ਰਖਿਆ, ਜੋ ਹਰ ਧਰਮ ਸਿਖਾਉਂਦਾ ਹੈ। ਉਹ ਆਪਣੇ ਗੁਣਾਂ ਸਦਕਾ ਉੱਚ ਅਹੁਦੇ 'ਤੇ ਪਹੁੰਚੇ। ਇਹ ਗੁਣ. ਹਾਲਾਂਕਿ, ਉਹ "ਪੰਥ ਰਤਨ" ਦੇ ਉਮੀਦਵਾਰ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਨੇ ਪੰਥ ਲਈ ਖਾਸ ਤੌਰ 'ਤੇ ਕੁਝ ਨਹੀਂ ਕੀਤਾ। ਪੰਥਕ ਰਵਾਇਤਾਂ ਦੀ ਘੱਟ ਜਾਂ ਘੱਟ ਜਾਣਕਾਰੀ ਰੱਖਣ ਵਾਲੇ ਕਾਂਗਰਸੀਆਂ ਨੂੰ ਅਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਸਿੱਖਾਂ ਅੰਦਰ ਡਾ. ਸਾਹਿਬ ਦੀ ਯਾਦ ਵਿੱਚ ਕੋਈ ਵਿਵਾਦ ਨਾ ਪੈਦਾ ਹੋਵੇ।



ਸਿੱਖ ਚਿੰਤਕ ਸਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਉਹ ਇਮਾਨਦਾਰ ਪ੍ਰਧਾਨ ਮੰਤਰੀ ਸਨ ਪਰ ਪੰਥਕ ਖੇਤਰ ਵਿਚ ਉਨ੍ਹਾਂ ਦੀ ਕੋਈ ਦੇਣ ਨਹੀਂ।ਇਸ ਲਈ ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਵਲੋਂ ਯਾਦਗਾਰ ਤੇ ਸਿੱਖ ਅਜਾਇਬ ਘਰ ਵਿਚ ਫੋਟੋ ਨਹੀਂ ਲਗਣੀ ਚਾਹੀਦੀ ਹੈ।

ਯਾਦ ਰਹੇ ਕਿ ਬੀਤੇ ਦਿਨੀਂ ਪੰਜਾਬ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਅਕਾਲ ਤਖ਼ਤ ਵੱਲੋਂ ਪੰਥ ਰਤਨ ਦੀ ਉਪਾਧੀ ਨਾਲ ਨਿਵਾਜਿਆ ਜਾਵੇ।

ਇਸ ਸਬੰਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਭੇਜਿਆ ਗਿਆ ਸੀ। ਉਨ੍ਹਾਂ ਲਿਖਿਆ ਕਿ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਵੱਜੋਂ ਉਨ੍ਹਾਂ ਦੀ ਸਥਿਤੀ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਲਈ ਮਾਨ ਅਤੇ ਮਾਨਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ '84 ਦੇ ਸਿੱਖ ਵਿਰੋਧੀ ਕਤਲੇਆਮ ਲਈ ਸੰਸਦ ਵਿੱਚ ਮੁਆਫ਼ੀ ਮੰਗੀ ਸੀ ਅਤੇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਤੇ ਮੁੜ ਵਸੇਬੇ ਨੂੰ ਯਕੀਨੀ ਬਣਾਇਆ। ਉਨ੍ਹਾਂ 60 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਦੀ ਸ਼ੁਰੂਆਤ ਕੀਤੀ, ਜਿਸ ਨਾਲ ਪੰਜਾਬ ਦੇ ਅਣਗਿਣਤ ਕਿਸਾਨਾਂ ਨੂੰ ਲਾਭ ਹੋਇਆ।ਉਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਲਈ ਪਾਕਿਸਤਾਨ ਜਾਣ ਵਾਲੇ ਤੀਰਥ ਮਾਰਗਾਂ ਦੀ ਸਹੂਲਤ ਲਈ ਬਾਰਡਰ ਕਰਾਸਿੰਗ ਦੀ ਸਹੂਲਤ ਤੇ ਬੁਨਿਆਦੀ ਢਾਂਚਾ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਇਆ। ਪੰਜਾਬ ਦੇ ਪੇਂਡੂ ਵਿਕਾਸ ਲਈ ਅਹਿਮ ਫੰਡ ਅਲਾਟ ਕੀਤੇ।

ਪੰਥਕ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਸਿੱਖ ਧਰਮ ਵਿੱਚ ਸਮਾਰਕਾਂ ਦੀ ਇਜਾਜ਼ਤ ਨਹੀਂ ਹੈ। ਪੰਜਾਬ ਤੋਂ ਕਈ ਵੱਡੇ ਸਿੱਖ ਆਗੂ ਪੈਦਾ ਹੋਏ। ਗਿਆਨੀ ਜ਼ੈਲ ਸਿੰਘ ਤੋਂ ਇਲਾਵਾ ਕਿਸੇ ਵੀ ਆਗੂ ਦੇ ਨਾਂ 'ਤੇ ਕੋਈ ਯਾਦਗਾਰ ਨਹੀਂ ਹੈ। ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ ਜਾਂ ਕੌਮ ਦੇ ਕਿਸੇ ਮਹਾਨ ਮੁੱਖ ਮੰਤਰੀ ਦੇ ਨਾਂ 'ਤੇ ਕੋਈ ਸਮਾਰਕ ਨਹੀਂ ਹੈ। ਫਿਰ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨਵਾਂ ਵਿਵਾਦ ਕਿਉਂ ਖੜਾ ਕਰਨਾ ਚਾਹੁੰਦੇ ਹਨ।ਸਿਖ ਅਜਾਇਬ ਘਰ ਵਿਚ ਤਸਵੀਰ ਪੰਥ ਪ੍ਰਾਪਤੀਆਂ ਵਾਲੀ ਸਖਸ਼ੀਅਤ ਦੀ ਲਗ ਸਕਦੀ ਹੈ। ਸੁਰਗਵਾਸੀ ਪ੍ਰਧਾਨ ਮੰਤਰੀ ਡਾਕਟਰ ਮਨਮੋਹਣ ਸਿੰਘ ਨੇ ਪ੍ਰਧਾਨ ਮੰਤਰੀ ਵਜੋਂ ਸਿੱਖ ਕਤਲੇਆਮ ਨਵੰਬਰ 84 ਬਾਰੇ ਕੋਈ ਮਤਾ ਪਾਰਲੀਮੈਂਟ ਵਿਚ ਨਹੀਂ ਲਿਆਂਦਾ ਤੇ ਨਾ ਹੀ ਜੂਨ 84 ਘਲੂਘਾਰੇ ਦੀ ਭਾਰਤ ਸਰਕਾਰ ਵਲੋਂ ਮਾਫੀ ਮੰਗੀ। ਨਾ ਉਨ੍ਹਾਂ ਦੇ ਸਮੇਂ ਸਿਖ ਪੰਥ ਤੇ ਪੰਜਾਬ ਨੂੰ ਇਨਸਾਫ ਮਿਲਿਆ। ਨਾ ਉਨ੍ਹਾਂ ਯਤਨ ਕੀਤੇ।ਫਿਰ ਸਿਖ ਅਜਾਇਬ ਘਰ ਵਿਚ ਡਾਕਟਰ ਮਨਮੋਹਨ ਸਿੰਘ ਦੀ ਫੋਟੋ ਕਿਉਂ ਲਗੇ? ਸ਼੍ਰੋਮਣੀ ਅਕਾਲੀ ਦਲ ਹੁਣ ਤਕ ਕਾਂਗਰਸ ਨੂੰ ਸਿੱਖ ਨਸਲਕੁਸ਼ੀ ਤੇ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦਾ ਦੋਸ਼ੀ ਠਹਿਰਾਉਂਦਾ ਰਿਹਾ ,ਅਚਾਨਕ ਕਾਂਗਰਸ ਪ੍ਰਤੀ ਏਨਾ ਹੇਜ ਕਿਉਂ ਪੈਦਾ ਹੋ ਗਿਆ?ਕੀ ਹੁਣ ਅਕਾਲੀ ਦਲ ਕਾਂਗਰਸ ਨਾਲ ਰਾਜਨੀਤਕ ਸਮਝੌਤਾ ਕਰਨਾ ਚਾਹੁੰਦਾ ਹੈ ਤਾਂ ਜੋ ਉਸਦੀ ਰਾਜਨੀਤਕ ਸ਼ਾਖ ਬਚ ਸਕੇ।

ਸ਼੍ਰੋਮਣੀ ਕਮੇਟੀ ਨੂੰ ਬਾਦਲਕਿਆਂ ਦੇ ਚੱਕਰਵਿਊ ਵਿਚੋਂ ਨਿਕਲਕੇ ਪੰਥਕ ਭੂਮਿਕਾ ਨਿਭਾਉਣੀ ਚਾਹੀਦੀ ਹੈ।ਕੀ ਡਾਕਟਰ ਮਨਮੋਹਣ ਸਿੰਘ ਨੇ ਕਦੇ ਇਹ ਬਿਆਨ ਦਿਤਾ ਕਿ ਸਿੱਖ ਕਤਲੇਆਮ ਨਵੰਬਰ 84 ਦੰਗੇ ਨਹੀਂ,ਸਿੱਖ ਨਸਲਕੁਸ਼ੀ ਸੀ ਜਦ ਕਿ ਅਕਾਲ ਤਖਤ ਸਾਹਿਬ ਤੇ ਸਮੁਚਾ ਖਾਲਸਾ ਪੰਥ ਇਸਨੂੰ ਨਸਲਕੁਸ਼ੀ ਮੰਨਦਾ ਹੈ।ਸ਼੍ਰੋਮਣੀ ਕਮੇਟੀ ਸੋਚੇ ਕਿ ਉਹ ਇਹ ਫੋਟੋ ਸਿਖ ਅਜਾਇਬ ਘਰ ਵਿਚ ਲਗਾਕੇ ਗਲਤੀ ਤਾਂ ਨਹੀਂ ਕਰ ਰਹੀ।ਹਾਂ ਭਾਰਤ ਸਰਕਾਰ ਉਸ ਲਈ ਸਮਾਰਕ ਬਣਾ ਲਵੇ ਤੇ ਭਾਰਤ ਰਤਨ ਅਵਾਰਡ ਦੇ ਲਵੇ।ਇਸ ਗਲ ਦਾ ਕਿਸੇ ਨੂੰ ਇਤਰਾਜ਼ ਨਹੀਂ।ਸਿੱਖ ਪੰਥ ਦੀਆਂ ਆਪਣੀਆਂ ਪਰੰਪਰਾਵਾਂ ਹਨ ,ਇਸ ਨੂੰ ਬਹਾਲ ਰੱਖਣਾ ਚਾਹੀਦਾ ਹੈ।

ਧੰਨਵਾਦ ਸਹਿਤ ਅੰਮ੍ਰਿਤਸਰ ਟਾਈਮਜ਼

ਸਫ਼ਾ 8 ਦਾ ਬਾਕੀ

## ਕੈਨੇਡਾ ਵਿੱਚ ਘਰਾਂ ਦੀ...

ਬਣੇ ਸਿਰਫ਼ 1,55,692 ਬੈੱਡ ਹੀ ਉਪਲੱਬਧ ਸਨ, ਜਿਹੜੇ ਕਿ ਘਰੇਲੂ ਵਿਦਿਆਰਥੀਆਂ ਦੀ ਲੋੜ ਤੋਂ ਬਹੁਤ ਘੱਟ ਸਨ।

ਵਿਦਿਆਰਥੀਆਂ ਲਈ ਰਿਹਾਇਸ਼ ਦੀ ਇਹ ਕਮੀ ਇਸ ਕਰਕੇ ਹੈ ਕਿ ਕਿਉਂਕਿ ਪੋਸਟ ਸੈਕੰਡਰੀ ਅਦਾਰਿਆਂ ਕੋਲ ਵਿਦਿਆਰਥੀਆਂ ਲਈ ਰਿਹਾਇਸ਼ ਬਣਾਉਣ ਲਈ ਪੈਸੇ ਨਹੀਂ ਹਨ। 'ਰੀਅਲ ਅਸਟੇਟ ਨਿਊਜ਼ ਐਕਸਚੇਂਜ' ਵਿੱਚ ਛਪੇ ਉਪਰੋਕਤ ਆਰਟੀਕਲ ਅਨੁਸਾਰ ਪਬਲਿਕ ਸੈਕਟਰ ਯੂਨੀਵਰਸਿਟੀਆਂ ਨੂੰ ਸਰਕਾਰਾਂ ਫੰਡ ਦਿੰਦੀਆਂ ਹਨ, ਪਰ ਇਨ੍ਹਾਂ ਫੰਡਾਂ ਵਿੱਚ ਵਿਦਿਆਰਥੀਆਂ ਲਈ ਰਿਹਾਇਸ਼ ਬਣਾਉਣ ਲਈ ਫੰਡ ਨਹੀਂ ਹੁੰਦੇ। 6 ਸਤੰਬਰ 2023 ਨੂੰ 'ਗਲੋਬਲ ਨਿਊਜ਼' ਦੀ ਸਾਈਟ 'ਤੇ ਛਪੇ 'ਇੰਟਰਨੈਸ਼ਨਲ ਸਟੂਡੈਂਟਸ ਪੇਅ ਸਕਾਈ-ਹਾਈ ਫੀਜ਼. ਹੂਜ਼ ਜੌਬ ਇਜ਼ ਇਟ ਟੂ ਹਾਊਸ ਦੈਮ?' ਨਾਂ ਦੇ ਆਰਟੀਕਲ ਵਿੱਚ ਯੂਨੀਵਰਸਿਟੀ ਆਫ ਟੋਰਾਂਟੋ ਦੇ ਵਾਈਸ ਪ੍ਰੈਜ਼ੀਡੈਂਟ ਜੋਸੇਫ ਵੌਂਗ ਦੇ ਬਿਆਨ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਉਸ ਨੇ ਕਿਹਾ ਹੈ ਕਿ ਯੂਨੀਵਰਸਿਟੀਆਂ ਨੂੰ ਵਿਦਿਆਰਥੀਆਂ ਦੀ ਰਿਹਾਇਸ਼ ਲਈ ਸਰਕਾਰਾਂ ਤੋਂ ਪੈਸੇ ਨਹੀਂ ਮਿਲਦੇ ਅਤੇ ਨਾ ਹੀ ਉਹ ਟਿਊਸ਼ਨ ਫੀਸਾਂ ਦੇ ਪੈਸੇ ਇਸ ਮਕਸਦ ਲਈ ਵਰਤ ਸਕਦੀਆਂ ਹਨ। ਇਸ ਤਰ੍ਹਾਂ ਹੀ 22 ਨਵੰਬਰ 2023 ਨੂੰ 'ਕੌਲਜਿਜ਼ ਐਂਡ ਇੰਸਟੀਚਿਊਟਸ ਕੈਨੇਡਾ' ਦੀ ਸਾਈਟ 'ਤੇ ਛਪੀ 'ਕੌਲਜਿਜ਼ ਐਂਡ ਇੰਸਟੀਚਿਊਟਸ ਕੈਨੇਡਾ ਕਾਲ ਔਨ ਦਿ ਗਵਰਨਮੈਂਟਸ ਸੁਪੋਰਟ ਇਨ ਐਡਰੈਸਿੰਗ ਦਿ ਸਟੂਡੈਂਟਸ ਹਾਊਸਿੰਗ ਕਰਾਸਿਸ ਔਨ ਨੈਸ਼ਨਲ ਹਾਊਸਿੰਗ ਡੇਅ' ਨਾਂ ਦੀ ਪ੍ਰੈੱਸ ਰਿਲੀਜ਼ ਵਿੱਚ ਕੈਨੇਡਾ ਵਿੱਚ ਵਿਦਿਆਰਥੀਆਂ ਲਈ ਰਿਹਾਇਸ਼ ਦੀ ਕਮੀ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਸਰਕਾਰਾਂ ਨੂੰ ਵਿਦਿਆਰਥੀਆਂ ਦੀ ਰਿਹਾਇਸ਼ ਦੇ ਮਸਲੇ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਪ੍ਰੈੱਸ ਰਿਲੀਜ਼ ਵਿੱਚ ਸਿਫਾਰਿਸ਼ ਕੀਤੀ ਗਈ ਹੈ ਕਿ ਸਰਕਾਰ ਨੂੰ ਵਿਦਿਆਰਥੀਆਂ ਦੀ ਰਿਹਾਇਸ਼ ਨਾਲ ਨਿਪਟਣ ਲਈ ਪੋਸਟ ਸੈਕੰਡਰੀ ਅਦਾਰਿਆਂ ਲਈ 2.6 ਬਿਲੀਅਨ ਡਾਲਰ ਦਾ ਸਟੂਡੈਂਟ ਹਾਊਸਿੰਗ ਲੋਨ ਐਂਡ ਗਰਾਂਟ ਪ੍ਰੋਗਰਾਮ ਲਾਗੂ ਕਰਨਾ ਚਾਹੀਦਾ ਹੈ।

ਇਨ੍ਹਾਂ ਸਾਰੀਆਂ ਰਿਪੋਰਟਾਂ/ਆਰਟੀਕਲਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕੈਂਪਸਾਂ ਵਿੱਚ ਵਿਦਿਆਰਥੀਆਂ ਲਈ ਰਿਹਾਇਸ਼ ਦੀ ਥੁੜ ਇਸ ਕਰਕੇ ਹੈ ਕਿਉਂਕਿ ਸਰਕਾਰਾਂ ਇਨ੍ਹਾਂ ਅਦਾਰਿਆਂ ਨੂੰ ਇਹ ਰਿਹਾਇਸ਼ ਬਣਾਉਣ ਲਈ ਫੰਡ ਨਹੀਂ ਦਿੰਦੀਆਂ। ਇੱਥੇ ਮੈਂ ਪਹਿਲਾਂ ਕਹੀ ਗਈ ਗੱਲ ਨੂੰ ਇੱਕ ਵਾਰ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਕਿ ਪੋਸਟ ਸੈਕੰਡਰੀ ਅਦਾਰਿਆਂ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਦੀ ਇਸ ਘਾਟ ਕਾਰਨ ਵਿਦਿਆਰਥੀ ਯੂਨੀਵਰਸਿਟੀਆਂ/ ਕਾਲਜਾਂ ਦੇ ਕੈਂਪਸਾਂ ਤੋਂ ਬਾਹਰ ਘਰ ਕਿਰਾਏ 'ਤੇ ਲੈਣ ਲਈ ਮਜਬੂਰ ਹੁੰਦੇ ਹਨ। ਉਨ੍ਹਾਂ ਨੂੰ ਇਹ ਘਰ ਮਹਿੰਗੀਆਂ ਦਰਾਂ 'ਤੇ ਮਿਲਦੇ ਹਨ, ਜਿਸ ਨਾਲ ਉਨ੍ਹਾਂ 'ਤੇ ਕਰਜ਼ੇ ਦਾ ਬੋਝ ਵਧਦਾ ਹੈ। ਇਸ ਦੇ ਨਾਲ ਨਾਲ ਵਿਦਿਆਰਥੀਆਂ ਵੱਲੋਂ ਕੈਂਪਸ ਤੋਂ ਬਾਹਰ ਕਿਰਾਏ ਦੇ ਘਰ ਲੱਭਣ ਕਾਰਨ ਕਿਰਾਏ ਦੇ ਘਰਾਂ ਦੀ ਆਮ ਮਾਰਕੀਟ ਵਿੱਚ ਮੰਗ ਵਧਦੀ ਹੈ ਅਤੇ ਕਿਰਾਇਆਂ ਦੀ ਮਹਿੰਗਾਈ ਦਾ ਕਾਰਨ ਬਣਦੀ ਹੈ।

ਕੈਨੇਡਾ ਵਿੱਚ ਵਾਰਾ-ਖਾਣ ਯੋਗ ਘਰਾਂ ਦੀ ਕਿੱਲਤ ਦਾ ਅਗਲਾ ਅਤੇ ਸ਼ਾਇਦ ਮੁੱਖ ਕਾਰਨ ਹੈ ਘਰਾਂ ਦੀ ਮਾਲਕੀ ਦੇ ਚਰਿੱਤਰ ਵਿੱਚ ਤਬਦੀਲੀ ਹੋਣਾ। ਦੋ ਕੁ ਦਹਾਕੇ ਪਹਿਲਾਂ ਤੱਕ ਘਰ ਦਾ ਮਤਲਬ ਹੁੰਦਾ ਸੀ, ਪਰਿਵਾਰ ਲਈ ਰਹਿਣ ਵਾਲੀ ਥਾਂ, ਪਰ ਹੁਣ ਬਹੁਤ ਸਾਰੇ ਲੋਕਾਂ ਲਈ ਘਰ ਇੱਕ ਇਨਵੈਸਟਮੈਂਟ ਦਾ ਸਾਧਨ ਬਣ ਗਿਆ ਹੈ। ਇਸ ਤਬਦੀਲੀ ਨੂੰ ਇਸ ਖੇਤਰ ਦੇ ਮਾਹਰਾਂ ਨੇ ਫਾਈਨੈਂਸ਼ਿਲਾਈਜੇਸ਼ਨ ਆਫ ਹਾਊਸਿੰਗ (ਘਰਾਂ ਦਾ ਪੂੰਜੀਕਰਨ) ਦਾ ਨਾਂ ਦਿੱਤਾ ਹੈ। ਵੈਨਕੂਵਰ ਸਥਿਤ 'ਟਾਈ' ਮੈਗਜ਼ੀਨ ਦੀ ਵੈੱਬਸਾਈਟ 'ਤੇ 1 ਨਵੰਬਰ 2024 ਨੂੰ 'ਕੈਨੇਡਾ ਹਾਊਸਿੰਗ ਕਰਾਈਸਿਸ ਇਜ਼ ਏ ਫੀਚਰ, ਨੌਟ ਏ ਬੱਗ' ਨਾਂ ਦਾ ਆਰਟੀਕਲ ਛਪਿਆ ਹੈ। ਇਹ ਆਰਟੀਕਲ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਅਰਬਨ ਸਟੱਡੀਜ਼ ਐਂਡ ਪਬਲਿਕ ਪਾਲਸੀ ਦੇ ਅਸਿਸਟੈਂਟ ਪ੍ਰੋਫੈਸਰ ਯੂਸ਼ੂ ਜ਼ੂ ਅਤੇ ਰਿਸਰਚ ਅਸਿਸਟੈਂਟ ਹਨਾਨ ਅਲੀ ਨੇ ਲਿਖਿਆ ਹੈ। ਉਨ੍ਹਾਂ ਅਨੁਸਾਰ ਹਾਊਸਿੰਗ ਫਾਈਨੈਂਸ਼ਿਲਾਈਜੇਸ਼ਨ 1999 ਤੋਂ ਤੇਜ਼ ਹੋ ਗਈ ਜਦੋਂ ਕੈਨੇਡਾ ਮਾਰਗੇਜ਼ ਐਂਡ ਹਾਊਸਿੰਗ ਕਾਰਪੋਰੇਸ਼ਨ ਨੇ ਘਰ ਬਣਾਉਣ ਦੀ ਥਾਂ ਮੌਰਗੇਜ਼ ਦੀ ਇੰਸ਼ੋਰੈਂਸ ਕਰਨੀ ਸ਼ੁਰੂ ਕੀਤੀ। ਇਸ ਨਾਲ ਮੌਰਗੇਜ਼ ਲੈਣੀ ਸੌਖੀ ਹੋ ਗਈ ਅਤੇ ਘਰਾਂ ਦੀ ਮੰਗ ਵਿੱਚ ਵਾਧਾ ਹੋ ਗਿਆ ਅਤੇ ਘਰ ਸੰਪਤੀ ਬਣਾਉਣ ਅਤੇ ਦੌਲਤ ਕਮਾਉਣ ਦਾ ਸਾਧਨ ਬਣ ਗਏ। ਉਨ੍ਹਾਂ ਅਨੁਸਾਰ ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ, ਓਂਟਾਰੀਓ, ਨਿਊ ਬਰਨਜ਼ਵਿਕ ਅਤੇ ਨੋਵਾ ਸਕੋਸ਼ੀਆ ਵਿੱਚ 20 ਪ੍ਰਤੀਸ਼ਤ ਰਿਹਾਇਸ਼ੀ ਮਕਾਨ ਮੁੱਖ ਰਿਹਾਇਸ਼ ਦੀ ਥਾਂ ਇਨਵੈਸਮੈਂਟ ਲਈ ਵਰਤੇ ਜਾਂਦੇ ਹਨ।

ਬ੍ਰੀਚ ਮੀਡੀਆ ਦੀ ਸਾਈਟ 'ਤੇ 2 ਫਰਵਰੀ 2023 ਨੂੰ 'ਦਿ ਗਲੋਬਲ ਮਨੀ ਪੂਲ ਦੈਟ ਸੋਕਡ ਕੈਨੇਡਾਜ਼ ਹੋਪ ਆਫ ਅਫੋਰਡੇਬਲ ਹਾਊਸਿੰਗ' ਨਾਂ ਦੇ ਛਪੇ ਇੱਕ ਆਰਟੀਕਲ ਵਿੱਚ ਸਟੈਟਿਸਟਿਕਸ ਕੈਨੇਡਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਹਾਊਸਿੰਗ ਸਟਾਕ (ਘਰਾਂ ਦੀ ਗਿਣਤੀ) ਦਾ 30 ਫੀਸਦੀ ਹਿੱਸਾ ਇੱਕ ਤੋਂ ਵੱਧ ਪ੍ਰਾਪਰਟੀਆਂ ਦੇ ਮਾਲਕਾਂ ਦੀ ਮਾਲਕੀ ਹੇਠ ਹੈ। ਪਿਛਲੇ ਕੁਝ ਸਮੇਂ ਦੌਰਾਨ ਛਪੇ ਕਈ ਹੋਰ ਆਰਟੀਕਲਾਂ ਅਨੁਸਾਰ ਇੱਕ ਤੋਂ ਵੱਧ ਪ੍ਰਾਪਰਟੀ ਦੇ ਮਾਲਕਾਂ ਵਿੱਚ ਸ਼ਾਮਲ ਹਨ: ਰੀਅਲ ਅਸਟੇਟ ਇਨਵੈਸਟਮੈਂਟ ਟਰੱਸਟ, ਰੀਅਲ ਅਸਟੇਟ ਓਪਰੇਟਿੰਗ ਕੰਪਨੀਜ਼, ਐਸਟ ਮੈਨੇਜਰ, ਵੱਡੇ ਪੈਨਸ਼ਨ ਫੰਡ, ਹੈੱਜ ਫੰਡਜ਼ ਅਤੇ ਪ੍ਰਾਈਵੇਟ ਇਕੁਇਟੀ ਫਰਮਾਂ ਆਦਿ। ਘਰਾਂ ਦੀ ਮਾਰਕੀਟ ਵਿਚਲੇ ਇਨ੍ਹਾਂ ਵੱਡੇ ਨਿਵੇਸ਼ਕਾਂ ਨੇ ਪਿਛਲੇ ਕੁਝ ਸਾਲਾਂ ਦੌਰਾਨ ਸੈਂਕੜੇ ਅਰਬਾਂ (ਬਿਲੀਅਨ ਡਾਲਰ) ਕਮਾਏ ਹਨ। ਇਨ੍ਹਾਂ ਵੱਡੇ ਨਿਵੇਸ਼ਕਾਂ ਤੋਂ ਬਿਨਾਂ ਘਰਾਂ ਦੀ ਮਾਰਕੀਟ ਵਿੱਚ ਬਹੁਤ ਸਾਰੇ ਛੋਟੇ ਨਿਵੇਸ਼ਕ ਵੀ ਹਨ। ਹੋ ਸਕਦਾ ਹੈ ਕਿ ਇਹ ਲੇਖ ਪੜ੍ਹਨ ਵਾਲੇ ਪਾਠਕਾਂ ਵਿੱਚੋਂ ਕੁਝ ਇੱਕ ਨੇ ਆਪ ਇਨਵੈਸਟਮੈਂਟ ਪ੍ਰਾਪਰਟੀ ਦੇ ਤੌਰ 'ਤੇ ਘਰ ਖਰੀਦੇ ਹੋਣ ਜਾਂ ਉਹ ਉਨ੍ਹਾਂ ਲੋਕਾਂ ਨੂੰ ਜਾਣਦੇ ਹੋਣ ਜਿਨ੍ਹਾਂ ਨੇ ਇਨਵੈਸਟਮੈਂਟ ਲਈ ਘਰ ਖਰੀਦੇ ਹੋਣ।

ਜੇ ਕੈਨੇਡਾ ਦੇ ਸਿਆਸਤਦਾਨਾਂ ਦੀ ਗੱਲ ਕਰਨੀ ਹੋਵੇ ਤਾਂ 'ਗਲੋਬਲ ਨਿਊਜ਼' ਦੀ ਸਾਈਟ 'ਤੇ 19 ਅਪਰੈਲ 2022 ਨੂੰ 'ਐਟ ਲੀਸਟ 20% ਆਫ ਕੈਨੇਡੀਅਨ ਐੱਮਪੀਜ਼ ਹੋਲਡ ਰੈਂਟਲ, ਇਨਵੈਸਟਮੈਂਟ ਰੀਅਲ ਇਸਟੇਟ ਅਮਿਡ ਹਾਊਸਿੰਗ ਕਰੰਚ' ਨਾਂ ਦੀ ਛਪੀ ਇੱਕ ਰਿਪੋਰਟ ਅਨੁਸਾਰ ਕੈਨੇਡਾ ਦੇ ਐੱਮਪੀਜ਼ ਵਿੱਚੋਂ ਘੱਟੋ ਘੱਟ 20 ਫੀਸਦੀ ਕਿਰਾਏ 'ਤੇ ਦੇਣ ਵਾਲੀਆਂ ਅਤੇ ਇਨਵੈਸਟਮੈਂਟ ਪ੍ਰਾਪਰਟੀਆਂ ਦੇ ਮਾਲਕ ਹਨ। ਇਸ ਰਿਪੋਰਟ ਵਿੱਚ ਸੰਭਾਵਨਾ ਪ੍ਰਗਟਾਈ ਗਈ ਹੈ ਕਿ ਇਹ ਪ੍ਰਤੀਸ਼ਤ ਇਸ ਤੋਂ ਵੱਧ ਵੀ ਹੋ ਸਕਦੀ ਹੈ। ਫਾਈਨੈਂਸ਼ਿਲਾਈਜੇਸ਼ਨ ਆਫ ਹਾਊਸਿੰਗ (ਘਰਾਂ ਦਾ ਪੂੰਜੀਕਰਨ) ਦਾ ਇਹ ਰੁਝਾਨ ਵਾਰਾ-ਖਾਣ ਯੋਗ ਘਰਾਂ ਦੀ ਕਿੱਲਤ ਵਧਾਉਣ ਵਿੱਚ ਵੱਡਾ ਯੋਗਦਾਨ ਪਾਉਂਦਾ ਹੈ। ਬ੍ਰੀਚ ਮੀਡੀਆ ਦੀ ਸਾਈਟ 'ਤੇ 23 ਅਕਤੂਬਰ 2024 ਨੂੰ 'ਇਨਵੈਸਟਰਜ਼, ਨੌਟ ਇਮੀਗ੍ਰੈਂਟਸ, ਆਰ ਫਿਊਲਿੰਗ ਦਿ ਹਾਊਸਿੰਗ ਕਰਾਈਸਿਸ' ਨਾਂ ਦੇ ਛਪੇ ਆਰਟੀਕਲ ਅਨੁਸਾਰ ਘਰਾਂ ਨੂੰ ਇਨਵੈਸਟਮੈਂਟ ਦਾ ਜ਼ਰੀਆ ਸਮਝ ਕੇ ਉਨ੍ਹਾਂ 'ਤੇ ਪੈਸਾ ਲਾਉਣ ਦਾ ਇਹ ਰੁਝਾਨ ਘਰਾਂ ਦੇ ਕਿਰਾਇਆਂ ਅਤੇ ਕੀਮਤਾਂ ਵਿੱਚ ਵਾਧਾ ਕਰਕੇ ਘਰਾਂ ਦੀ ਮਾਰਕੀਟ ਨੂੰ ਪ੍ਰਭਾਵਿਤ ਕਰਦਾ ਹੈ। ਵਾਟਰਲੂ ਯੂਨੀਵਰਸਿਟੀ ਵਿੱਚ ਪੀਐੱਚ.ਡੀ. ਦੀ ਕੈਂਡੀਡੇਟ ਅਤੇ ਉੱਥੋਂ ਦੇ ਸਕੂਲ ਆਫ ਪਲੈਨਿੰਗ ਦੀ ਸਕਾਲਰ ਕਲੋ ਸੇਂਟ-ਹਿਲਰੀ ਦੀ ਕਹਿਣਾ ਹੈ ਕਿ ਘਰਾਂ ਨੂੰ ਇਨਵੈਸਟਮੈਂਟ ਦੇ ਸਾਧਨ ਵਜੋਂ ਵਰਤਣ ਵਾਲੇ ਪ੍ਰਾਈਵੇਟ ਅਦਾਰਿਆਂ ਦਾ ਮਕਸਦ ਇਨਵੈਸਟਰਾਂ ਲਈ ਮੁਨਾਫਾ ਕਮਾਉਣਾ ਹੁੰਦਾ ਹੈ। ਇਸ ਲਈ ਫਾਈਨੈਂਸ਼ੀਅਲ ਲੈਂਡਲਾਰਡ ਘਰਾਂ ਦੇ ਜ਼ਿਆਦਾ ਕਿਰਾਏ ਲੈਂਦੇ ਹਨ ਅਤੇ ਸੇਵਾਵਾਂ ਅਤੇ ਸਹੂਲਤਾਂ ਦੇਣ ਵਿੱਚ ਕਟੌਤੀ ਕਰਦੇ ਹਨ ਤਾਂ ਕਿ ਇਨਵੈਸਟਰਾਂ ਲਈ ਜ਼ਿਆਦਾ ਮੁਨਾਫਾ ਕਮਾਇਆ ਜਾ ਸਕੇ।

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਕੈਨੇਡਾ ਵਿੱਚ ਵਾਰਾ-ਖਾਣ ਯੋਗ ਘਰਾਂ ਦੀ ਕਿੱਲਤ ਦੇ ਮੁੱਖ ਕਾਰਨਾਂ ਵਿੱਚ ਸ਼ਾਮਲ ਹਨ: ਪਿਛਲੇ ਤਿੰਨ ਦਹਾਕਿਆਂ ਦੌਰਾਨ ਕੈਨੇਡਾ ਦੀਆਂ ਸਰਕਾਰਾਂ ਵੱਲੋਂ ਸੋਸ਼ਲ ਹਾਊਸਿੰਗ ਦੇ ਸੈਕਟਰ ਵਿੱਚੋਂ ਲਾਂਭੇ ਹੋ ਜਾਣਾ, ਕੈਨੇਡਾ ਦੇ ਪੋਸਟ ਸੈਕੰਡਰੀ ਅਦਾਰਿਆਂ ਵੱਲੋਂ ਫੰਡਿੰਗ ਦੀ ਘਾਟ ਕਾਰਨ ਵਿਦਿਆਰਥੀਆਂ ਲਈ ਰਿਹਾਇਸ਼ ਦੀ ਉਸਾਰੀ ਕਰਨ ਵਿੱਚ ਪਿੱਛੇ ਰਹਿ ਜਾਣਾ ਅਤੇ ਘਰਾਂ ਦੀ ਮਾਰਕੀਟ ਵਿੱਚ ਕਾਰਪੋਰੇਸ਼ਨਾਂ ਅਤੇ ਵਿਅਕਤੀਗਤ ਪੱਧਰ ਦੇ ਛੋਟੇ ਇਨਵੈਸਟਰਾਂ ਦਾ ਵੱਡੀ ਪੱਧਰ 'ਤੇ ਸਰਗਰਮ ਹੋਣਾ। ਇਸ ਲਈ ਕੈਨੇਡਾ ਦੇ ਸਿਆਸਤਦਾਨਾਂ ਵੱਲੋਂ ਇਸ ਸੰਕਟ ਲਈ ਇਮੀਗ੍ਰੈਂਟਾਂ ਨੂੰ ਦੋਸ਼ ਦੇਣਾ ਸਹੀ ਨਹੀਂ। ਉਨ੍ਹਾਂ ਵੱਲੋਂ ਅਜਿਹਾ ਕਰਨ ਦਾ ਮਕਸਦ ਇਸ ਸਮੱਸਿਆ ਦੇ ਅਸਲੀ ਕਾਰਨਾਂ ਤੋਂ ਲੋਕਾਂ ਦਾ ਧਿਆਨ ਭਟਕਾਉਣਾ ਹੈ।

ਈਮੇਲ:sukhwant.hundal123@gmail.com

# ਭਾਈ ਮੇਵਾ ਸਿੰਘ ਇੱਕ ਕੌਮੀ ਸ਼ਹੀਦ ਹੈ



**108ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ**
**(11 ਜਨਵਰੀ 1915)**

11 ਜਨਵਰੀ, 1915 ਦਾ ਦਿਨ ਕੈਨੇਡਾ ਦੇ ਇਤਿਹਾਸ ਵਿੱਚ ਭਾਰਤੀਆਂ ਲਈ ਉਹ ਕਾਲਾ ਦਿਨ ਹੈ ਜਿਸ ਦਿਨ ਹੱਕ, ਸੱਚ ਤੇ ਇਨਸਾਫ਼ ਦੀ ਲੜਾਈ ਲੜਨ ਵਾਲੇ ਜੁਝਾਰੂ ਦੇਸ਼ ਭਗਤ ਭਾਈ ਮੇਵਾ ਸਿੰਘ ਦੇ ਨਸਲਵਾਦੀ ਕਨੇਡੀਅਨ ਸਰਕਾਰ ਨੇ ਫਾਂਸੀ ਦਾ ਰੱਸਾ ਗਲ਼ ਵਿੱਚ ਪਾਇਆ ਸੀ। ਉਹ ਮੇਵਾ ਸਿੰਘ ਜੋ 1906 ਵਿੱਚ ਰੋਟੀ ਰੋਜ਼ੀ ਕਮਾਉਣ ਲਈ ਕੈਨੇਡਾ ਆਇਆ ਸੀ ਤੇ ਫਰੇਜ਼ਰ ਮਿੱਲ ਵਿੱਚ ਆ ਕੇ ਕੰਮ ਕਰਨ ਲੱਗ ਗਿਆ ਸੀ। ਉਹ ਬਹੁਤ ਹੀ ਮਿਹਨਤੀ ਤੇ ਸਾਊ ਸੁਭਾਅ ਦਾ ਇਨਸਾਨ ਸੀ। ਉਸ ਸਮੇਂ ਭਾਰਤੀਆਂ ਨੂੰ ਬਸਤੀਵਾਦੀ ਸਾਮਰਾਜ ਦੀ ਹੱਕੀ ਰਿਆਇਆ ਹੋਣ ਦੇ ਬਾਵਜੂਦ ਹਰ ਥਾਂ ਤੇ ਚਮੜੀ ਦੇ ਰੰਗ ਕਰਕੇ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ।ਇੱਥੋਂ ਤੱਕ ਕਿ ਲੋਕਾਂ ਦੀ ਅਵਾਜ਼ ਨੂੰ ਬੰਦ ਕਰਨ ਲਈ ਕਤਲੋਗਾਰਤ ਵੀ ਸ਼ੁਰੂ ਹੋ ਚੁੱਕੀ ਸੀ ਜਿਸਦਾ ਸਿੱਟਾ ਗੁਰਦਵਾਰੇ ਵਰਗੇ ਪਵਿੱਤਰ ਸਥਾਨ ਤੇ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਨੂੰ ਸੈਂਕੜੇ ਲੋਕਾਂ ਦੇ ਸਾਹਮਣੇ ਦਿਨ ਦੁਪਹਿਰੇ ਹਾਪਕਿਨਸਨ ਦੀ ਸੱਜੀ ਬਾਂਹ ਬੇਲਾ ਸਿੰਘ ਗ਼ਦਾਰ ਨੇ ਕਤਲ ਕਰ ਦਿੱਤਾ ਸੀ ਤੇ ਕਾਤਲ ਬਾਘੀਆਂ ਪਾਉਂਦੇ ਫਿਰ ਰਹੇ ਸਨ ਕਿਉਂਕਿ ਉਹਨਾਂ ਦਾ ਕਤਲ ਦੇ ਕੇਸ ਵਿੱਚੋਂ ਬਰੀ ਹੋਣਾ ਨਿਸ਼ਚਤ ਸੀ। ਉਹ ਤਾਂ ਸਿਰਫ ਹਾਪਕਿਨਸਨ, ਮੈਲਕਮ ਰੀਡ ਤੇ ਸਟੀਵਨਜ਼ ਦੇ ਹੱਥ ਠੋਕੇ ਸਨ। ਇਸਤੋਂ ਪਹਿਲਾਂ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਅਣਮਨੁੱਖੀ ਵਰਤਾਓ ਕਰਕੇ ਉਸ ਸਮੇਂ ਦੀ ਸਰਕਾਰ ਚੰਮ ਦੀਆਂ ਚਲਾ ਰਹੀ ਸੀ। ਕੋਈ ਵੀ ਦੂਰ ਅੰਦੇਸ਼ ਦੇਸ਼ ਭਗਤ ਅੱਖਾਂ ਮੀਚ ਕੇ ਹਰ ਰੋਜ਼ ਹੋ ਰਹੀ ਦੁਰਦਸ਼ਾ ਨਹੀਂ ਸੀ ਦੇਖ ਸਕਦਾ। ਉਸਦੇ ਕਹਿਣ ਮੁਤਾਬਕ ਉਸਦੀ ਜਾਗਦੀ ਜ਼ਮੀਰ ਉਸਨੂੰ ਅਰਾਮ ਨਾਲ ਸੌਣ ਨਹੀਂ ਸੀ ਦਿੰਦੀ। ਦਿਨ ਵੇਲੇ ਲੋਕਾਂ ਦੇ ਗ਼ਦਾਰ ਉਸਨੂੰ ਸੁੱਖ ਦਾ ਸਾਹ ਨਾ ਲੈਣ ਦਿੰਦੇ, ਝੂਠੀਆਂ ਗਵਾਹੀਆਂ ਦੇਣ ਲਈ ਉਕਸਾਉਂਦੇ, ਡਰਾਉਂਦੇ ਤੇ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦਿੰਦੇ ਤੇ ਰਾਤ ਨੂੰ ਉਸਦੀ ਦੇਸ਼ ਭਗਤੀ ਤੇ ਮਨੁੱਖੀ ਪ੍ਰੇਮ ਉਸਨੂੰ ਹੱਕ, ਸੱਚ, ਬਰਾਬਰਤਾ ਤੇ ਇਨਸਾਫ਼ ਲਈ ਪ੍ਰੇਰਦਾ। ਉਸਨੇ ਆਪਣੇ ਦੇਸ਼, ਕੌਮ ਦੀ ਅਣਖ, ਇੱਜ਼ਤ ਵਾਸਤੇ ਕੁੱਝ ਕਰਕੇ ਫਾਂਸੀ ਦੇ ਰੱਸੇ ਨੂੰ ਚੁੰਮਣ ਦਾ ਇਰਾਦਾ ਕੀਤਾ। ਜਿਸਦਾ ਸਿੱਟਾ ਇਹ ਹੋਇਆ ਕਿ ਉਸਨੇ ਬੇਇਨਸਾਫ਼ੀ ਦੀ ਬੁੱਕਲ ਵਿੱਚ ਪਲ਼ ਰਹੇ ਡੁੰਮਣੇ ਹਾਪਕਿਨਸਨ ਨੂੰ ਕੋਰਟ ਵਿੱਚ ਭਾਈ ਭਾਗ ਸਿੰਘ ਹੋਰਾਂ ਦੀ ਪੇਸ਼ੀ ਤੇ ਆਏ ਨੂੰ ਗੋਲੀਆਂ ਮਾਰ ਕੇ ਮਾਰ ਮੁਕਾਇਆ ਸੀ ਤੇ ਨਿਧੜਕ ਹੋ ਕੇ ਐਲਾਨ ਕੀਤਾ ਸੀ ਕਿ ਮੈਂ ਬੇਇਨਸਾਫ਼ੀ ਦੀ ਜੜ੍ਹ ਨੂੰ ਪੁੱਟਣ ਦਾ ਤਹੱਈਆ ਕੀਤਾ ਹੈ।ਥੋੜ੍ਹੇ ਸ਼ਬਦਾਂ ਵਿੱਚ ਇਹ ਸੀ ਕਹਾਣੀ ਮੇਵਾ ਸਿੰਘ ਦੀ ਜਿਹੜੀ ਆਮ ਸੁਣਨ ਨੂੰ ਮਿਲਦੀ ਹੈ ਪਰ ਇਹ ਕਹਾਣੀ 1906 ਤੋਂ ਲੈ ਕੇ 1915 ਜਾਣਿਕਿ 8-9 ਸਾਲ ਦੇ ਲੰਮੇ ਅਰਸੇ ਦੌਰਾਨ ਇੱਕ ਇੱਕ ਦਿਨ, ਮਹੀਨੇ ਤੇ ਸਾਲਾਂ ਵਿੱਚ ਵਾਪਰੀ ਹੈ ਜਿਸ ਵਿੱਚ ਉਹਨਾਂ ਦਾ ਜੀਣਾ ਦੁੱਭਰ ਹੋਇਆ ਪਿਆ ਸੀ।

ਅੱਜ ਸੌ ਸਾਲ ਬਾਅਦ ਸ਼ਹੀਦ ਮੇਵਾ ਸਿੰਘ ਦੀ ਸ਼ਹੀਦੀ ਮੌਕੇ ਇਹ ਸਵਾਲ ਸਾਡੇ ਸਾਹਮਣੇ ਪੈਦਾ ਹੋ ਰਿਹਾ ਹੈ ਕਿ ਭਾਈ ਮੇਵਾ ਸਿੰਘ ਇੱਕ ਕੌਮੀ ਸ਼ਹੀਦ ਹੈ ਜਾਂ ਕਾਤਲ। ਕਿਉਂਕਿ ਕੈਨੇਡੀਅਨ ਇਤਿਹਾਸ ਵਿੱਚ ਅਜੇ ਤੱਕ ਉਸਨੂੰ ਕਾਤਲ ਕਿਹਾ ਜਾਂਦਾ ਹੈ। ਇਹ ਕਹਿਣਾ ਸੌ ਸਾਲ ਬਾਅਦ ਕਿੰਨਾ ਕੁ ਯੋਗ ਹੈ ? ਜੇ ਉਸਨੂੰ ਅਸੀਂ ਆਪਣਾ ਸ਼ਹੀਦ ਸਮਝਦੇ ਹਾਂ ਤਾਂ ਇਸ ਗੱਲ ਦੇ ਸਹੀ ਸਬੂਤ ਪੈਦਾ ਕਰਨ ਲਈ ਅਸੀਂ ਕਿਸ ਕਿਸਮ ਦੇ ਉਪਰਾਲੇ ਕਰਦੇ ਹਾਂ ਤੇ ਆਪਣੀ ਅਵਾਜ਼ ਸਰਕਾਰ ਤੱਕ ਪਹੁੰਚਾ ਸਕਦੇ ਹਾਂ। ਇਸ ਬਾਰੇ ਕਮਿਊਨਿਟੀ ਵਿੱਚ ਫਿਰ ਤੋਂ ਸਿਰ ਜੋੜਨ ਦੀ ਲੋੜ ਹੈ।ਇਸ ਸਵਾਲ ਦੇ ਮੱਦੇ ਨਜ਼ਰ ਇਸ ਲੇਖ ਵਿੱਚ ਅਸੀਂ ਫਿਰ ਮੁੜ ਕੇ ਉਹਨਾਂ ਹਲਾਤਾਂ ਦੀ ਗਹਿਰਾਈ ਤੱਕ ਜਾ ਕੇ ਇਸ ਦਾ ਅਰਥ ਲੱਭਣ ਦੀ ਕੋਸ਼ਿਸ਼ ਕਰਦੇ ਹਾਂ।

ਕਹਾਣੀ ਸ਼ੁਰੂ ਉਦੋਂ ਹੁੰਦੀ ਹੈ ਜਦੋਂ ਇੱਕ ਭਾਰਤੀ ਅਰਜਨ ਸਿੰਘ ਮਲਕ ਦੀ ਮੌਤ ਹੋ ਜਾਂਦੀ ਹੈ ਤਾਂ ਭਾਰਤੀਆਂ ਨੂੰ ਉਸਦੇ ਸਸਕਾਰ ਕਰਨ ਲਈ ਛੇ ਫੁੱਟ ਲੰਬੀ ਤੇ ਚਾਰ ਫੁੱਟ ਚੌੜੀ ਜਗ੍ਹਾ ਸ਼ਹਿਰ ਵਿੱਚ ਨਹੀਂ ਦਿੱਤੀ ਜਾਂਦੀ। ਇਸਾਈ ਮਿਸ਼ਨਰੀ ਮੁਰਦੇ ਨੂੰ ਦਬਾਉਣ ਤੇ ਜ਼ੋਰ ਪਾਉਂਦੇ ਸਨ ਪਰ ਇਹ ਵੀ ਨਹੀਂ ਸੀ ਚਾਹੁੰਦੇ ਕਿ ਗੋਰਿਆਂ ਦੇ ਨਾਲ ਭਾਰਤੀਆਂ ਨੂੰ ਇੱਕਠੇ ਦਬਾਇਆ ਜਾਵੇ ਇਸ ਨਾਲ ਆਪਣੀ ਬੇਇੱਜ਼ਤੀ ਸਮਝਦੇ ਸਨ। ਜਿਸ ਕਰਕੇ ਭਾਈ ਅਰਜਨ ਸਿੰਘ ਦੇ ਸਰੀਰ ਦਾ ਸਸਕਾਰ ਬਹੁਤ ਹੀ ਮੁਸ਼ਕਲ ਨਾਲ ਅੱਧੀ ਰਾਤ ਨੂੰ ਜੰਗਲਾਂ ਵਿੱਚ ਜਾ ਕੇ ਬਰਫਾਂ ਦੇ ਥੱਲੇ ਦੱਬੀਆਂ ਲੱਕੜਾਂ ਨੂੰ ਅੱਗ ਲਾ ਕੇ ਕੀਤਾ ਗਿਆ। ਇਸ ਤਰ੍ਹਾਂ ਜਦੋਂ ਵੀ ਕੋਈ ਭਾਰਤੀ ਮਰਦਾ ਤਾਂ ਸਸਕਾਰ ਦੀ ਮੁਸ਼ਕਲ ਆ ਖੜ੍ਹੀ ਹੁੰਦੀ। ਸ਼ਮਸ਼ਾਨਘਾਟ ਦੀ ਮਨਜ਼ੂਰੀ ਸਭ ਤੋਂ ਪਹਿਲੀ ਮੁਸ਼ਕਲ ਦਾ ਹੱਲ ਸੀ ਜਿਸਨੂੰ ਛੇਤੀ ਜ਼ਮੀਨ ਲੈ ਕੇ ਪੂਰਾ ਕੀਤਾ ਗਿਆ ਸੀ।

ਵੀਂਹਵੀ ਸਦੀ ਦੇ ਸ਼ੁਰੂ ਵਿੱਚ ਜਦੋਂ ਏਸ਼ੀਆਈ ਲੋਕ ਇੱਥੇ ਪਹੁੰਚੇ ਤਾਂ ਉਹਨਾਂ ਦੀ ਸਖ਼ਤ ਮਿਹਨਤ ਕਰਕੇ ਅਬਾਦਕਾਰ ਜਾਂ ਮਿੱਲ ਮਾਲਕ ਉਹਨਾਂ ਦੇ ਕੰਮ ਤੋਂ ਖ਼ੁਸ਼ ਹੋ ਕੇ ਉਹਨਾਂ ਨੂੰ ਕੰਮ ਤੇ ਰੱਖਣਾ ਪਸੰਦ ਕਰਦੇ ਸਨ ਪਰ ਸਰਮਾਏਦਾਰ ਅਮਰੀਕਨ ਤੇ ਕੈਨੇਡੀਅਨ ਸਰਕਾਰ ਨੇ ਮਜ਼ਦੂਰਾਂ ਵਿੱਚ ਗੋਰੀ ਤੇ ਕਾਲੀ ਚਮੜੀ ਦਾ ਨਸਲੀ ਮਾਰੂ ਬੀਜ ਬੀਜ ਦਿੱਤਾ। 5 ਸਤੰਬਰ, 1907 ਨੂੰ ਵੈਨਕੂਵਰ ਦੇ ਨਾਲ ਲੱਗਦੇ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿੱਚ ਜਿੱਥੇ 15 ਕੁ ਸੌ ਏਸ਼ੀਆਈ ਮੂਲ ਦੇ ਮਜ਼ਦੂਰ ਕੰਮ ਕਰਦੇ ਸਨ ਉਹਨਾਂ ਤੇ "ਐਕਸਕਲੂਜ਼ਿਨ ਲੀਗ" ਨਾਂ ਦੀ ਜਥੇਬੰਦੀ ਵਲੋਂ ਜਥੇਬੰਦਕ ਹਮਲਾ ਕੀਤਾ ਗਿਆ। ਜਿਸ ਵਿੱਚ ਬਹੁਤੇ ਮਜ਼ਦੂਰ ਮਾਰ ਕੇ ਸਮੁੰਦਰ ਵਿੱਚ ਸੁੱਟ ਦਿੱਤੇ ਗਏ ਤੇ ਕੁੱਝ ਕੁ ਕੈਨੇਡਾ ਵੱਲ ਆ ਗਏ। ਕੈਨੇਡਾ ਰਹਿੰਦੇ ਏਸ਼ੀਆਈਆਂ ਤੇ ਵੀ ਹਮਲੇ ਹੋਏ ਤੇ ਉਹਨਾਂ ਦੀਆਂ ਦੁਕਾਨਾਂ ਸਾੜ ਕੇ ਸਵਾਹ ਕਰ ਦਿੱਤੀਆਂ ਗਈਆਂ ਪਰ ਕੋਈ ਪੁੱਛ ਪੜਤਾਲ ਨਾ ਕੀਤੀ ਗਈ। ਇਹ ਸਾਰਾ ਕੁੱਝ ਮੇਵਾ ਸਿੰਘ ਤੇ ਉਸਦੇ ਸਾਥੀਆਂ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਹੁੰਦਾ ਵੇਖਿਆ ਤਾਂ ਉਹਨਾਂ ਦੇ ਮਨ ਵਿੱਚ ਜਥੇਬੰਦ ਹੋਣ ਦਾ ਖਿਆਲ ਆਇਆ ਤੇ ਖਾਲਸਾ ਦੀਵਾਨ ਸੁਸਾਇਟੀ ਨੇ ਜਨਮ ਲਿਆ। ਇਸਦੇ ਨਾਲ ਨਾਲ ਉਹਨਾਂ ਦੇ ਮਨ ਵਿੱਚ ਇੱਕ ਰੋਹ ਨੇ ਵੀ ਜਨਮ ਲੈਣਾ ਸ਼ੁਰੂ ਕਰ ਦਿੱਤਾ ਕਿ ਇਹ ਲੋਕ ਚਾਹੁੰਦੇ ਹਨ ਕਿ ਸਾਡਾ ਦੇਸ਼ ਇਕੱਲੇ ਗੋਰਿਆਂ ਦਾ ਹੋਵੇ ਪਰ ਭਾਰਤ ਵਿੱਚ ਜਾ ਕੇ ਪੂਰੇ ਹੱਕ ਮਾਣਦੇ ਹਨ ਤੇ ਇੱਥੋਂ ਤੱਕ ਕੇ ਸਾਡੀਆਂ ਔਰਤਾਂ ਨਾਲ ਵਿਆਹ ਕਰਵਾ ਕੇ ਬੱਚੇ ਵੀ ਪੈਦਾ ਕਰਦੇ ਹਨ। ਇਸ ਕਿਸਮ ਦੀ ਦੋਗਲੀ ਔਲਾਦ ਹਾਪਕਿਨਸਨ ਵੀ ਸੀ। ਇਹ ਫਰਕ ਕਿਉਂ ? ਇੱਕ ਹੋਰ ਗੱਲ ਜਦੋਂ ਏਸ਼ੀਆਈ ਲੋਕ ਐਥੇ ਜ਼ਮੀਨ ਬਗੈਰਾ ਲੈਂਦੇ ਤਾਂ ਉਹਨਾਂ ਨੂੰ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਦਸਖ਼ਤ ਕਰਨ ਦੀ ਬਜਾਏ ਅਗੂੰਠਾ ਲਾਉਣ ਲਈ ਮਜਬੂਰ ਕੀਤਾ ਜਾਂਦਾ। ਨਿੱਕੀਆਂ 2 ਗੱਲਾਂ ਤੁਸੀਂ ਐਥੇ ਨਹੀਂ ਜਾ ਸਕਦੇ ,ਤੁਸੀਂ ਉੱਥੇ ਨਹੀਂ ਜਾ ਸਕਦੇ। ਬੇਸ਼ੱਕ ਏਸ਼ੀਆਈ ਲੋਕਾਂ ਤੇ ਨਸਲਵਾਦ ਦਾ ਪ੍ਰਕੋਪ ਪਹਿਲਾਂ ਵੀ ਬਹੁਤ ਹੋ ਰਿਹਾ ਸੀ ਪਰ ਇਨਸਪੈਕਟਰ ਤੇ ਇੰਮੀਗ੍ਰੇਸ਼ਨ ਦੇ ਦੁਭਾਸ਼ੀਏ ਵਜੋਂ ਕੰਮ ਕਰਦਾ ਹਾਪਕਿਸਨ ਜਦੋਂ ਕੈਨੇਡਾ ਪਹੁੰਚਿਆ ਤਾਂ ਉਸਨੇ ਇਸ ਸਮੱਸਿਆ ਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ ਕਿਉਂਕਿ ਉਹ ਕਲਕੱਤੇ ਦਾ ਜੰਮਪਲ ਹੋਣ ਕਰਕੇ ਹਿੰਦੀ ਪੰਜਾਬੀ ਬੋਲ ਲੈਂਦਾ ਸੀ।

ਭਾਰਤੀਆਂ ਦੇ ਖਿਲਾਫ਼ ਬਹੁਤ ਘਟੀਆ ਕਿਸਮ ਦਾ ਭੰਡੀ ਪ੍ਰਚਾਰ ਅਖ਼ਬਾਰਾਂ ਵਿੱਚ ਵੀ ਕੀਤਾ ਜਾਂਦਾ। ਇਹ ਸਾਫ਼ ਸਫ਼ਾਈ ਦਾ ਖਿਆਲ ਨਹੀਂ ਰੱਖਦੇ। ਇਹ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹਨ। ਇਹ ਇਖਲਾਕ ਦੇ ਨੀਵੇਂ ਹਨ, ਇਹ ਗੋਰੀਆਂ ਵੱਲ ਬੁਰੀ ਨਜ਼ਰ ਨਾਲ ਵੇਖਦੇ ਹਨ। ਇਹ ਗੋਰੀਆਂ ਨਾਲ ਵਿਆਹ ਕਰਵਾ ਕੇ ਦੋਗਲੇ ਬੱਚੇ ਪੈਦਾ ਕਰਨਗੇ। ਇਹ ਘੱਟ ਮਜ਼ਦੂਰੀ ਤੇ ਕੰਮ ਕਰਦੇ ਹਨ। ਇਹ ਪੈਸੇ ਬਚਾ ਕੇ ਆਪਣੇ ਦੇਸ਼ ਨੂੰ ਭੇਜਦੇ ਹਨ ਤਾਂ ਇਹਨਾਂ ਦਾ ਰਹਿਣ ਸਹਿਣ ਘਟੀਆ ਦਰਜੇ ਦਾ ਹੈ। ਇਹ ਕਦੇ ਵੀ ਬਰਾਬਰ ਦੇ ਸ਼ਹਿਰੀ ਨਹੀਂ ਹੋ ਸਕਦੇ। ਇੱਕ ਦੂਸਰੇ ਦੀ ਮੱਦਦ ਕਰਕੇ ਇੱਕ ਦੂਸਰੇ ਦਾ ਆਸਰਾ ਬਣਦੇ ਹਨ।ਪਰ ਸਰਕਾਰ ਨੂੰ ਭਾਰਤੀਆਂ ਨੂੰ ਰੋਕਣ ਦਾ ਕੋਈ ਬਹਾਨਾ ਨਹੀਂ ਸੀ ਬਣ ਰਿਹਾ ਫਿਰ ਬਹੁਤ ਘੋਖ ਪੜਤਾਲ ਨਾਲ 1908 ਵਿੱਚ ਇੱਕ ਅਜਿਹਾ ਕਾਨੂੰਨ ਬਣਾਇਆ ਗਿਆ ਜਿਸ ਵਿੱਚ ਇਹ ਸ਼ਰਤ ਰੱਖੀ ਗਈ ਕਿ ਸਿੱਧੇ ਸਫ਼ਰ ਵਾਲੇ ਲੋਕ ਹੀ ਐਥੇ ਆ ਸਕਦੇ ਹਨ ਤੇ ਦੋ ਸੌ ਡਾਲਰ ਨਾਲ ਲੈ ਕੇ ਆਉਣ। ਇਹ ਸਿਰਫ ਭਾਰਤੀਆਂ ਤੇ ਹੀ ਲਾਗੂ ਹੁੰਦਾ ਸੀ ਕਿਉਂਕਿ ਕੈਨੇਡਾ ਤੇ ਭਾਰਤ ਦੀ ਦੂਰੀ ਜ਼ਿਆਦਾ ਹੋਣ ਕਰਕੇ ਕੋਈ ਬਿਨ੍ਹਾਂ ਰੁਕੇ ਸਿੱਧਾ ਜਹਾਜ਼ ਨਹੀਂ ਸੀ ਆ ਸਕਦਾ। ਇਸਤੋਂ ਇਲਾਵਾ ਜਹਾਜ਼ ਕੰਪਨੀਆਂ ਨੂੰ ਵੀ ਭਾਰਤੀਆਂ ਨੂੰ ਟਿਕਟ ਨਾ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਸੀ। 1908 ਵਿੱਚ ਹੀ ਭਾਰਤੀਆਂ ਨੂੰ ਹਾਂਡੂਰਸ ਭੇਜਣ ਲਈ ਹਰ ਹੀਲੇ ਵਸੀਲੇ ਵਰਤੇ ਗਏ ਪਰ ਭਾਰਤੀ ਆਗੂ ਭਾਈ ਤੇਜਾ ਸਿੰਘ ਐਮ. ਏ. ਹੋਰਾਂ ਦੀ ਸਿਆਣਪ ਨਾਲ ਇਹ ਚਾਲ ਵੀ ਠੁੱਸ ਹੋ ਗਈ। ਇਸ ਸਭ ਕਾਸੇ ਵਿੱਚ ਕੈਨੇਡਾ ਦੀ ਬੀ. ਸੀ. ਤੇ ਫੈਡਰਲ ਸਰਕਾਰ, ਇੰਗਲੈਂਡ ਦੀ ਸਰਕਾਰ ਤੇ ਭਾਰਤ ਦੀ ਬ੍ਰਿਟਿਸ਼ ਸਰਕਾਰ ਸਭ ਦੀ ਮਿਲੀ ਭਗਤ ਹੁੰਦੀ ਸੀ।ਸਰਕਾਰੇ ਦਰਬਾਰੇ ਕੋਈ ਸੁਣਵਾਈ ਨਾ ਹੋਣ ਕਰਕੇ ਨਸਲੀ ਵਿਤਕਰਾ ਦਿਨੋਂ ਦਿਨ ਵੱਧਦਾ ਜਾ ਰਿਹਾ ਸੀ।

**ਲੇਖਕ : ਪਰਮਿੰਦਰ ਕੌਰ ਸਵੈਚ, ਸੰਪਰਕ : 604 760 4794**

ਹੁਣ ਦੇਸ਼ ਭਗਤਾਂ ਕੋਲ ਵਿਚਾਰ ਹੀ ਸੀ ਕਿ ਇਸ ਮੁਸ਼ਕਲ ਦੀ ਜੜ੍ਹ ਨੂੰ ਲੱਭਿਆ ਜਾਵੇ। ਭਾਰਤੀਆਂ ਵਿੱਚ ਜ਼ਿਆਦਾ ਪੰਜਾਬੀ ਸਨ ਤੇ ਉਹਨਾਂ ਵਿੱਚ ਬਹੁਤੇ ਨਾਮ ਕਟੇ ਫੌਜੀ, ਜਿਹੜੇ ਕਿਸੇ ਸਮੇਂ ਬ੍ਰਿਟਿਸ਼ ਗੌਰਮਿੰਟ ਦੇ ਇਮਾਨਦਾਰ ਸਿਪਾਹ ਸਿਲਾਰ ਤੇ ਮਹਾਰਾਣੀ ਵਿਕਟੋਰੀਆ ਦੇ ਅਜ਼ੀਜ਼ ਨੌਕਰ ਰਹਿ ਚੁੱਕੇ ਸਨ। ਇਸ ਭੇਦ ਭਾਵ ਨੂੰ ਦੇਖ ਕੇ ਉਹਨਾਂ ਨੇ ਸੋਚਿਆ ਕਿ ਜਿਹੜੇ ਤਗਮੇ ਉਹ ਫਖ਼ਰ ਨਾਲ ਹਿੱਕ ਤੇ ਲਟਕਾਈ ਫਿਰਦੇ ਹਨ ਉਹ ਅਸਲ ਵਿੱਚ ਗੁਲਾਮੀ ਦੀ ਨਿਸ਼ਾਨੀ ਹਨ ਜਿਹੜੀ ਕਿ ਬਰਤਾਨਵੀ ਸਾਮਰਾਜ ਨੇ ਸਾਨੂੰ ਭਾੜੇ ਦੇ ਸਿਪਾਹੀ ਸਮਝ ਕੇ ਦਿੱਤੀ ਹੈ। ਆਪਣੇ ਸਾਮਰਾਜ ਦੀ ਮੰਡੀ ਵਿੱਚ ਵਾਧਾ ਕਰਨ ਲਈ ਅਤੇ ਹੋਰ ਅਜ਼ਾਦ ਲੋਕਾਂ ਨੂੰ ਗੁਲਾਮ ਬਣਾਉਣ ਲਈ ਸਾਥੋਂ ਫੌਜ ਵਿੱਚ ਭਰਤੀ ਕਰਕੇ ਨਿਹੱਥੇ ਲੋਕਾਂ ਤੇ ਗੋਲੀਆਂ ਮਰਵਾਈਆਂ ਜਾਂਦੀਆਂ ਹਨ ਪਰ ਉਂਜ ਸਾਡੀ ਕੋਈ ਅਹਿਮੀਅਤ ਨਹੀਂ। ਸਾਨੂੰ ਇਹਨਾਂ ਗ਼ੁਲਾਮੀ ਦੀਆਂ ਨਿਸ਼ਾਨੀਆਂ ਨੂੰ ਸਾੜ ਦੇਣਾ ਚਾਹੀਦਾ ਹੈ, ਸੋ ਇਹੀ ਹੋਇਆ। ਸਾਲਾਂ ਵੱਧੀ ਕੰਮ ਕਰਕੇ ਕਮਾਏ ਹੋਏ ਇਹ ਤਗਮੇ ਦੇਸ਼ ਭਗਤਾਂ ਨੇ ਮਿੰਟਾਂ ਵਿੱਚ ਸਵਾਹ ਕਰ ਦਿੱਤੇ। ਇਸ ਫੌਜੀ ਵਰਦੀਆਂ, ਸਰਟੀਫਿਕੇਟ ਤੇ ਤਗਮੇ ਸਾੜਨ ਦੀ ਘਟਨਾ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ ਜਿਸ ਨਾਲ ਸਰਕਾਰਾਂ ਤਿਲਮਿਲਾ ਉੱਠੀਆਂ ਅਤੇ ਭਾਰਤੀਆਂ ਦੇ ਦੁੱਖਾਂ ਵਿੱਚ ਵਾਧਾ ਹੋਣਾ ਸੁਭਾਵਕ ਸੀ।ਕਾਮਾਗਾਟਾ ਮਾਰੂ ਵਰਗੇ ਦੁਖਾਂਤ ਇਸ ਨਸਲੀ ਭੇਦ ਭਾਵ ਦਾ ਹੀ ਸਿੱਟਾ ਸਨ।

ਹੁਣ ਅਮਰੀਕਾ ਤੇ ਕੈਨੇਡਾ ਵਿੱਚ ਰਹਿ ਰਹੇ ਭਾਰਤੀ ਇੱਕ ਦੂਜੇ ਦੀਆਂ ਮੁਸ਼ਕਲਾਂ ਤੋਂ ਜਾਣੂ ਹੋ ਚੁੱਕੇ ਸਨ। ਉਹ ਮਹਿਸੂਸ ਕਰਨ ਲੱਗੇ ਸਨ ਕਿ ਉਹਨਾਂ ਦੀ ਇਹ ਮੰਦੀ ਹਾਲਤ ਉਹਨਾਂ ਦੇ ਦੇਸ਼ ਦੀ ਗ਼ੁਲਾਮੀ ਹੈ ਇਸ ਕਰਕੇ ਉਹਨਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਸੋਚਣਾ ਸ਼ੁਰੂ ਕੀਤਾ। ਐਥੇ ਬੈਠੇ ਉਹ ਆਪਣੇ ਹੱਕਾਂ ਲਈ ਪੂਰਾ ਤਾਣ ਲਾ ਰਹੇ ਸਨ ਪਰ ਹਾਪਕਿਨਸਨ ਵਰਗੇ ਸਰਕਾਰ ਦੇ ਜਾਸੂਸ ਉਹਨਾਂ ਦੀ ਪੇਸ਼ ਨਹੀਂ ਸੀ ਜਾਣ ਦਿੰਦੇ। ਸਾਰੀਆਂ ਸਰਕਾਰਾਂ ਆਪਸ ਵਿੱਚ ਘਿਓ ਖਿਚੜੀ ਸਨ ਉਹ ਇੱਕ ਦੂਜੇ ਦੀ ਗੱਲ ਉਲੱਦਦੀਆਂ ਨਹੀਂ ਸਨ ਸਗੋਂ ਟਾਲ ਮਟੋਲ ਕਰਕੇ ਠੰਢੇ ਬਸਤੇ ਪਾ ਦਿੰਦੀਆਂ ਸਨ। ਇਸ ਸਮੇਂ ਹੀ ਅਮਰੀਕਾ ਵਿੱਚ "ਹਿੰਦੀ ਐਸੋਸ਼ੀਏਸ਼ਨ ਆਫ਼ ਪੈਸੇਫਿਕ ਕੋਸਟ" ਨਾਂ ਦੀ ਜਥੇਬੰਦੀ ਬਣਾਈ ਗਈ ਜਿਹੜੀ ਬਾਅਦ ਵਿੱਚ ਗ਼ਦਰ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋਈ। ਗ਼ਦਰ ਪਾਰਟੀ ਦਾ ਕੈਨੇਡਾ ਦੇ ਦੇਸ਼ ਭਗਤਾਂ ਤੇ ਵੀ ਬਹੁਤ ਪ੍ਰਭਾਵ ਪਿਆ। ਜਦੋਂ ਸੰਸਾਰ ਜੰਗ ਸ਼ੁਰੂ ਹੋਈ ਤਾਂ ਵਿਦੇਸ਼ਾਂ ਵਿੱਚ ਵਸਦੇ ਦੇਸ਼ ਭਗਤਾਂ ਨੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਗ਼ਦਰ ਪਾਰਟੀ ਨੂੰ ਸੌਂਪ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਜਾਣ ਦੀ ਤਿਆਰੀ ਕਰਨ ਲੱਗੇ।ਇਸ ਸਮੇਂ ਜਿਹੜੇ ਸਰਕਾਰੀ ਏਜੰਟ ਹਾਪਕਿਨਸਨ ਨੇ ਦੇਸ਼ ਭਗਤ ਤਾਰਕ ਨਾਥ ਦਾਸ, ਭਾਈ ਭਗਵਾਨ ਸਿੰਘ, ਭਾਈ ਬਲਵੰਤ ਸਿੰਘ ਜਾਂ ਲਾਲਾ ਹਰਦਿਆਲ ਨੂੰ ਦੇਸ਼ ਨਿਕਾਲਾ ਦਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ ਹੁਣ ਜਦੋਂ ਦੇਸ਼ ਭਗਤ ਭਾਰਤ ਨੂੰ ਜਾ ਰਹੇ ਸਨ ਤਾਂ ਉਸਨੇ ਉਹਨਾਂ ਨੂੰ ਰੋਕਣ ਤੇ ਜਾਂ ਰਸਤੇ ਵਿੱਚ ਮਾਰ ਮੁਕਾਉਣ ਦੇ ਵੀ ਸਾਰੇ ਹੀਲੇ ਅਜ਼ਮਾਏ ਸਨ ਜਿਵੇਂ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਬਜ ਬਜ ਘਾਟ ਤੇ ਰੋਕ ਕੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ।

ਭਾਈ ਮੇਵਾ ਸਿੰਘ ਕੌਮੀ ਸ਼ਹੀਦ ਜਾਂ ਕਾਤਲ ਦੇ ਸਵਾਲ ਦੇ ਸਨਮੁੱਖ ਹੋ ਕੇ ਦੇਖਣ ਨਾਲ ਪਤਾ ਲੱਗਦਾ ਹੈ ਕਿ ਮੇਵਾ ਸਿੰਘ ਦੀ ਹਾਪਕਿਨਸਨ ਜਾਂ ਮੈਲਕਮ ਰੀਡ (ਜਿਹੜਾ ਬਚ ਗਿਆ ਸੀ) ਨਾਲ ਕੋਈ ਜੱਦੀ ਦੁਸ਼ਮਣੀ ਨਹੀਂ ਸੀ। ਸਗੋਂ ਜੇ ਮੇਵਾ ਸਿੰਘ ਤੇ ਉਸਦੇ ਸਾਥੀ ਦੇਸ਼ ਭਗਤਾਂ ਨੇ ਉਹਨਾਂ ਦੇ ਕਤਲ ਕਰਨ ਬਾਰੇ ਸੋਚਿਆ ਵੀ ਸੀ ਤਾਂ ਇਸ ਪਿੱਛੇ ਕੁੱਝ ਕਾਰਣ ਹਨ ਜਿਹਨਾਂ ਤੇ ਸਰਕਾਰਾਂ ਦੀ ਮਿਲੀ ਭੁਗਤ ਨਾਲ ਵਿਲੀਅਮ ਹਾਪਕਿਨਸਨ, ਮੈਲਕਮ ਰੀਡ ਤੇ ਮਿ. ਸਟੀਵਨਜ਼ ਐਮ. ਪੀ. ਦੀ ਤਿੱਕੜੀ ਨੇ ਫੁੱਲ ਚੜ੍ਹਾਏ ਸਨ। ਉਹ ਸਨ:-

1. ਕਮਿਊਨਿਟੀ ਨੂੰ ਦੋਫਾੜ ਕਰਨਾ ( ਲਾਲਚ ਦੇ ਕੇ ਬੇਲਾ ਸਿੰਘ ਤੇ ਬਾਬੂ ਸਿੰਘ ਵਰਗੇ ਗ਼ਦਾਰ ਪੈਦਾ ਕਰਨਾ)
2. ਮਨੁੱਖਤਾ ਵਿੱਚ ਵੈਰ ਵਿਰੋਧ ਪੈਦਾ ਕਰਨਾ।
3. ਨਸਲਵਾਦੀ ਅਵਾਜ਼ੇ ਕਸਣੇ ਤੇ ਗਾਲ਼ੀ ਗਲੋਚ ਕਰਨਾ।
4. ਮਨੁੱਖਤਾ ਤੋਂ ਉੱਪਰ ਉੱਠ ਕੇ ਗੋਰੇ ਕਾਲੇ ਦਾ ਭੇਦ ਭਾਵ ਪੈਦਾ ਕਰਨਾ।
5. ਬਰਤਾਨਵੀ ਸਾਮਰਾਜ ਦੀ ਰਿਆਇਆ ਹੋਣ ਦੇ ਬਾਵਜੂਦ ਬਰਾਬਰ ਦੀ ਸ਼ਹਿਰੀਅਤ ਦੇ ਹੱਕਾਂ ਤੋਂ ਵਾਂਝੇ ਕਰਨਾ।
6. ਅਣਮਨੁੱਖੀ ਵਰਤਾਓ ਕਰਕੇ ਭਾੜੇ ਦੇ ਟੱਟੂ ਬੇਲਾ ਸਿੰਘ ਤੋਂ ਭਾਈ ਭਾਗ ਸਿੰਘ ਤੇ ਬਦਨ ਸਿੰਘ ਦਾ ਕਤਲ ਕਰਵਾ ਦੇਣਾ। ਭਾਈ ਭਾਗ ਸਿੰਘ ਜਿਸਦੇ ਬੱਚੇ ਅਨਾਥ ਕਰ ਦਿੱਤੇ ਗਏ।
7. ਸ਼ਰੇਆਮ ਝੂਠੀਆਂ ਗਵਾਹੀਆਂ ਦੇਣ ਲਈ ਡਰਾਉਣਾ, ਧਮਕਾਉਣਾ ਤੇ ਮਾਰ ਦੇਣ ਤੱਕ ਦਾ ਡਰਾਵਾ ਦੇਣਾ।
8. 40 ਡਾਲਰ ਦੀ ਵੱਢੀ ਲੈ ਕੇ ਕੇਸ ਨੂੰ ਰਫ਼ਾ ਦਫ਼ਾ ਕਰਾ ਦੇਣਾ।
9. ਲੋਕ ਵਿਰੋਧੀ ਕਾਨੂੰਨ ਬਣਾਉਣ ਦੀ ਮੱਦਦ ਲਈ ਹਰ ਸੰਭਵ ਯਤਨ ਕਰਨੇ।
10. ਹਾਪਕਿਸਨ ਨੇ ਭਾਈ ਭਾਗ ਸਿੰਘ ਹੋਰਾਂ ਦੇ ਕੇਸ ਵਿੱਚ ਤੱਥਾਂ ਨੂੰ ਲਕੋ ਕੇ ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇ ਕੇ ਕਨੇਡੀਅਨ ਕਾਨੂੰਨ ਦੀ ਤੌਹੀਨ ਕੀਤੀ ਸੀ।ਜਿਸ ਵਿੱਚ ਭਾਈ ਭਾਗ ਸਿੰਘ ਹੋਰਾਂ ਦਾ ਆਪਦਾ ਬਿਆਨ ਤੇ ਗੁਰਦਵਾਰੇ ਵਿੱਚ ਇਕੱਠੀ ਹੋਈ ਸੰਗਤ ਅਤੇ ਮੌਕੇ ਵਾਰਦਾਤ ਤੇ ਪਹੁੰਚੀ ਪੁਲਸ ਦੇ ਬਿਆਨਾਂ ਨੂੰ ਲਾਂਭੇ ਕਰ ਦਿੱਤਾ ਗਿਆ ਸੀ।
11. ਅਖੀਰ ਵਿੱਚ ਸਟੇਟ ਵਲੋਂ ਕੀਤੀ ਜਾ ਰਹੀ ਹਿੰਸਾ ਤੋਂ ਭਾਰਤੀ ਕਮਿਊਨਿਟੀ ਨੂੰ ਬਚਾਉਣ ਦਾ ਬੱਸ ਇਹੀ ਉਪਰਾਲਾ ਸੀ।

ਉੱਪਰ ਲਿਖੀਆਂ ਸਾਰੀਆਂ ਖ਼ੂਬੀਆਂ ਹਾਪਕਿਨਸਨ ਦੀ ਸ਼ਖ਼ਸ਼ੀਅਤ ਦਾ ਦਾਰੋਮਦਾਰ ਸਨ। ਇਹਨਾਂ ਸਾਰੀਆਂ ਗੱਲਾਂ ਤੋਂ ਸਾਬਤ ਹੁੰਦਾ ਹੈ ਕਿ ਮੇਵਾ ਸਿੰਘ ਨੇ ਤਾਂ ਸਿਰਫ ਇੱਕ ਹਾਪਕਿਨਸਨ ਦਾ ਕਤਲ ਕੀਤਾ ਹੈ ਜਿਸਨੂੰ ਕਾਤਲ ਕਿਹਾ ਜਾ ਰਿਹਾ ਹੈ ਪਰ ਹਾਪਕਿਨਸਨ ਜਿਸਨੇ ਹਜ਼ਾਰਾਂ ਹੀ ਲੋਕਾਂ ਦੀਆਂ ਭਾਵਨਾਵਾਂ ਦਾ ਕਤਲ ਕੀਤਾ ਸੀ। ਦੋ ਛੋਟੇ ਬੱਚਿਆਂ ਦੇ ਸਿਰ ਤੋਂ ਉਹਨਾਂ ਦੇ ਮਾਂ-ਬਾਪ ਦਾ ਸਾਇਆ ਖੋਹ ਲਿਆ ਸੀ। ਕਿਸੇ ਨੂੰ ਤਿਲ ਤਿਲ ਕਰਕੇ ਹਰ ਰੋਜ਼ ਮਾਰਨਾ ਇੱਕ ਵਾਰ ਮਾਰਨ ਨਾਲੋਂ ਕਿਤੇ ਵੱਧ ਦੁਖਦਾਈ ਹੁੰਦਾ ਹੈ। ਜਿਹੜੇ ਪਰਿਵਾਰਾਂ ਨੂੰ ਕਿੰਨੇ ਕਿੰਨੇ ਸਾਲ ਅਜਿਹੇ ਘਿਣਾਉਣੇ ਕਾਨੂੰਨ ਬਣਾ ਕੇ ਦੂਰ ਰੱਖਿਆ ਗਿਆ, ਉਹਨਾਂ ਦੀਆਂ ਸੱਧਰਾਂ ਦੇ ਨਿੱਤ ਦੇ ਕਤਲਾਂ ਦਾ ਕਾਰਣ ਵੀ ਹਾਪਕਿਨਸਨ ਹੀ ਸੀ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਭੁੱਖੇ ਰੱਖ ਕੇ ਜ਼ਲਾਲਤ ਭਰੀ ਜ਼ਿੰਦਗੀ ਦੇਣਾ ਕਤਲ ਤੋਂ ਘੱਟ ਨਹੀਂ ਸੀ ਤੇ ਬਾਅਦ ਵਿੱਚ ਬਜ ਬਜ ਘਾਟ ਵਰਗਾ ਸਾਕਾ ਕਰਵਾ ਦੇਣਾ। ਉਹਨਾਂ ਕਤਲਾਂ ਦੇ ਜ਼ੁੰਮੇਵਾਰਾਂ ਨੂੰ ਫਾਂਸੀ ਕਿਉਂ ਨਹੀਂ ? ਜਾਂ ਉਹ ਕਾਤਲ ਕਿਉਂ ਨਹੀਂ ?

ਅੱਜ ਸੌ ਸਾਲ ਬਾਅਦ ਵੀ ਕੈਨੇਡੀਅਨ ਸਰਕਾਰ ਦੀਆਂ ਫਾਇਲਾਂ ਵਿੱਚ ਭਾਈ ਮੇਵਾ ਸਿੰਘ ਇੱਕ ਕਾਤਲ ਵਜੋਂ ਜਾਣਿਆ ਜਾਂਦਾ ਹੈ ਜੋ ਕਿ ਗਲਤ ਹੈ ਅਗਰ ਮੇਵਾ ਸਿੰਘ ਨੇ ਮਨੁੱਖਤਾ ਦੇ ਅਸੂਲਾਂ ਦੇ ਬਚਾ ਲਈ ਇੱਕ ਭੈੜੇ ਬੰਦੇ ਦਾ ਕਤਲ ਕੀਤਾ ਹੈ ਤਾਂ ਉਹ ਕਾਤਲ ਕਿਉਂ ? ਸਮਾਜ ਵਿੱਚੋਂ ਅਗਰ ਬੁਰਾਈ ਨੂੰ ਖ਼ਤਮ ਕਰਨਾ ਹੈ ਤਾਂ ਉਸਦੀ ਜੜ੍ਹ ਨੂੰ ਪੁੱਟਣਾ ਪਵੇਗਾ। ਕੈਨੇਡੀਅਨ ਕਾਨੂੰਨ ਝੂਠ ਬੋਲਣ ਵਾਲੇ ਨੂੰ ਕਦੇ ਮਾਫ਼ ਨਹੀਂ ਕਰ ਸਕਦਾ ਪਰ ਸ਼ਹੀਦ ਮੇਵਾ ਸਿੰਘ ਨੇ ਆਪਣੀ ਫਾਂਸੀ ਦੀ ਪਰਵਾਹ ਨਾ ਕਰਦੇ ਹੋਏ ਕੈਨੇਡੀਅਨ ਕਾਨੂੰਨ ਦੀ ਰਾਖੀ ਸੱਚ ਬੋਲ ਕੇ ਕੀਤੀ ਹੈ। ਭਾਈ ਭਾਗ ਸਿੰਘ ਤੇ ਬਦਨ ਸਿੰਘ ਨੂੰ ਮਾਰਨ ਵਾਲਾ ਗ਼ਦਾਰ ਬੇਲਾ ਸਿੰਘ ਕਨੇਡੀਅਨ ਸਰਕਾਰ ਦੀਆਂ ਨਜ਼ਰਾਂ ਵਿੱਚ ਕਾਤਲ ਕਿਉਂ ਨਹੀਂ ? ਉਸਨੂੰ ਕਿਉਂ ਫਾਂਸੀ ਦੀ ਸਜ਼ਾ ਤੋਂ ਮੁਕਤ ਕੀਤਾ ਗਿਆ ਸੀ ? ਉਸਨੂੰ ਸਗੋਂ ਮੁਰੱਬੇ ਦੇ ਕੇ ਸਾਰੇ ਸੁੱਖ ਅਰਾਮ ਮੁਹੱਈਆ ਕੀਤੇ ਗਏ। ਭਾਰਤੀਆਂ ਵਿੱਚ ਫੁੱਟਪਾਊ ਤੇ ਕਨੇਡੀਅਨ ਸਮਾਜ ਵਿੱਚ ਨਸਲਵਾਦ ਦਾ ਨਾਸੂਰ ਫੈਲਾਉਣ ਵਾਲਾ ਹਾਪਕਿਨਸਨ ਹੀ ਸੀ ਜਿਸ ਨੂੰ ਭਾਈ ਮੇਵਾ ਸਿੰਘ ਨੇ ਮਾਰ ਕੇ ਮਾਣ ਮਹਿਸੂਸ ਕੀਤਾ ਸੀ। ਅੱਜ ਦੀ ਕੈਨੇਡੀਅਨ ਸਰਕਾਰ ਅਗਰ ਆਪਣੇ ਆਪ ਨੂੰ ਬਹੁ ਸਭਿਆਚਾਰ ਤੇ ਨਸਲੀ ਵਿਤਕਰਾ-ਰਹਿਤ ਸਮਝਦੀ ਹੈ ਤਾਂ ਉਸਨੂੰ ਭਾਈ ਮੇਵਾ ਸਿੰਘ ਨੂੰ ਕੌਮੀ ਸ਼ਹੀਦ ਐਲਾਨਣ ਵਿੱਚ ਕੋਈ ਗੁਰੇਜ਼ ਨਹੀਂ ਕਰਨਾ ਚਾਹੀਦਾ। ਭਾਈ ਮੇਵਾ ਸਿੰਘ ਕੈਨੇਡਾ ਵਿੱਚ ਭਾਰਤ ਦੀ ਅਜ਼ਾਦੀ ਦਾ ਪਹਿਲਾਂ ਸ਼ਹੀਦ ਹੈ ਜਿਸਨੇ ਆਪਣੀ ਕੁਰਬਾਨੀ ਦੇ ਕੇ ਭਾਰਤੀਆਂ ਦੇ ਕੈਨੇਡਾ ਵਿੱਚ ਹੱਕ ਮਹਿਫ਼ੂਜ਼ ਕਰਵਾਏ ਸਨ। ਜੇ ਅੱਜ ਕਨੇਡਾ ਦੇ ਹਰ ਨਾਗਰਿਕ ਨੂੰ ਨਸਲੀ ਭੇਦ-ਭਾਵ ਤੋਂ ਉੱਪਰ ਉੱਠ ਕੇ ਅਜ਼ਾਦੀ ਨਾਲ ਜੀਣ ਦਾ ਹੱਕ ਹੈ, ਉਹਨਾਂ ਦੀ ਲੜਾਈ ਵੀ ਇਸ ਅਜ਼ਾਦੀ ਲਈ ਸੀ ਤੇ ਕੁਰਬਾਨੀ ਵੀ ਏਸੇ ਕਰਕੇ ਦਿੱਤੀ ਸੀ, ਤਾਂ ਹੀ ਤਾਂ ਉਹਨਾਂ ਨੇ ਮਨੁੱਖਤਾ ਦੀ ਐਡੀ ਵੱਡੀ ਸਮੱਸਿਆ ਨਾਲ ਆਢਾ ਲਿਆ ਸੀ, ਜਿਸ ਕਰਕੇ ਸਰਕਾਰਾਂ ਨੂੰ ਸੋਚਣ ਲਈ ਮਜ਼ਬੂਰ ਹੋਣਾ ਪਿਆ ਸੀ। ਉਹਨਾਂ ਦੀ ਕੁਰਬਾਨੀ ਨੂੰ ਚੇਤੇ ਰੱਖਦੇ ਹੋਏ ਅਸੀਂ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਭਾਈ ਮੇਵਾ ਸਿੰਘ ਨੂੰ ਕਾਤਲ ਦਾ ਦਰਜਾ ਹਟਾ ਕੇ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਜਾਵੇ।

ਲੇਖਕ : ਡਾ. ਚਮਨ ਲਾਲ
Gmail:Chamanlal.jnu@gmail.com

# ਇਨਕਲਾਬ ਦੀ ਖੇਤੀ



ਕੀ ਇਨਕਲਾਬ ਦੀ ਵੀ ਖੇਤੀ ਹੋ ਸਕਦੀ ਹੈ? ਸ਼ਾਇਦ ਹਾਂ, ਸ਼ਾਇਦ ਨਹੀਂ? ਪਰ ਕਲਾਕਾਰ ਦੀ ਕਲਪਨਾ ਵਿੱਚ ਤਾਂ ਜ਼ਰੂਰ ਹੋ ਸਕਦੀ ਹੈ! ਪੰਜਾਬ ਵਿੱਚ 2020-21 ਦੌਰਾਨ ਚੱਲੇ ਕਿਸਾਨੀ ਘੋਲ ਨੇ ਸੈਂਕੜੇ ਕਵਿਤਾਵਾਂ, ਕਹਾਣੀਆਂ ਤੇ ਕੁਝ ਨਾਵਲਾਂ ਨੂੰ ਜਨਮ ਦਿੱਤਾ, ਪਰ ਸੋਸ਼ਲ ਮੀਡੀਆ ਅਤੇ ਕੈਮਰੇ ਦੇ ਯੁੱਗ ਵਿੱਚ ਹਜ਼ਾਰਾਂ, ਬਲਕਿ ਲੱਖਾਂ ਫੋਟੋਆਂ ਵੀ ਖਿੱਚੀਆਂ ਗਈਆਂ। ਦੁਨੀਆ ਦੇ ਇਤਿਹਾਸ ਵਿੱਚ ਨਿਵੇਕਲੇ ਤੌਰ 'ਤੇ ਦਰਜ ਇਸ ਲੰਮੇ ਕਿਸਾਨੀ ਘੋਲ ਦਾ ਦਸਤਾਵੇਜ਼ੀਕਰਨ, ਫੋਟੋਆਂ ਖਿੱਚਣ ਤੋਂ ਅਗਲਾ ਜ਼ਰੂਰੀ ਕੰਮ ਹੈ। ਇਹ ਦਸਤਾਵੇਜ਼ ਛਾਪੇ ਰੂਪ ਵਿੱਚ ਵੀ ਹੁੰਦੇ ਹਨ ਅਤੇ ਸਕਰੀਨ 'ਤੇ ਦਰਜ ਜਿਊਂਦੇ ਜਾਗਦੇ ਦ੍ਰਿਸ਼ਾਂ ਦੇ ਰੂਪ ਵਿੱਚ ਵੀ, ਜੋ ਸ਼ਾਇਦ ਕਿਤਾਬਾਂ, ਰਸਾਲਿਆਂ ਅਤੇ ਅਖ਼ਬਾਰਾਂ ਤੋਂ ਕਿਤੇ ਵੱਧ ਅਸਰਅੰਦਾਜ਼ ਹੁੰਦੇ ਹਨ, ਖ਼ਾਸਕਰ ਘੋਲ ਦੇ ਖ਼ਤਮ ਹੋਣ ਤੋਂ ਬਾਅਦ ਇੱਕ ਵਿਲੱਖਣ ਇਤਿਹਾਸ ਰੂਪ ਵਿੱਚ ਜ਼ਿੰਦਾ ਰਹਿਣ ਲਈ। ਘੋਲ ਦੌਰਾਨ ਦੋ ਤਰ੍ਹਾਂ ਦੇ ਮੀਡੀਆ ਸਾਹਮਣੇ ਆਏ; ਇੱਕ ਜਿਸ ਨੂੰ ਗੋਦੀ ਮੀਡੀਆ ਦਾ ਲਕਬ ਦੇ ਦਿੱਤਾ ਗਿਆ ਹੈ ਅਤੇ ਇਸ ਲਕਬ ਨੇ ਸਮਾਜ ਵਿੱਚ ਮਕਬੂਲੀਅਤ ਵੀ ਹਾਸਿਲ ਕਰ ਲਈ ਹੈ ਕਿਉਂਕਿ ਇੰਨਾ ਵੱਡਾ ਇਤਿਹਾਸਕ ਘੋਲ ਦੁਨੀਆ ਦੇ ਮੀਡੀਆ ਵਿੱਚ ਕਾਫ਼ੀ ਸਹੀ ਤੌਰ 'ਤੇ ਦਰਜ ਹੋਇਆ, ਪਰ ਗੋਦੀ ਜਾਂ ਸਰਕਾਰ ਦੀ ਗੋਦੀ ਵਿੱਚ ਬੈਠੇ ਮੀਡੀਆ, ਖ਼ਾਸਕਰ ਹਿੰਦੋਸਤਾਨ ਦੇ ਬਿਜਲਈ ਗੋਦੀ ਮੀਡੀਆ ਨੇ ਇਸ ਦਾ ਅਕਸ ਵਿਗਾੜਨ ਵਿੱਚ ਕੋਈ ਕਸਰ ਨਹੀਂ ਛੱਡੀ। ਗੋਦੀ ਮੀਡੀਆ ਨੇ ਕਦੇ ਇਸ ਨੂੰ ਖ਼ਾਲਿਸਤਾਨੀ ਕਹਿ ਕੇ ਤੇ ਕਦੇ ਨਕਸਲੀ ਕਹਿ ਕੇ ਭੰਡਿਆ। 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਨੇ ਕਿਸਾਨੀ ਘੋਲ ਦਾ ਅਕਸ ਤਾਂ ਨਹੀਂ ਵਿਗਾੜਿਆ, ਪਰ ਰਵੀਸ਼ ਕੁਮਾਰ ਜਾਂ ਰਾਜਦੀਪ ਸਰਦੇਸਾਈ ਜਿਹੇ ਕੁਝ ਪੱਤਰਕਾਰਾਂ ਨੂੰ ਛੱਡ ਕੇ ਗੋਦੀ ਬਿਜਲਈ ਮੀਡੀਆ ਦੇ ਹੋਰ ਐਂਕਰਾਂ ਦਾ ਪੂਰਾ ਜਲੂਸ ਕੱਢ ਦਿੱਤਾ।

ਨਿਸ਼ਠਾ ਜੈਨ ਸਮਾਜੀ ਹਕੀਕਤਾਂ ਨਾਲ ਪ੍ਰਤੀਬੱਧ ਫਿਲਮਸਾਜ਼ ਹੈ। ਉਸ ਨੂੰ ਸ਼ੁਰੂ ਤੋਂ ਹੀ ਇਸ ਘੋਲ ਨੇ ਇੱਕ ਦਸਤਾਵੇਜ਼ੀ ਫਿਲਮ ਬਣਾਉਣ ਦੀ ਪ੍ਰੇਰਨਾ ਦਿੱਤੀ। ਉਹ ਫਿਲਮੀ ਦੁਨੀਆ ਵਿੱਚ ਆਪਣੀ ਵਿਚਾਰਕ ਆਜ਼ਾਦੀ ਲਈ ਜਾਣੀ ਜਾਂਦੀ ਹੈ। ਉਸ ਦੇ ਫੇਸਬੁੱਕ ਸਫ਼ੇ ਤੋਂ ਉਸ ਦੀ ਵਿਚਾਰਕ ਪਰਪੱਕਤਾ ਅਤੇ ਸਾਫ਼ ਬਿਆਨੀ ਦੀਆਂ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ। ਸ਼ਹੀਦ ਊਧਮ ਸਿੰਘ 'ਤੇ ਬਣੀ 'ਸਰਦਾਰ' ਫਿਲਮ ਦੀ ਰੱਜ ਕੇ ਤਾਰੀਫ਼ ਹੋ ਰਹੀ ਸੀ ਤਾਂ ਉਦੋਂ ਉਸ ਨੇ ਇਸ ਦੀਆਂ ਇਤਿਹਾਸਕ ਅਤੇ ਕਲਾਤਮਿਕ ਊਣਤਾਈਆਂ ਬਾਰੇ ਖੁੱਲ੍ਹ ਕੇ ਲਿਖਿਆ। ਕਿਸਾਨੀ ਘੋਲ ਬਾਰੇ ਉਹ ਰਣਦੀਪ ਮੱਦੋਕੇ, ਮਨਦੀਪ ਪੂਨੀਆ ਵਰਗੇ ਉਨ੍ਹਾਂ ਸੁਹਿਰਦ ਸਿਰਜਣਾਤਮਕ ਨੌਜਵਾਨਾਂ ਨਾਲ ਜੁੜੀ, ਜੋ ਖ਼ਤਰੇ ਉਠਾ ਕੇ ਵੀ ਕਿਸਾਨੀ ਘੋਲ ਦੀ ਹਮਾਇਤ ਕਰਦੇ ਅਤੇ ਉਸ ਨੂੰ ਯੂ-ਟਿਊਬ ਆਦਿ ਰਾਹੀਂ ਲੋਕਾਂ ਤੱਕ ਪਹੁੰਚਾ ਰਹੇ ਸਨ। ਆਰਥਿਕ ਸਰੋਤਾਂ ਦੀ ਘਾਟ ਦੇ ਬਾਵਜੂਦ ਨਿਸ਼ਠਾ ਜੈਨ ਨੇ ਇਸ ਘੋਲ 'ਤੇ ਤਕਰੀਬਨ ਦੋ ਘੰਟੇ ਦੀ ਦਸਤਾਵੇਜ਼ੀ ਫਿਲਮ ਬਣਾ ਕੇ ਸਮਾਜ ਤੇ ਖ਼ਾਸਕਰ ਪੰਜਾਬ ਦੇ ਕਿਸਾਨੀ ਘੋਲ ਵਿੱਚ ਪਾਏ ਹਿੱਸੇ ਦੀ ਜਿਊਂਦੀ ਜਾਗਦੀ ਤਸਵੀਰ ਖਿੱਚ ਦਿੱਤੀ ਹੈ। ਪੂਰੀ ਫਿਲਮ ਪੰਜਾਬੀ ਵਿੱਚ ਹੀ ਹੈ ਅਤੇ ਪੰਜਾਬੋਂ ਬਾਹਰਲੇ ਦਰਸ਼ਕਾਂ ਲਈ ਸਕਰੀਨ ਦੇ ਦ੍ਰਿਸ਼ ਅਤੇ ਅੰਗਰੇਜ਼ੀ ਸਬ-ਟਾਈਟਲ ਹੀ ਫਿਲਮ ਨੂੰ ਸਮਝਣ ਦਾ ਵਸੀਲਾ ਹਨ।

ਫਿਲਮ ਦੀ ਸ਼ੁਰੂਆਤ ਪਿੱਠਭੂਮੀ ਵਿੱਚ ਗੁਰਬਾਣੀ ਦੇ ਪਾਠ ਅਤੇ ਕਿਸਾਨ ਆਗੂ ਦੀ ਤਕਰੀਰ ਨਾਲ ਹੁੰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਮੁੱਖ ਕਿਸਾਨ ਆਗੂਆਂ ਵਿੱਚ ਖੱਬੇ ਪੱਖੀ ਅਤੇ ਭਗਤ ਸਿੰਘ ਦੇ ਵਿਚਾਰਾਂ ਨੂੰ ਮੰਨਣ ਵਾਲੇ ਸਨ ਅਤੇ ਹਨ। ਫਿਲਮ ਦੇ ਇੱਕ ਦ੍ਰਿਸ਼ ਵਿੱਚ ਇੱਕ ਕਿਸਾਨ ਕਾਰਕੁਨ ਦੇ ਹੱਥ ਵਿੱਚ ਭਗਤ ਸਿੰਘ ਦੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ' ਉਘਾੜੀ ਗਈ ਹੈ। ਇਸ ਤੋਂ ਇਹ ਗੱਲ ਵੀ ਸਮਝ ਆਉਂਦੀ ਹੈ ਕਿ ਆਮ ਕਿਸਾਨੀ ਲਈ ਗੁਰਬਾਣੀ ਆਪਣੇ ਘੋਲ ਲਈ ਵੱਡਾ ਪ੍ਰੇਰਣਾ ਸਰੋਤ ਸੀ, ਜਿਸਨੂੰ ਫਿਲਮ ਵਿੱਚ ਕਈ ਜਗ੍ਹਾ ਉਘਾੜਿਆ ਗਿਆ ਹੈ। ਜਿਵੇਂ ਜਦ 26 ਜਨਵਰੀ 2021 ਨੂੰ ਲਾਲ ਕਿਲੇ 'ਤੇ ਖਾਲਸਾਈ ਝੰਡਾ ਝੁਲਾਉਣ ਪਿੱਛੋਂ ਸਟੇਟ ਦੇ ਤਸ਼ੱਦਦ ਕਰਕੇ ਘੋਲ ਵਿੱਚ ਨਿਰਾਸ਼ਾ ਦਾ ਮਾਹੌਲ ਬਣ ਗਿਆ ਸੀ ਅਤੇ ਲੱਗਦਾ ਸੀ ਕਿ ਸ਼ਾਇਦ ਹੁਣ ਅੱਗੇ ਘੋਲ ਜਾਰੀ ਰੱਖਣਾ ਮੁਮਕਿਨ ਨਾ ਹੋਵੇ। ਉਸ ਵੇਲੇ ਦੋ ਚੀਜ਼ਾਂ ਨੇ ਕਿਸਾਨਾਂ ਦੇ ਹੌਸਲੇ ਟੁੱਟਣ ਨਹੀਂ ਦਿੱਤੇ। ਇੱਕ, ਉੱਤਰ ਪ੍ਰਦੇਸ਼ ਵਾਲੇ ਪਾਸੇ ਗਾਜ਼ੀਪੁਰ ਬਾਰਡਰ 'ਤੇ ਰਾਕੇਸ਼ ਟਿਕੈਤ ਦਾ ਜਜ਼ਬਾਤੀ ਹੋ ਕੇ ਰੋਣ ਦਾ ਦ੍ਰਿਸ਼ ਜੋ ਪੁਲੀਸ ਦੇ ਤਸ਼ੱਦਦ ਕਰਕੇ ਪੈਦਾ ਹੋਇਆ ਸੀ। ਇਸ ਨਾਲ ਪੂਰੀ ਕਿਸਾਨੀ ਵਿੱਚ ਇੱਕ ਨਵਾਂ ਜਜ਼ਬਾਤੀ ਤੂਫ਼ਾਨ ਉੱਠਿਆ। ਦੂਜਾ, ਪੰਜਾਬ ਦੇ ਕਿਸਾਨਾਂ ਵੱਲੋਂ ਸਿੰਘੂ ਅਤੇ ਟਿਕਰੀ ਬਾਰਡਰ 'ਤੇ ਭਾਵੁਕ ਹੋ ਕੇ ਗੁਰਬਾਣੀ ਦਾ ਲਗਾਤਾਰ ਸੰਗੀਤਕ ਸੁਰਾਂ ਵਿੱਚ ਉੱਚੀ ਉੱਚੀ ਆਵਾਜ਼ ਵਿੱਚ ਪਾਠ। ਦੋਵਾਂ ਚੀਜ਼ਾਂ ਨੇ ਨਿਰਾਸ਼ ਹੁੰਦੀ ਕਿਸਾਨੀ ਨੂੰ ਨਵੇਂ ਸਿਰਿਓਂ ਤਾਕਤ ਬਖ਼ਸ਼ੀ ਅਤੇ ਘੋਲ ਪਹਿਲਾਂ ਨਾਲੋਂ ਵੀ ਮਜ਼ਬੂਤ ਕਦਮਾਂ ਨਾਲ ਅੱਗੇ ਵਧਿਆ। ਇਹ ਦੋਵੇਂ ਦ੍ਰਿਸ਼ ਫਿਲਮ ਵਿੱਚ ਬੜੀ ਕਲਾਤਮਿਕ ਦ੍ਰਿਸ਼ਟੀ ਨਾਲ ਫਿਲਮਾਏ ਗਏ ਹਨ।

ਫਿਲਮ ਕੇਂਦਰ ਸਰਕਾਰ ਵੱਲੋਂ ਸਤੰਬਰ 2020 ਵਿੱਚ ਲਿਆਂਦੇ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਤੋਂ ਸ਼ੁਰੂ ਹੁੰਦੀ ਹੈ। ਪਹਿਲੇ ਦੋ ਮਹੀਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਸਾਰੇ ਪੰਜਾਬ ਵਿੱਚ ਸ਼ੁਰੂ ਹੋਇਆ। ਹੌਲੀ ਹੌਲੀ ਸੰਯੁਕਤ ਕਿਸਾਨ ਮੋਰਚਾ ਬਣਿਆ ਅਤੇ ਇਸ ਦਾ ਵਿਸਤਾਰ ਹੋਇਆ। ਮੁਲਕ ਦੇ ਪੱਧਰ 'ਤੇ ਵਿਰੋਧ ਸ਼ੁਰੂ ਹੋਇਆ ਅਤੇ 26 ਨਵੰਬਰ 2020 ਤੋਂ ਕਿਸਾਨ ਦਿੱਲੀ ਨੂੰ ਤੁਰ ਪਏ। ਦਿੱਲੀ ਪਹੁੰਚਣ ਤੋਂ ਰੋਕਣ ਲਈ ਸਰਕਾਰ ਨੇ ਬਥੇਰਾ ਜ਼ੋਰ ਲਾਇਆ, ਪਰ ਕਿਸਾਨ ਪੁਰਅਮਨ ਤਰੀਕੇ ਨਾਲ ਡਟੇ ਰਹੇ। ਜਦੋਂ ਉਨ੍ਹਾਂ ਨੂੰ ਦਿੱਲੀ ਅੰਦਰ ਧਰਨੇ ਲਈ ਕੋਈ ਜਗ੍ਹਾ ਨਾ ਦਿੱਤੀ ਗਈ ਤਾਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਦਿੱਲੀ ਦੇ ਤਿੰਨ ਬਾਰਡਰਾਂ – ਸਿੰਘੂ, ਟਿਕਰੀ ਅਤੇ ਗਾਜ਼ੀਪੁਰ – 'ਤੇ ਆਪਸੀ ਸਹਿਮਤੀ ਨਾਲ ਧਰਨੇ ਲਾ ਦਿੱਤੇ। ਟਿਕਰੀ ਬਾਰਡਰ 'ਤੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਗਰੁੱਪ ਦਾ ਜ਼ੋਰ ਸੀ, ਜਿਸ ਜਥੇਬੰਦੀ ਵੱਲੋਂ ਧਰਨੇ ਵਿੱਚ ਔਰਤਾਂ ਦੀ ਸ਼ਮੂਲੀਅਤ ਵੱਡੇ ਪੱਧਰ 'ਤੇ ਹੋਈ। ਹਰ ਰੋਜ਼ ਦਿਨ ਵੇਲੇ ਤਿੰਨਾਂ ਥਾਵਾਂ 'ਤੇ ਜਨਤਕ ਮੀਟਿੰਗਾਂ ਹੁੰਦੀਆਂ ਤੇ ਆਗੂਆਂ ਦੀਆਂ ਤਕਰੀਰਾਂ ਤੋਂ ਇਲਾਵਾ ਪੰਜਾਬ ਦੇ ਉੱਘੇ ਗਾਇਕ ਉੱਥੇ ਆਪਣੇ ਲੋਕ ਗੀਤਾਂ ਨਾਲ ਧਰਨੇ 'ਤੇ ਬੈਠੇ ਲੋਕਾਂ ਦਾ ਮਨੋਰੰਜਨ ਵੀ ਕਰਦੇ। ਪੂਰੇ ਸਾਲ ਦੌਰਾਨ ਕਿਸਾਨ ਕਿਹੜੀਆਂ ਮੁਸੀਬਤਾਂ ਵਿੱਚੋਂ ਲੰਘੇ, ਕਿਵੇਂ 6 ਮਹੀਨੇ ਦੇ ਬੱਚੇ ਤੋਂ ਲੈ ਕੇ 90 ਸਾਲ ਤੱਕ ਦੇ ਬਜ਼ੁਰਗ ਔਰਤਾਂ ਮਰਦਾਂ ਨੇ ਧਰਨੇ ਵਿੱਚ ਸ਼ਮੂਲੀਅਤ ਕੀਤੀ, ਫਿਲਮ ਵਿੱਚ ਇਸ ਨੂੰ ਦ੍ਰਿਸ਼ਾਂ ਰਾਹੀਂ ਬਿਆਨ ਕੀਤਾ ਗਿਆ ਹੈ। ਸਰਕਾਰ ਨੇ ਗੱਲਬਾਤ ਰਾਹੀਂ ਕਿਸਾਨਾਂ ਨੂੰ ਉਲਝਾਉਣ ਤੇ ਲਾਰੇ ਲੱਪਿਆਂ ਨਾਲ ਵਰਚਾਉਣ ਦੀ ਬੜੀ ਕੋਸ਼ਿਸ਼ ਕੀਤੀ। ਫਿਲਮ ਵਿੱਚ ਇਹ ਦ੍ਰਿਸ਼ ਵੀ ਹੈ ਕਿ ਗੱਲਬਾਤ ਸਮੇਂ ਕਿਸਾਨ ਆਗੂ ਸਰਕਾਰੀ ਲੰਚ ਨਾ ਕਰਕੇ ਕਿਵੇਂ ਆਪਣੇ ਧਰਨਿਆਂ ਦੀ ਥਾਂ ਤੋਂ ਆਪਣੀਆਂ ਰੋਟੀਆਂ ਲੈ ਕੇ ਜਾਂਦੇ ਸਨ। ਕਿਸਾਨ ਆਗੂਆਂ ਦੀ ਪਕਿਆਈ ਤੇ ਦ੍ਰਿੜ੍ਹਤਾ ਇੰਨਾ ਪ੍ਰਤੀਕਾਂ ਰਾਹੀਂ ਵੀ ਸਰਕਾਰ ਨੂੰ ਪਤਾ ਲੱਗ ਰਹੀ ਸੀ। ਸੱਭਿਆਚਾਰਕ ਤੌਰ 'ਤੇ ਕੰਵਰ ਗਰੇਵਾਲ ਦੇ ਗੀਤਾਂ ਅਤੇ ਬਹੁਤ ਸਾਰੇ ਕਵੀਆਂ ਦੀਆਂ ਕਵਿਤਾਵਾਂ ਨੇ ਕਿਸਾਨਾਂ ਨੂੰ ਹਲੂਣਾ ਦੇਈ ਰੱਖਿਆ। ਪੰਜਾਬ ਦੇ ਲੇਖਕਾਂ, ਬੁੱਧੀਜੀਵੀਆਂ ਵਿੱਚੋਂ ਸ਼ਾਇਦ ਹੀ ਕੋਈ ਹੋਵੇ ਜਿਹੜਾ ਇਸ ਸੰਘਰਸ਼ ਵਿੱਚ ਕਿਸਾਨਾਂ ਦਾ ਸਾਥ ਦੇਣ ਲਈ ਧਰਨਿਆ 'ਤੇ ਨਾ ਪਹੁੰਚਿਆ ਹੋਵੇ। ਇੱਕ ਵਾਰ ਕਿਸਾਨ 26 ਜਨਵਰੀ ਦੀ ਲਾਲ ਕਿਲੇ ਦੀ ਘਟਨਾ ਤੋਂ ਮੁਕਤ ਹੋ ਗਏ ਤਾਂ ਕਿਸਾਨਾਂ ਤੇ ਸਰਕਾਰ ਵਿੱਚ ਮਨੋਵਿਗਿਆਨਕ ਯੁੱਧ ਸ਼ੁਰੂ ਹੋ ਗਿਆ ਕਿ ਪਹਿਲਾਂ ਕੌਣ ਪੈਰ ਛੱਡਦਾ ਹੈ। ਸਰਕਾਰ ਨੇ ਕਿਸਾਨਾਂ 'ਤੇ ਜ਼ੁਲਮ ਦੀ ਇੰਤਹਾ ਕਰ ਕੇ ਦੇਖ ਲਈ। ਮੋਰਚੇ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ, ਜਿਨ੍ਹਾਂ ਵਿੱਚ ਜ਼ਿਆਦਾਤਰ ਨੌਜਵਾਨ ਸਨ। ਅਖੀਰ ਨੂੰ ਮੋਦੀ ਸਰਕਾਰ ਜਿਸ ਨੇ ਨੌਂ ਸਾਲਾਂ ਵਿੱਚ ਕਿਸੇ ਅੱਗੇ ਵੀ ਝੁਕਣਾ ਨਹੀਂ ਸਿੱਖਿਆ ਸੀ, ਨੂੰ ਕਿਸਾਨ ਏਕਤਾ ਤੇ ਸ਼ਹਾਦਤ ਦੇ ਜਜ਼ਬੇ ਅੱਗੇ ਝੁਕਣਾ ਪਿਆ ਅਤੇ ਇੱਕ ਸਾਲ ਤੋਂ ਵੱਧ (379 ਦਿਨਾਂ) ਦੇ ਧਰਨੇ ਤੋਂ ਬਾਅਦ ਕਾਨੂੰਨ ਵਾਪਸ ਲੈਣੇ ਪਏ। ਗਰਮੀ, ਸਰਦੀ, ਬਰਸਾਤ ਦੌਰਾਨ ਧਰਨੇ 'ਤੇ ਟੈਂਟਾਂ ਵਿੱਚ ਬੈਠੇ ਔਰਤ, ਮਰਦ, ਬੱਚਿਆਂ ਦੇ ਅਜਿੱਤ ਜਜ਼ਬੇ ਤੇ ਅਕੀਦੇ ਸਾਹਮਣੇ ਝੁਕਣਾ ਪਿਆ।

ਫਿਲਮ ਵਿੱਚ ਬੜੇ ਸਜੀਵ ਢੰਗ ਨਾਲ ਦ੍ਰਿਸ਼ ਫਿਲਮਾਏ ਹਨ, ਜਿਵੇਂ ਸਰਦੀ ਵਿੱਚ ਰਜਾਈਆਂ ਦੀ ਘਾਟ। ਇੱਕ ਭੈਣ ਆਪਣੇ ਭਰਾ ਨੂੰ ਹੱਸਦਿਆਂ ਕਹਿੰਦੀ ਹੈ ਕਿ ਮੈਂ ਤੈਨੂੰ ਰੋਟੀ ਬਣਾ ਦੂੰ, ਪਰ ਤੂੰ ਮੈਨੂੰ ਰਜਾਈ ਲਿਆ ਕੇ ਦੇ। ਮਰਦ ਤੇ ਔਰਤਾਂ ਮਿਲ ਕੇ ਰੋਟੀ ਪਕਾਉਂਦੇ, ਭਾਂਡੇ ਧੋਂਦੇ। ਜਿਹੜੇ ਕੰਮ ਘਰਾਂ ਵਿੱਚ ਸਿਰਫ਼ ਔਰਤਾਂ ਕਰਦੀਆਂ ਹਨ, ਇੱਥੇ ਮਰਦ ਵੀ ਕਰਦੇ ਰਹੇ।

ਇਹ ਗੱਲ ਜ਼ਰੂਰ ਹੈ ਕਿ ਜੋਗਿੰਦਰ ਸਿੰਘ ਉਗਰਾਹਾਂ 'ਤੇ ਫਿਲਮ ਵਿੱਚ ਵੱਧ ਧਿਆਨ ਕੇਂਦਰਿਤ ਹੈ। ਹਾਲਾਂਕਿ ਰਾਕੇਸ਼ ਟਿਕੈਤ, ਯੋਗੇਂਦਰ ਯਾਦਵ ਰਮਿੰਦਰ ਸਿੰਘ, ਬਲਬੀਰ ਸਿੰਘ ਰਾਜੇਵਾਲ, ਜਗਜੀਤ ਸਿੰਘ ਡੱਲੇਵਾਲ ਆਦਿ ਆਗੂ ਵੀ ਨਜ਼ਰ ਆਉਂਦੇ ਹਨ, ਪਰ ਉਗਰਾਹਾਂ ਦਾ ਭਾਸ਼ਣ ਸਭ ਤੋਂ ਵੱਧ ਵਾਰ ਦਿਖਾਇਆ ਗਿਆ ਹੈ। ਬਸੰਤੀ ਰੰਗ ਦੀਆਂ ਚੁੰਨੀਆਂ ਨਾਲ ਔਰਤਾਂ ਦੀ ਬੜੀ ਵੱਡੀ ਹਾਜ਼ਰੀ ਨੂੰ ਚੰਗੀ ਤਰ੍ਹਾਂ ਫਿਲਮਾਇਆ ਗਿਆ ਹੈ। ਇਹ ਵੀ ਦਿਖਾਇਆ ਹੈ ਕਿ ਮੋਰਚੇ 'ਤੇ ਲੋਕਾਂ ਦਾ ਸਾਰਾ ਦਿਨ ਕਿਵੇਂ ਲੰਘਦਾ ਸੀ। ਇਸ ਨੂੰ ਕਦੇ ਖੇਡਾਂ ਖੇਡਦਿਆਂ, ਕਦੇ ਨੱਚਦਿਆਂ ਗਾਉਂਦਿਆਂ, ਕਦੇ ਮੋਬਾਈਲ ਜਾਂ ਵੱਡੇ ਪਰਦੇ 'ਤੇ ਸੰਘਰਸ਼ ਦੀਆਂ ਫਿਲਮਾਂ ਦੇਖਦਿਆਂ ਅਤੇ ਭਾਸ਼ਣ ਸੁਣਦਿਆਂ ਜ਼ਿੰਦਾਦਿਲੀ ਨਾਲ ਬਿਤਾਇਆ ਜਾਂਦਾ। ਇੱਕ ਦਿਲਚਸਪ ਗੱਲ ਧਰਨੇ ਵਿੱਚ ਸ਼ਰਾਬ ਪੀਣ ਵਾਲਿਆਂ ਦਾ ਹਿਸਾਬ ਰੱਖਣ ਦੀ ਹੈ। ਉਨ੍ਹਾਂ ਨੂੰ ਮਜ਼ਾਕ ਵਿੱਚ ਭਾਈ ਸਾਬ੍ਹ ਦਾ ਲਕਬ ਦਿੱਤਾ ਗਿਆ ਅਤੇ ਉਨ੍ਹਾਂ 'ਤੇ ਬਾਕਾਇਦਾ ਨਜ਼ਰਸਾਨੀ ਕੀਤੀ ਜਾਂਦੀ। ਉਨ੍ਹਾਂ ਪ੍ਰਤੀ ਰਵੱਈਆ ਹਮਦਰਦੀ ਵਾਲਾ ਹੈ, ਘਿਰਣਾ ਵਾਲਾ ਨਹੀਂ। ਜਥੇਬੰਦੀਆਂ ਪੈਸੇ ਅਤੇ ਚੰਦੇ ਦਾ ਵੀ ਹਿਸਾਬ ਕਿਤਾਬ ਰੱਖਦੀਆਂ।

ਨਿਸ਼ਠਾ ਜੈਨ ਨੇ ਚਾਰ ਸੌ ਘੰਟੇ ਦੀ ਸ਼ੂਟਿੰਗ ਕੀਤੀ ਸੀ, ਜਿਸ ਵਿੱਚੋਂ ਇੱਕ ਘੰਟਾ ਪੰਤਾਲੀ ਮਿੰਟ ਦੀ ਇਹ ਸੰਪਾਦਿਤ ਦਸਤਾਵੇਜ਼ੀ ਫਿਲਮ ਬਣਾ ਕੇ ਦੁਨੀਆ ਭਰ ਵਿੱਚ ਨਾਮਣਾ ਖੱਟਿਆ ਹੈ। ਯੂਰਪ ਵਿੱਚ ਇਸ ਫਿਲਮ ਨੇ ਇਨਾਮ ਵੀ ਹਾਸਿਲ ਕੀਤੇ ਹਨ। ਧਰਨਕਾਰੀਆਂ ਕੋਲ ਭਗਤ ਸਿੰਘ, ਰਾਜਗੁਰੂ, ਸੁਖਦੇਵ, ਊਧਮ ਸਿੰਘ, ਪਾਸ਼ ਆਦਿ ਨਾਇਕਾਂ ਦੀਆਂ ਤਸਵੀਰਾਂ ਆਮ ਹੀ ਦਿਖਾਈ ਦਿੰਦੀਆਂ ਸਨ। ਕਿਸਾਨਾਂ ਨੇ ਆਪਣਾ ਖ਼ੁਦ ਦਾ ਪੰਜਾਬੀ ਅਤੇ ਅੰਗਰੇਜ਼ੀ ਅਖ਼ਬਾਰ 'ਟਰਾਲੀ ਟਾਈਮਜ਼' ਵੀ ਧਰਨੇ ਦੌਰਾਨ ਜਾਰੀ ਰੱਖਿਆ। ਇੰਜ, ਇਸ ਲੰਮੇ ਘੋਲ ਦੌਰਾਨ ਇਨਸਾਨੀ ਜ਼ਰੂਰਤ ਦੀਆਂ ਹਰ ਤਰ੍ਹਾਂ ਦੀਆਂ ਚੀਜ਼ਾਂ ਉੱਥੇ ਮੌਜੂਦ ਸਨ। ਡਾਕਟਰਾਂ ਦੀਆਂ ਟੀਮਾਂ ਅਤੇ ਆਰਜ਼ੀ ਹਸਪਤਾਲ ਫਿਲਮ ਵਿੱਚ ਜ਼ਿਆਦਾ ਨਹੀਂ ਦਿਖਾਏ ਗਏ, ਪਰ ਜ਼ਿੰਦਗੀ ਦੇ ਅਨੇਕਾਂ ਹੋਰ ਰੰਗ ਦ੍ਰਿਸ਼ਮਾਨ ਹੋਏ ਹਨ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਇਹ ਫਿਲਮ ਮਨੁੱਖੀ ਅਧਿਕਾਰ ਦਿਵਸ ਮੌਕੇ ਦਿਖਾਈ ਗਈ ਤਾਂ ਦੋ ਘੰਟੇ ਦਰਸ਼ਕ ਇੰਜ ਬੱਝ ਕੇ ਬੈਠੇ ਰਹੇ ਕਿ ਕੋਈ ਖੰਘਿਆ ਤੱਕ ਨਹੀਂ। ਉਗਰਾਹਾਂ ਗਰੁੱਪ ਵੱਲੋਂ 10 ਦਸੰਬਰ 2020 ਨੂੰ ਮਨੁੱਖੀ ਅਧਿਕਾਰ ਦਿਨ ਮਨਾਇਆ ਗਿਆ ਸੀ, ਜਿਸ ਵਿੱਚ ਭੀਮਾ ਕੋਰੇਗਾਓਂ ਮਾਮਲੇ ਦੇ ਜੇਲ੍ਹਾਂ ਵਿੱਚ ਬੰਦ ਸਿਆਸੀ ਕਾਰਕੁਨਾਂ 'ਤੇ ਧਿਆਨ ਕੇਂਦਰਿਤ ਕਰਕੇ ਉਨ੍ਹਾਂ ਦੀ ਰਿਹਾਈ ਮੰਗੀ ਗਈ ਸੀ, ਪਰ ਫਿਲਮ ਵਿੱਚ ਉਹ ਦ੍ਰਿਸ਼ ਨਹੀਂ ਹੈ। ਉਂਜ, ਮਨੁੱਖੀ ਅਧਿਕਾਰ ਦਿਵਸ ਦੇ ਪੋਸਟਰ ਨਾਲ ਉਗਰਾਹਾਂ ਦਾ ਭਾਸ਼ਣ ਦਿਖਾਇਆ ਗਿਆ ਹੈ।

ਕੁੱਲ ਮਿਲਾ ਕੇ ਇਸ ਵੱਡੇ ਤੇ ਇਤਿਹਾਸਕ ਕਿਸਾਨ ਘੋਲ ਨੂੰ ਸਕਰੀਨ 'ਤੇ ਦੁਬਾਰਾ ਜਿਊਂਦਿਆਂ ਕਰਕੇ ਨਿਸ਼ਠਾ ਜੈਨ ਨੇ ਇਸ ਸੰਘਰਸ਼ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਹੈ। ਹੁਣ ਜਦ ਕਿਸਾਨ ਘੋਲ ਆਪਣੇ ਨਵੇਂ ਦੌਰ ਵਿੱਚ ਫਿਰ ਸਖ਼ਤ ਸੰਘਰਸ਼ ਦੇ ਰਾਹ ਤੁਰਿਆ ਹੋਇਆ ਹੈ, ਉਸ ਵੇਲੇ ਉਨ੍ਹਾਂ ਜਥੇਬੰਦੀਆਂ ਵਿੱਚ ਏਕਤਾ ਦੀ ਘਾਟ ਰੜਕਦੀ ਹੈ, ਜਿਨ੍ਹਾਂ ਨੇ ਤਿੰਨ ਖੇਤੀ ਕਾਨੂੰਨ ਤਾਂ ਵਾਪਸ ਕਰਵਾ ਦਿੱਤੇ, ਪਰ ਬਾਕੀ ਮੰਗਾਂ ਜਿਵੇਂ ਐੱਮਐੱਸਪੀ ਦੀ ਮੰਗ, ਉੱਥੇ ਹੀ ਖੜ੍ਹੀਆਂ ਹਨ, ਜੋ ਕਿਸਾਨਾਂ ਲਈ ਜ਼ਿੰਦਗੀ-ਮੌਤ ਦੀ ਲੜਾਈ ਹੈ। ਕੀ ਸਾਰੀਆਂ ਕਿਸਾਨ ਜਥੇਬੰਦੀਆਂ ਫਿਰ ਉਹ ਏਕਾ ਦਿਖਾ ਸਕਣਗੀਆਂ, ਜਿਸ ਨਾਲ ਉਨ੍ਹਾਂ 2020-21 ਦਾ ਇਤਿਹਾਸ ਸਿਰਜਿਆ ਸੀ। ਸਰਕਾਰ ਤਾਂ ਤਿੰਨੇ ਕਾਨੂੰਨ ਨਵੇਂ ਰੂਪ ਵਿੱਚ ਲਿਆਉਣ ਨੂੰ ਤਿਆਰ ਬੈਠੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ 41 ਦਿਨਾਂ ਤੋਂ ਮਰਨ ਵਰਤ 'ਤੇ ਬੈਠਾ ਹੈ, ਪਰ ਕਿਸਾਨ ਜਥੇਬੰਦੀਆਂ ਮੁੜ ਏਕਾ ਕਰ ਕੇ ਸਰਕਾਰ ਦੇ ਗੋਡੇ ਲੁਆਉਣ ਲਈ ਹਾਲੇ ਤਿਆਰ ਨਹੀਂ ਜਾਪਦੀਆਂ। ਕੀ ਇਨਕਲਾਬ ਦੀ ਖੇਤੀ ਨੂੰ ਮੁੜ ਬੂਰ ਪਵੇਗਾ ਜਾਂ ਇਹ ਫਿਲਮ ਵਿੱਚ ਹੀ ਸੀਮਤ ਹੋ ਕੇ ਰਹਿ ਜਾਵੇਗੀ?

ਜਸਵਿੰਦਰ ਕੌਰ, ਸੰਪਰਕ: 98144-94984

# ਫਿਊਚਰ

"ਦੇਖੋ ਜੀ! ਅੱਜ ਦੇ ਸਮੇਂ ਵਿੱਚ ਬੱਚੇ ਨੂੰ ਸਮੇਂ ਦੇ ਨਾਲ ਚੱਲਣਾ ਬਹੁਤ ਜ਼ਰੂਰੀ ਹੈ ਤੇ ਅੱਜਕੱਲ੍ਹ ਟੈਕਨੋਲੋਜੀ ਦਾ ਯੁੱਗ ਹੈ ਜੀ। ਸਾਡੇ ਸਕੂਲ 'ਚ ਅਸੀਂ ਟੈਕਨੀਕਲ ਲੈਬਾਂ ਬਣਾਈਆਂ ਨੇ, ਬੱਚਿਆਂ ਨੂੰ ਫਿਊਚਰਿਸਟਿਕ ਐਜੂਕੇਸ਼ਨ ਦੇਣਾ ਸਾਡਾ ਮੁੱਖ ਮੰਤਵ ਆ ਜੀ। ਤੁਸੀਂ ਸਾਡੇ ਸਕੂਲ ਦੀ ਬਿਲਡਿੰਗ, ਸਾਡੇ ਸਕੂਲ ਦਾ ਫਰਨੀਚਰ ਦੇਖੋ। ਤੁਹਾਨੂੰ ਆਪਣੇ ਆਪ ਇਨ੍ਹਾਂ ਚੀਜ਼ਾਂ ਦਾ ਅਹਿਸਾਸ ਹੋਵੇਗਾ।" ਸਕੂਲ ਵਿੱਚ ਨਵਾਂ ਸੈਸ਼ਨ ਸ਼ੁਰੂ ਹੋਣ 'ਤੇ ਦਾਖਲੇ ਲਈ ਆਪਣੇ ਮੁਹੱਲੇ ਵਿੱਚ ਕਿਸੇ ਦੇ ਘਰ ਗਈ ਆਰਤੀ ਨੇ ਬੱਚੇ ਦੇ ਘਰਦਿਆਂ ਨੂੰ ਸਮਝਾਉਂਦਿਆਂ ਕਿਹਾ। "ਪਰ ਮੈਡਮ ਜੀ, ਤੁਹਾਡੇ ਸਕੂਲ ਦੀ ਇੰਨੀ ਫੀਸ ਭਰਨ ਦੀ ਹਿੰਮਤ ਨਹੀਂ ਜੀ ਸਾਡੇ 'ਚ।" ਬੱਚੇ ਦੀ ਦਾਦੀ ਨੇ ਆਰਤੀ ਦੀਆਂ ਗੱਲਾਂ ਸੁਣ ਕੇ ਆਖਿਆ। "ਕੋਈ ਗੱਲ ਨਹੀਂ ਜੀ, ਦਾਖਲਾ ਫੀਸ ਮੈਂ ਪ੍ਰਿੰਸੀਪਲ ਨੂੰ ਕਹਿ ਕੇ ਮੁਆਫ਼ ਕਰਾ ਦਿਆਂਗੀ। ਬਾਕੀ ਫੀਸ ਵੀ ਜੇ ਤੁਸੀਂ ਇਕੱਠੀ ਨਾ ਭਰ ਸਕੋ ਤਾਂ ਕਿਸ਼ਤਾਂ ਵਿੱਚ ਦੇ ਦਿਓ। ਉਹ ਮੈਂ ਆਪੇ ਦੇਖ ਲਊਂ ਜੀ। ਬਸ ਤੁਸੀਂ ਆਪਣੇ ਬੱਚੇ ਦੇ ਫਿਊਚਰ ਬਾਰੇ ਸੋਚੋ ਤੇ ਆਹ ਦਾਖਲਾ ਫਾਰਮ ਭਰੋ।" ਆਰਤੀ ਕਿਸੇ ਵੀ ਤਰ੍ਹਾਂ ਇਸ ਦਾਖਲੇ ਨੂੰ ਆਪਣੇ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀ ਸੀ। ਗੱਲੀਂ-ਬਾਤੀਂ ਕਿਸੇ ਵੀ ਗੱਲ 'ਤੇ ਅੜਦੇ ਬੱਚੇ ਦੇ ਘਰਦਿਆਂ ਨੂੰ ਆਰਤੀ ਵਲ਼ ਪਾ ਕੇ ਦੁਬਾਰਾ ਦਾਖਲੇ 'ਤੇ ਲੈ ਹੀ ਆਉਂਦੀ ਤੇ ਅੰਤ ਕੱਲ੍ਹ ਸਕੂਲ ਆ ਕੇ ਦਾਖਲਾ ਕਰਵਾਉਣ ਦਾ ਵਾਅਦਾ ਲੈ ਕੇ ਉਹ ਫਾਰਮ ਭਰਾ ਕੇ ਘਰ ਮੁੜ ਆਈ।

ਅੱਜ ਸਵੇਰ ਤੋਂ ਹੀ ਉਸ ਦੀਆਂ ਨਜ਼ਰਾਂ ਸਕੂਲ ਦੇ ਗੇਟ 'ਤੇ ਸਨ। ਆਨੇ-ਬਹਾਨੇ ਉਹ ਦੋ-ਚਾਰ ਗੇੜੇ ਸਕੂਲ ਦੇ ਗੇਟ 'ਤੇ ਵੀ ਮਾਰ ਆਈ ਸੀ। ਸਕੂਲ ਵਿੱਚ ਚੱਲਦੇ ਦਾਖਲਿਆਂ ਦੇ ਬੋਲਬਾਲੇ ਦੌਰਾਨ ਉਸ ਨੂੰ ਡਰ ਸੀ ਕਿ ਕਿਧਰੇ ਕੋਈ ਉਸ ਦਾ ਦਾਖਲਾ ਨਾ ਦਬੋਚ ਲਵੇ। ਆਰਤੀ ਨੂੰ ਪ੍ਰੇਸ਼ਾਨ ਦੇਖ ਕੇ ਗੇਟ 'ਤੇ ਖੜ੍ਹਾ ਚਪੜਾਸੀ ਬੋਲਿਆ, "ਕੀ ਗੱਲ ਮੈਡਮ ਜੀ, ਆਉਣਾ ਕਿਸੇ ਖ਼ਾਸ ਨੇ? ਅੱਜ ਸਵੇਰ ਦੇ ਤੁਸੀਂ ਕਈ ਗੇੜੇ ਮਾਰ ਗਏ।" "ਹਾਂਜੀ! ਬਾਈ ਜੀ, ਇੱਕ ਦਾਖਲੇ ਵਾਲਿਆਂ ਨੇ ਆਉਣਾ ਸੀ।" ਆਰਤੀ ਨੇ ਬੇਧਿਆਨੀ ਜਿਹੀ ਨਾਲ ਉੱਤਰ ਦਿੱਤਾ। "ਤਾਂ ਫਿਰ ਆ ਜਾਣਗੇ ਮੈਡਮ ਜੀ, ਇਹਦੇ 'ਚ ਇੰਨੇ ਪਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਐ?" ਚਪੜਾਸੀ ਫਿਰ ਬੋਲਿਆ। "ਹੂੰ", ਕਹਿ ਕੇ ਆਰਤੀ ਵਾਪਸ ਕਲਾਸ ਵੱਲ ਤੁਰ ਪਈ। 'ਤੁਸੀਂ ਨਹੀਂ ਸਮਝੋਗੇ ਪ੍ਰੇਸ਼ਾਨੀ। ਇਨ੍ਹਾਂ ਦਾਖਲਿਆਂ 'ਤੇ ਹੀ ਸਾਡੀ ਇਸ ਨੌਕਰੀ ਦਾ ਫਿਊਚਰ ਟਿਕਿਆ ਹੋਇਐ ਬਾਈ ਜੀ!' ਮਨ ਵਿੱਚ ਆਰਤੀ ਬੋਲਦੀ ਜਾ ਰਹੀ ਸੀ। ਇੰਨੇ ਨੂੰ ਸਾਹਮਣੇ ਮੂੰਹ ਲਟਕਾਈ ਤੇ ਹੱਥ 'ਚ ਕਾਗਜ਼ ਜਿਹਾ ਫੜੀ ਆਉਂਦੀ ਕਮਲ ਉਸ ਨੂੰ ਮੈਨੇਜਮੈਂਟ ਦੇ ਦਫ਼ਤਰ ਦੇ ਬਾਹਰ ਮਿਲੀ। "ਕੀ ਗੱਲ ਕਮਲ ਮੈਡਮ?" ਆਰਤੀ ਨੇ ਉਸਦੇ ਹਾਵ-ਭਾਵ ਤੱਕਦਿਆਂ ਕਿਹਾ। ਆਪਣੇ ਹੱਥ ਵਿੱਚ ਫੜਿਆ ਨੋਟਿਸ ਕਮਲ ਨੇ ਉਸ ਨੂੰ ਫੜਾ ਦਿੱਤਾ, ਜਿਸ 'ਚ ਲਿਖਿਆ ਸੀ ਕਿ ਜੇ ਉਸ ਨੇ ਇਸ ਹਫ਼ਤੇ ਸਕੂਲ ਵਿੱਚ ਤਿੰਨ ਦਾਖਲੇ ਨਾ ਕਰਵਾਏ ਤਾਂ ਸਕੂਲ ਵੱਲੋਂ ਉਸ ਨੂੰ ਨੌਕਰੀ ਤੋਂ ਜਵਾਬ ਹੈ। ਨੋਟਿਸ ਪੜ੍ਹਦਿਆਂ ਆਰਤੀ ਦੇ ਮੂੰਹ ਉੱਤੇ ਹਵਾਈਆਂ ਉੱਡਣ ਲੱਗੀਆਂ। 'ਫਿਊਚਰਿਸਟਿਕ ਐਜੂਕੇਸ਼ਨ' ਦੇ ਅਦਾਰੇ ਵਿੱਚ ਖੜ੍ਹੀ ਉਹ ਆਪਣੇ ਫਿਊਚਰ ਬਾਰੇ ਸੋਚਣ ਲੱਗੀ। ਇੰਨੇ ਨੂੰ ਅਗਲੇ ਪੀਰੀਅਡ ਦੀ ਘੰਟੀ ਵੱਜ ਗਈ, ਪਰ ਉਸ ਦੀ ਨਜ਼ਰ ਹਾਲੇ ਵੀ ਸਕੂਲ ਦੇ ਗੇਟ 'ਤੇ ਸੀ।

ਲੇਖਕ : ਡਾ. ਗੁਰਜੀਤ ਸਿੰਘ ਭੱਠਲ
ਸੰਪਰਕ: 98142-05475 (ਵਟਸਐਪ)



# ਲਾਹੇਵੰਦ ਤਕਨੀਕ
# ਕੰਪਿਊਟਰ ਦ੍ਰਿਸ਼ਟੀ

ਕੰਪਿਊਟਰ ਦ੍ਰਿਸ਼ਟੀ (Computer Vision) ਇੱਕ ਅਜਿਹੀ ਤਕਨੀਕ ਹੈ, ਜਿਸ ਦਾ ਮੁੱਖ ਮਕਸਦ ਕੰਪਿਊਟਰਾਂ ਨੂੰ ਦ੍ਰਿਸ਼ਟੀ ਪ੍ਰਦਾਨ ਕਰਨਾ ਹੈ। ਜਿਵੇਂ ਇਨਸਾਨੀ ਅੱਖਾਂ ਕੰਮ ਕਰਦੀਆਂ ਹਨ ਅਤੇ ਇਨਸਾਨੀ ਦਿਮਾਗ਼ ਫ਼ੈਸਲੇ ਲੈਂਦਾ ਹੈ, ਉਸੇ ਤਰ੍ਹਾਂ ਇਹ ਤਕਨੀਕ ਕੰਪਿਊਟਰਾਂ ਨੂੰ ਤਸਵੀਰਾਂ ਅਤੇ ਫਿਲਮਾਂ ਨੂੰ ਦੇਖਣ, ਸਮਝਣ ਅਤੇ ਉਨ੍ਹਾਂ ਨਾਲ ਜੁੜੀ ਜਾਣਕਾਰੀ ਪ੍ਰਾਪਤ ਕਰਨ ਦੀ ਸਮਰੱਥਾ ਦਿੰਦੀ ਹੈ। ਇਸ ਦਾ ਮਕਸਦ ਮਨੁੱਖੀ ਅੱਖਾਂ ਅਤੇ ਦਿਮਾਗ਼ ਦੀ ਤਰ੍ਹਾਂ ਕੰਪਿਊਟਰਾਂ ਨੂੰ ਦ੍ਰਿਸ਼ਟੀਗਤ ਸੂਝ-ਬੂਝ ਦੇਣਾ ਹੈ।

ਆਧੁਨਿਕ ਤਕਨੀਕੀ ਯੁੱਗ ਵਿੱਚ ਨਿੱਤ ਦਿਨ ਹੋ ਰਹੀਆਂ ਨਵੀਆਂ ਤਬਦੀਲੀਆਂ ਅਤੇ ਖੋਜਾਂ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਬਿਹਤਰ ਅਤੇ ਸੁਖਾਲੀ ਕਰ ਰਹੀਆਂ ਹਨ। ਵਿਗਿਆਨ ਦੀਆਂ ਇਨ੍ਹਾਂ ਖੋਜਾਂ ਅਤੇ ਉਨ੍ਹਾਂ ਵਿੱਚ ਸਮੇਂ-ਸਮੇਂ ਹੋਏ ਸੁਧਾਰਾਂ ਦਾ ਇਤਿਹਾਸ ਹਮੇਸ਼ਾਂ ਹੀ ਬੜਾ ਦਿਲਚਸਪ ਰਿਹਾ ਹੈ। ਉਦਹਾਰਣ ਦੇ ਤੌਰ ’ਤੇ, ਸਭ ਤੋਂ ਪਹਿਲਾਂ ਕੈਮਰੇ ਦੁਆਰਾ ਤਸਵੀਰਾਂ (ਸਟਿਲ ਫੋਟੋਗਰਾਫੀ) ਅਤੇ ਫਿਲਮ (ਵੀਡੀਓ ਰਿਕਾਰਡਿੰਗ) ਦਾ ਆਵਿਸ਼ਕਾਰ ਸਾਡੀ ਜ਼ਿੰਦਗੀ ਵਿੱਚ ਬਹੁਤ ਵੱਡੇ ਬਦਲਾਅ ਲੈ ਕੇ ਆਇਆ। ਕੈਮਰੇ ਦੀਆਂ ਸ਼ੁਰੂਆਤੀ ਖੋਜਾਂ ਤਸਵੀਰਾਂ ’ਤੇ ਕੇਂਦਰਿਤ ਸਨ, ਜਿਸ ਵਿੱਚ ਇੱਕ ਚਿੱਤਰ ਲੈਣਾ ਅਤੇ ਉਸ ਨੂੰ ਸਟੋਰ ਕਰਨਾ ਹੀ ਮੁੱਖ ਮੰਤਵ ਸੀ। 19ਵੀਂ ਸਦੀ ਦੇ ਮੱਧ ਵਿੱਚ ਫੋਟੋਗ੍ਰਾਫੀ ਵਿੱਚ ਕਾਫ਼ੀ ਤਰੱਕੀ ਹੋਈ, ਜਦੋਂ ਪਹਿਲੀ ਵਾਰ ਵਿਅਕਤੀਗਤ ਅਤੇ ਪਰਿਵਾਰਕ ਤਸਵੀਰਾਂ ਯਾਦਗਾਰ ਦੇ ਤੌਰ ’ਤੇ ਲੈਣੀਆਂ ਸ਼ੁਰੂ ਕੀਤੀਆਂ ਗਈਆਂ। 20ਵੀਂ ਸਦੀ ਦੀ ਸ਼ੁਰੂਆਤ ਵਿੱਚ ਫਿਲਮ (ਵੀਡੀਓ ਰਿਕਾਰਡਿੰਗ) ਦੀ ਖੋਜ ਹੋਈ, ਜਿਸ ਨਾਲ ਵਧੇਰੇ ਗੁੰਝਲਦਾਰ ਦ੍ਰਿਸ਼ ਬਣਾ ਕੇ ਸੰਭਾਲਣ ਦੀ ਯੋਗਤਾ ਵਧ ਗਈ। ਇਸ ਨੂੰ ਫਿਲਮ ਜਾਂ ਚਲਚਿੱਤਰ ਕਹਿ ਸਕਦੇ ਹਾਂ। ਜਿਉਂ-ਜਿਉਂ ਕੈਮਰੇ ਨੇ ਤਸਵੀਰਾਂ ਅਤੇ ਫਿਲਮਾਂ ਬਣਾਉਣ ਦੀ ਸਮਰੱਥਾ ਵਿਕਸਿਤ ਕੀਤੀ, ਉਸੇ ਤਰ੍ਹਾਂ ਕੰਪਿਊਟਰ ਦ੍ਰਿਸ਼ਟੀ ਦੀ ਖੋਜ ਨੇ ਵੀ ਇਸ ਤਕਨੀਕ ਨੂੰ ਹੋਰ ਅੱਗੇ ਵਧਾਇਆ। ਕੰਪਿਊਟਰ ਦ੍ਰਿਸ਼ਟੀ ਦੀ ਸ਼ੁਰੂਆਤ 1960ਵਿਆਂ ਦੇ ਦਹਾਕੇ ਵਿੱਚ ਹੋਈ ਜਦੋਂ ਪਹਿਲੀ ਵਾਰ ਕੁਝ ਖੋਜਾਰਥੀਆਂ ਨੇ ਤਸਵੀਰਾਂ ਦੀ ਪ੍ਰੋਸੈਸਿੰਗ ਲਈ ਕੰਪਿਊਟਰ ਪ੍ਰੋਗਰਾਮ ਤਿਆਰ ਕੀਤੇ। 1970ਵਿਆਂ ਦੌਰਾਨ 2-ਡੀ ਤਸਵੀਰਾਂ ਦੀ ਪ੍ਰੋਸੈਸਿੰਗ ਦੇ ਤਰੀਕੇ ਵਿਕਸਤ ਕੀਤੇ ਗਏ। ਸ਼ੁਰੂ ਵਿੱਚ ਕੰਪਿਊਟਰਾਂ ਨੂੰ ਚਿੱਤਰਾਂ ’ਤੇ ਸਾਧਾਰਨ ਕਾਰਵਾਈ ਕਰਨ ਦੀ ਸਮਰੱਥਾ ਦਿੱਤੀ। 1990ਵਿਆਂ ਦੌਰਾਨ ਕੰਪਿਊਟਰ ਦ੍ਰਿਸ਼ਟੀ ਵਿੱਚ ਮੁੱਖ ਤੌਰ ’ਤੇ ਮਨਸੂਈ ਬੁੱਧੀ (Artificial Intelligence) ਨਾਲ ਜੁੜੀਆਂ ਤਕਨੀਕਾਂ ਜਿਵੇਂ ਕਿ ਮਸ਼ੀਨ ਲਰਨਿੰਗ (Machine Learning), ਡੀਪ ਲਰਨਿੰਗ (Deep Learning) ਅਤੇ ਨਿਊਰਲ ਨੈੱਟਵਰਕ (Neural Network) ਵਰਤੀਆਂ ਜਾਣ ਲੱਗੀਆਂ, ਜੋ ਮਸ਼ੀਨਾਂ ਨੂੰ ਸਿਖਾਉਂਦੀਆਂ ਹਨ ਕਿ ਤਸਵੀਰਾਂ ਅਤੇ ਫਿਲਮਾਂ ਨੂੰ ਦ੍ਰਿਸ਼ਟੀਗਤ ਦੇ ਰੂਪ ਵਿੱਚ ਕਿਵੇਂ ਪਛਾਣਿਆ ਜਾਵੇ ਅਤੇ ਉਸ ਤੋਂ ਕੰਪਿਊਟਰ ਜਾਂ ਮਸ਼ੀਨਾਂ ਨੂੰ ਕਿਵੇਂ ਫ਼ੈਸਲੇ ਲੈਣ ਯੋਗ ਬਣਾਇਆ ਜਾਵੇ। ਕੰਪਿਊਟਰ ਦ੍ਰਿਸ਼ਟੀ ਪ੍ਰਣਾਲੀ ਕੈਮਰਿਆਂ, ਸੈਂਸਰਾਂ ਅਤੇ ਕੰਪਿਊਟਰ ਪ੍ਰੋਗਰਾਮ ਦਾ ਸੰਗ੍ਰਹਿ ਹੈ। ਕੰਪਿਊਟਰ ਦ੍ਰਿਸ਼ਟੀ ਦੇ ਬਿਹਤਰੀਨ ਇਸਤੇਮਾਲ ਵਿੱਚ ਸਵੈ-ਚਲਿਤ ਕਾਰਾਂ, ਗੇਮਿੰਗ, ਖੇਤੀਬਾੜੀ, ਮੈਡੀਕਲ, ਅਤੇ ਸੁਰੱਖਿਆ ਖੇਤਰ ਸ਼ਾਮਲ ਹਨ। ਇਨ੍ਹਾਂ ਵਿੱਚੋਂ ਮੈਡੀਕਲ ਅਤੇ ਸੁਰੱਖਿਆ ਖੇਤਰ ਵਿੱਚ ਇਸ ਤਕਨੀਕ ਦੀਆਂ ਬੇਹੱਦ ਵੱਡੀਆਂ ਸੰਭਾਵਨਾਵਾਂ ਹਨ।

ਮੈਡੀਕਲ ਖੇਤਰ ਵਿੱਚ ਕੰਪਿਊਟਰ ਦ੍ਰਿਸ਼ਟੀ ਨੂੰ ਰੋਗ ਪਛਾਣਨ, ਤਸਵੀਰ ਵਿਸ਼ਲੇਸ਼ਣ ਅਤੇ ਸਰਜਰੀ ਦੇ ਮਾਹਰ ਰੋਬੋਟਾਂ ਦੀ ਮਦਦ ਲਈ ਵਰਤਿਆ ਜਾ ਰਿਹਾ ਹੈ। ਜਿਵੇਂ ਕਿ ਕੈਂਸਰ ਜਾਂ ਦਿਲ ਦੀਆਂ ਬਿਮਾਰੀਆਂ ਦੇ ਸ਼ੁਰੂਆਤੀ ਪੜਾਅ ਵਿੱਚ ਪਤਾ ਲਾਉਣਾ ਹੁੰਦਾ ਹੈ, ਇੱਥੇ ਕੰਪਿਊਟਰ ਦ੍ਰਿਸ਼ਟੀ ਮਸ਼ੀਨਾਂ ਨੂੰ ਤਸਵੀਰਾਂ ਦੀ ਗਹਿਰਾਈ ਨਾਲ ਵਿਸ਼ਲੇਸ਼ਣ ਕਰਨ ਦੇ ਕਾਬਲ ਬਣਾ ਰਹੀ ਹੈ। ਰੇਡੀਓਲੌਜੀ ਵਿੱਚ, ਕੰਪਿਊਟਰਾਂ ਦੀ ਮਦਦ ਨਾਲ ਰੋਗ ਪਛਾਣ ਪ੍ਰਕਿਰਿਆ ਤੇਜ਼ ਅਤੇ ਸ਼ੁੱਧ ਬਣ ਗਈ ਹੈ। ਮੈਡੀਕਲ ਦ੍ਰਿਸ਼ਟੀ ਪ੍ਰਣਾਲੀ ਰੋਗੀਆਂ ਦੇ ਇਲਾਜ ਵਿੱਚ ਪ੍ਰਗਤੀਸ਼ੀਲ ਦਿਸ਼ਾ ਵਿੱਚ ਕੰਮ ਕਰ ਰਹੀ ਹੈ, ਜਿਸ ਨਾਲ ਡਾਕਟਰਾਂ ਨੂੰ ਮਰੀਜ਼ਾਂ ਦੀ ਬਿਮਾਰੀ ਦੀ ਸਹੀ ਸਮੇਂ ਪਛਾਣ ਅਤੇ ਇਲਾਜ ਵਿੱਚ ਬਹੁਤ ਸਹਾਇਤਾ ਮਿਲ ਰਹੀ ਹੈ। ਭਵਿੱਖ ਵਿੱਚ ਇਹ ਤਕਨੀਕ ਮੈਡੀਕਲ ਖੇਤਰ ਵਿੱਚ ਕਈ ਨਵੇਂ ਤਰੀਕਿਆਂ ਨਾਲ ਮਰੀਜ਼ਾਂ ਦਾ ਇਲਾਜ ਕਰਨ ਲਈ ਸਹਾਈ ਹੋਵੇਗੀ। ਮੈਡੀਕਲ ਤਸਵੀਰਾਂ ਅਤੇ ਰੋਬੋਟਿਕ ਸਰਜਰੀ ਵਿੱਚ ਕੰਪਿਊਟਰ ਦ੍ਰਿਸ਼ਟੀ ਦਾ ਇਨਕਲਾਬੀ ਯੋਗਦਾਨ ਹੈ। ਇਹ ਸਿਰਫ਼ ਡਾਇਗਨੋਸਟਿਕ ਪ੍ਰਕਿਰਿਆ ਨੂੰ ਹੀ ਨਹੀਂ ਸੁਧਾਰੇਗੀ ਸਗੋਂ ਇਸ ਨੂੰ ਹੋਰ ਵੀ ਸੰਪੂਰਨ ਬਣਾਏਗੀ। ਆਉਣ ਵਾਲੇ ਸਮੇਂ ਵਿੱਚ ਕੰਪਿਊਟਰ ਦ੍ਰਿਸ਼ਟੀ ਸਰਜਰੀ ਰੋਬੋਟਾਂ ਦੇ ਨਾਲ ਮਿਲ ਕੇ ਮਰੀਜ਼ਾਂ ਦੇ ਇਲਾਜ ਨੂੰ ਬਿਲਕੁਲ ਸਹੀ ਅਤੇ ਨਿਸ਼ਾਨਾ-ਬੱਧ ਬਣਾਏਗੀ, ਜਿਸ ਨਾਲ ਇਨਸਾਨੀ ਭੁੱਲਾਂ ਤੋਂ ਰਹਿਤ ਇਲਾਜ ਸੰਭਵ ਹੋਵੇਗਾ। ਇਹ ਰੋਗ ਪਛਾਣ ਦੇ ਖੇਤਰ ਵਿੱਚ ਡਾਕਟਰਾਂ ਦੇ ਕੰਮ ਨੂੰ ਬਹੁਤ ਹੱਦ ਤੱਕ ਆਸਾਨ ਕਰੇਗੀ ਅਤੇ ਮਰੀਜ਼ਾਂ ਦੀ ਜ਼ਿੰਦਗੀ ਨੂੰ ਬਚਾਉਣ ਵਿੱਚ ਅਹਿਮ ਯੋਗਦਾਨ ਪਾਵੇਗੀ।

ਸੁਰੱਖਿਆ ਖੇਤਰ ਵਿੱਚ ਕੰਪਿਊਟਰ ਦ੍ਰਿਸ਼ਟੀ ਦੀ ਵੱਡੇ ਪੱਧਰ ’ਤੇ ਵਰਤੋਂ ਹੋ ਰਹੀ ਹੈ। ਸੁਰੱਖਿਆ ਦੇ ਮਾਮਲਿਆਂ ਵਿੱਚ ਚਿਹਰੇ ਦੀ ਪਛਾਣ (Face Recognition) ਦੀ ਤਕਨੀਕ ਬਹੁਤ ਹੀ ਲਾਭਦਾਇਕ ਸਾਬਤ ਹੋਈ ਹੈ। ਇਹ ਪ੍ਰਣਾਲੀ ਹਵਾਈ ਅੱਡਿਆਂ, ਸਰਕਾਰੀ ਇਮਾਰਤਾਂ ਅਤੇ ਵੱਡੇ ਪੱਧਰ ਦੀਆਂ ਕਾਰੋਬਾਰੀ ਸੰਸਥਾਵਾਂ ਵਿੱਚ ਸੁਰੱਖਿਆ ਦੀਆਂ ਕਾਰਵਾਈਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਰਤੀ ਜਾਂਦੀ ਹੈ। ਚਿਹਰੇ ਦੀ ਪਛਾਣ ਅਤੇ ਸਵੈਚਾਲਿਤ ਨਿਗਰਾਨੀ ਪ੍ਰਣਾਲੀ ਦੀ ਮਦਦ ਨਾਲ ਅਣਪਛਾਤੇ ਲੋਕਾਂ ਦੀ ਪਛਾਣ ਹੋ ਸਕਦੀ ਹੈ ਅਤੇ ਸੁਰੱਖਿਆ ਵਿੱਚ ਖ਼ਤਰਾ ਬਣ ਰਹੀਆਂ ਸਥਿਤੀਆਂ ਨੂੰ ਰੋਕਿਆ ਜਾ ਸਕਦਾ ਹੈ। ਇਨ੍ਹਾਂ ਤੋਂ ਇਲਾਵਾ, ਜੰਗਲਾਤ ਵਿੱਚ ਨਿਗਰਾਨੀ ਡਰੋਨ ਦੀ ਮਦਦ ਨਾਲ ਜੰਗਲੀ ਜੀਵਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਜਿਸ ਨਾਲ ਜੰਗਲਾਂ ਵਿੱਚ ਹੋ ਰਹੇ ਅਪਰਾਧਾਂ ’ਤੇ ਕਾਬੂ ਪਾਇਆ ਜਾ ਸਕਦਾ ਹੈ। ਸੁਰੱਖਿਆ ਖੇਤਰ ਵਿੱਚ ਵੀ ਕੰਪਿਊਟਰ ਦ੍ਰਿਸ਼ਟੀ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਹਨ। ਹਾਲਾਂਕਿ ਅੱਜ ਚਿਹਰੇ ਦੀ ਪਛਾਣ ਤਕਨੀਕ ਵਰਤੀ ਜਾ ਰਹੀ ਹੈ, ਭਵਿੱਖ ਵਿੱਚ ਇਹ ਸਿਸਟਮ ਹੋਰ ਵੀ ਅੱਗੇ ਵਧ ਕੇ ਸਰੀਰ ਦੇ ਹੋਰ ਹਿੱਸਿਆਂ ਅਤੇ ਗਤੀਵਿਧੀਆਂ ਨੂੰ ਵੀ ਪਛਾਣਨ ਯੋਗ ਹੋ ਜਾਵੇਗਾ। ਅਜਿਹੇ ਸਿਸਟਮ ਜਿਹੜੇ ਸਿਰਫ਼ ਚਿਹਰੇ ਤੋਂ ਪਛਾਣ ਕਰਦੇ ਹਨ, ਉਹ ਵਿਕਸਿਤ ਹੋ ਕੇ ਪੂਰੇ ਸਰੀਰ ਦੀ ਡੀਲ-ਡੌਲ, ਚਾਲ, ਗਤੀ ਅਤੇ ਹੋਰ ਵਿਸ਼ੇਸ਼ਤਾਵਾਂ ਨੂੰ ਵੀ ਸਮਝਣ ਦੀ ਸਮਰੱਥਾ ਰੱਖਣਗੇ। ਇਸ ਨਾਲ ਸੁਰੱਖਿਆ ਪ੍ਰਬੰਧ ਹੋਰ ਸਖ਼ਤ ਅਤੇ ਨਿੱਜੀ ਹੋਣਗੇ।

ਖੇਤੀਬਾੜੀ ਖੇਤਰ ਵਿੱਚ ਕੰਪਿਊਟਰ ਦ੍ਰਿਸ਼ਟੀ ਦੀ ਵਰਤੋਂ ਵੀ ਬੇਹੱਦ ਫ਼ਾਇਦੇਮੰਦ ਹੈ। ਇਸ ਤਕਨੀਕ ਨਾਲ ਖੇਤਾਂ ਦੀ ਜ਼ਮੀਨੀ ਹਾਲਤ, ਤਾਪਮਾਨ ਅਤੇ ਨਮੀ, ਪਾਣੀ ਦੀ ਲੋੜ ਅਤੇ ਫ਼ਸਲਾਂ ਦੀ ਹਾਲਤ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਸੁਖਾਲਾ ਹੋ ਗਿਆ ਹੈ। ਖੇਤਾਂ ਵਿੱਚ ਕੈਮਰਿਆਂ ਅਤੇ ਸੈਂਸਰਾਂ ਦੀ ਵਰਤੋਂ ਕਰਕੇ, ਫਸਲਾਂ ਵਿੱਚ ਬਿਮਾਰੀਆਂ ਦਾ ਪਹਿਲਾਂ ਹੀ ਪਤਾ ਲੱਗ ਜਾ ਸਕਦਾ ਹੈ। ਇਨ੍ਹਾਂ ਰੋਗਾਂ ਦੀ ਪਛਾਣ ਕਰਨ ਲਈ ਤਸਵੀਰਾਂ ਨੂੰ ਕੰਪਿਊਟਰ ਦ੍ਰਿਸ਼ਟੀ ਅਤੇ ਕੰਪਿਊਟਰ ਪ੍ਰੋਗਰਾਮਿੰਗ ਦੁਆਰਾ ਵਿਸ਼ਲੇਸ਼ਿਤ ਕੀਤਾ ਜਾਂਦਾ ਹੈ। ਡਰੋਨ ਅਤੇ ਸਵੈਚਾਲਿਤ ਮਸ਼ੀਨਾਂ ਦੀ ਮਦਦ ਨਾਲ ਨਿਗਰਾਨੀ ਸਵੈਚਲਿਤ ਤਰੀਕੇ ਨਾਲ ਹੋ ਰਹੀ ਹੈ, ਜੋ ਕਿਸਾਨਾਂ ਨੂੰ ਸਫਲਤਾ ਨਾਲ ਫ਼ਸਲਾਂ ਦੀ ਵਾਧੂ ਪੈਦਾਵਾਰ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਖੇਤੀਬਾੜੀ ਵਿੱਚ ਜੰਗਲੀ ਜੀਵਾਂ ਦੀ ਨਿਗਰਾਨੀ ਲਈ ਵੀ ਕੰਪਿਊਟਰ ਦ੍ਰਿਸ਼ਟੀ ਦੀ ਵਰਤੋਂ ਹੋ ਰਹੀ ਹੈ, ਜਿਸ ਨਾਲ ਜੰਗਲਾਂ ਅਤੇ ਫ਼ਸਲਾਂ ਦੀ ਸੁਰੱਖਿਆ ਕੀਤੀ ਜਾ ਰਹੀ ਹੈ।

ਉਦਯੋਗਿਕ ਖੇਤਰ ਵਿੱਚ ਕੰਪਿਊਟਰ ਦ੍ਰਿਸ਼ਟੀ ਦੀ ਵਰਤੋਂ ਜਾਰੀ ਹੈ। ਨਿਰਮਾਣ ਖੇਤਰ ਵਿੱਚ ਕੰਪਿਊਟਰ ਦ੍ਰਿਸ਼ਟੀ ਦੀ ਵਰਤੋਂ ਉੱਚ-ਗੁਣਵੱਤਾ ਵਾਲੀਆਂ ਉਤਪਾਦਨ ਲਾਈਨਾਂ ਨੂੰ ਨਿਰਮਾਣ ਕਰਨ ਲਈ ਕੀਤੀ ਜਾ ਰਹੀ ਹੈ। ਇਹ ਤਕਨੀਕ ਯੰਤਰਾਂ ਦੀ ਗ਼ਲਤੀ ਰਹਿਤ ਨਿਰਮਾਣ ਯੋਗਤਾ ਨੂੰ ਸੁਧਾਰਦੀ ਹੈ ਅਤੇ ਖ਼ਰਾਬੀਆਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਠੀਕ ਕਰਨ ਵਿੱਚ ਮਦਦ ਕਰਦੀ ਹੈ। ਇਸ ਤਕਨੀਕ ਦੀ ਮਦਦ ਨਾਲ ਉਦਯੋਗਿਕ ਪ੍ਰਬੰਧਾਂ ਨੂੰ ਹੋਰ ਵੀ ਸਵੈਚਾਲਿਤ ਬਣਾਇਆ ਜਾ ਰਿਹਾ ਹੈ, ਜੋ ਇਨਸਾਨੀ ਦਖ਼ਲ ਤੋਂ ਬਿਨਾਂ ਵੱਧ ਕੁਸ਼ਲਤਾ ਨਾਲ ਕੰਮ ਕਰ ਸਕਦੇ ਹਨ।

ਇਹ ਸਹੀ ਹੈ ਕਿ ਕੰਪਿਊਟਰ ਦ੍ਰਿਸ਼ਟੀ ਦੇ ਬਹੁਤ ਸਾਰੇ ਫ਼ਾਇਦੇ ਹਨ, ਪਰ ਇਸ ਦੇ ਕੁਝ ਨੁਕਸਾਨ ਵੀ ਹਨ। ਕੰਪਿਊਟਰ ਦ੍ਰਿਸ਼ਟੀ ਤਕਨੀਕ ਦੀ ਵਰਤੋਂ ਜਾਸੂਸੀ ਡਰੋਨ ਕੈਮਰਿਆਂ ਵਿੱਚ ਵੀ ਕੀਤੀ ਜਾ ਰਹੀ ਹੈ, ਜਿਸ ਨਾਲ ਵਿਅਕਤੀਗਤ ਅਤੇ ਰਾਸ਼ਟਰੀ ਗੁਪਤਤਾ ਦੀ ਉਲੰਘਣਾ ਹੁੰਦੀ ਹੈ। ਕੁਝ ਕੈਮਰੇ ਅਜਿਹੇ ਸਥਾਨਾਂ ’ਤੇ ਲੱਗੇ ਹੁੰਦੇ ਹਨ, ਜਿੱਥੇ ਉਨ੍ਹਾਂ ਨੂੰ ਲੋਕਾਂ ਦੀ ਨਿੱਜੀ ਜ਼ਿੰਦਗੀ ’ਚ ਦਖਲ ਨਹੀਂ ਦੇਣਾ ਚਾਹੀਦਾ। ਜਾਸੂਸੀ ਕੈਮਰਿਆਂ ਦੀ ਵਰਤੋਂ ਇਨਸਾਨੀ ਹੱਕਾਂ ਦੀ ਉਲੰਘਣਾ ਕਰਦੀ ਹੈ ਅਤੇ ਕਈ ਵਾਰ ਗ਼ੈਰਕਾਨੂੰਨੀ ਮਕਸਦਾਂ ਲਈ ਇਹ ਤਕਨੀਕ ਵਰਤੀ ਜਾਂਦੀ ਹੈ। ਇਹ ਸਾਰਾ ਕੁਝ ਇੰਟਰਨੈੱਟ ਨਾਲ ਜੁੜਿਆ ਹੈ। ਇਸ ਲਈ ਹਮੇਸ਼ਾ ਖਦਸ਼ਾ ਬਣਿਆ ਰਹਿੰਦਾ ਹੈ ਕਿ ਕੋਈ ਹੈਕਰ (ਉਚਕਾਇਰ) ਇਸ ਦਾ ਗ਼ਲਤ ਇਸਤੇਮਾਲ ਨਾ ਕਰ ਲਵੇ, ਜਿਸ ਨਾਲ ਭਾਰੀ ਨੁਕਸਾਨ ਹੋਣ ਦਾ ਖ਼ਤਰਾ ਹੈ, ਜਿਵੇਂ ਚਾਲਕ ਰਹਿਤ ਵਾਹਨ ਜਾਂ ਸਵੈਚਾਲਿਤ ਡਰੋਨ ਅਤੇ ਹੋਰ ਮਸ਼ੀਨਾਂ।

ਕੰਪਿਊਟਰ ਦ੍ਰਿਸ਼ਟੀ ਦੀ ਵਰਤੋਂ ਦਾ ਦਾਇਰਾ ਬਹੁਤ ਵਿਆਪਕ ਹੈ। ਮੈਡੀਕਲ, ਸੁਰੱਖਿਆ, ਖੇਤੀਬਾੜੀ, ਆਟੋਮੇਸ਼ਨ ਅਤੇ ਹੋਰ ਖੇਤਰਾਂ ਵਿੱਚ ਇਸ ਦੀਆਂ ਭਵਿੱਖੀ ਸੰਭਾਵਨਾਵਾਂ ਬੇਹੱਦ ਮਹੱਤਵਪੂਰਨ ਹਨ, ਪਰ ਨਿੱਜਤਾ ਨੂੰ ਖ਼ਤਰਾ ਹਮੇਸ਼ਾਂ ਬਣਿਆ ਰਹਿਣਾ ਹੈ। ਖੋਜਾਰਥੀਆਂ ਨੂੰ ਇਸ ਪੱਖ ਬਾਰੇ ਵੀ ਸੁਚੇਤ ਹੋਣ ਦੀ ਉਤਨੀ ਹੀ ਜ਼ਰੂਰਤ ਹੈ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

FAST COMPUTER REPAIR
New Web Designing & Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444



## ਨੇੜਿਓਂ ਡਿੱਠੇ

# ਬਾਬਾ ਸੋਹਣ ਸਿੰਘ ਭਕਨਾ

ਬਾਬਾ ਸੋਹਣ ਸਿੰਘ ਨਾਲ਼ ਮੇਰਾ ਨੇੜੇ ਦਾ ਸਾਕ ਹੈ। ਉਨ੍ਹਾਂ ਦੀ ਪਤਨੀ ਮੇਰੇ ਦਾਦੇ ਦੀ ਭੈਣ ਸੀ। ਮੇਰੇ ਪਰਿਵਾਰ ਦੇ 1947 ਵਾਲੇ ਉਜਾੜਿਆਂ ਦੇ ਦੁਖਾਂਤ ਦੇ ਬਾਵਜੂਦ ਮੈਂ ਆਪਣੇ ਸੁਭਾਗ ਸਮਝਦਾ ਹਾਂ ਕਿ ਕਰੀਬੀ ਰਿਸ਼ਤੇਦਾਰ ਹੋਣ ਕਰਕੇ ਪਰਿਵਾਰ ਦੇ ਉਥੇ ਟਿਕਣ ਸਦਕਾ ਮੈਂ ਬਾਬੇ ਦੇ ਇਸੇ ਡੇਰੇ ਵਿਚ ਹੀ 6 ਤੋਂ 20 ਸਾਲ ਦੀ ਉਮਰ ਤੱਕ ਰਹਿ ਕੇ ਵੱਡਾ ਹੋਇਆ ਸਾਂ। ਬਦਕਿਸਮਤੀ ਨੂੰ ਉਨੀ ਸੌ ਸੱਠਾਂ ਵਿਚ ਉਹ ਮੁਕੱਦਸ ਅਸਥਾਨ ਢਹਿ-ਢੇਰੀ ਹੋ ਗਿਆ ਸੀ ਤੇ ਬਾਬਾ ਜੀ ਤੀਸਰੀ ਵਾਰ ਨਵੀਂ ਥਾਂ ਸਕੂਲ ਨੇੜੇ ਝੁੱਗੀ ਪਾ ਕੇ ਰਹਿਣ ਲੱਗ ਪਏ ਸਨ। ਤਦ ਤੱਕ ਬਹੁਤ ਸਾਰਾ ਪਾਣੀ ਪੁਲ਼ਾਂ ਹੇਠੋਂ ਲੰਘ ਚੁਕਾ ਸੀ। ਮੇਰਾ ਪਰਿਵਾਰ ਉਥੋਂ ਯੂਪੀ ਤਰਾਈ ਜਾ ਚੁੱਕਾ ਸੀ। ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰੋਂ ਗਰੈਜੂਏਸ਼ਨ ਕਰ ਕੇ ਪਿੰਜੌਰ ਬਾਗ਼ ਵਿਚ ਬਾਗ਼ਬਾਨੀ ਇੰਸਪੈਕਟਰ ਲਗ ਗਿਆ ਸੀ ਤੇ ਆਉਣ ਵਾਲ਼ੇ ਵਕਤਾਂ ਵਿਚ ਦੂਰ ਤੋਂ ਦੂਰ ਹੁੰਦੇ ਜਾਣਾ ਸੀ। ਤਰਾਸਦੀ ਇਹ ਹੈ ਕਿ ਬਾਬਾ ਜੀ ਦੇ ਸਕਿਆਂ-ਸੋਧਰਿਆਂ ਨੇ ਸੁੱਖ ਨਾਲ਼ ਉਸ ਝੌਂਪੜੀ ਦਾ ਵੀ ਖੁਰਾ-ਖੋਜ ਮਿਟਾ ਕੇ ਖੇਤਾਂ ਵਿਚ ਸ਼ਾਮਿਲ ਕਰ ਲਿਆ ਹੈ। ਬਾਬਾ ਜੀ ਦੀ ਯਾਦ ਨਾਲ਼ ਜੁੜੀਆਂ ਇਨ੍ਹਾਂ ਦੋਹਾਂ ਥਾਵਾਂ ਉੱਤੇ ਉਨ੍ਹਾਂ ਦਾ ਹੁਣ ਭਾਵੇਂ ਕੋਈ ਨਾਮ-ਨਿਸ਼ਾਨ ਬਾਕੀ ਨਹੀਂ ਰਿਹਾ ਪਰ ਮੇਰੇ ਖ਼ਿਆਲਾਂ ਵਿਚ ਸਮਾਂ ਜਿਉਂ ਦਾ ਤਿਉਂ ਹੀ ਖਲੋਤਾ ਹੈ ਤੇ ਉਹ ਨੀਵੇਂ ਲੱਕ ਚਿੱਟੇ ਵਸਤਰ ਪਾਈ ਅਜ ਵੀ ਉਥੇ ਕਿਤੇ ਹੀ ਘੁੰਮਦੇ-ਫਿਰਦੇ ਦਿਖਾਈ ਦਿੰਦੇ ਰਹਿੰਦੇ ਹਨ।

ਮੈਂ ਕਿਸ਼ੋਰ ਅਵਸਥਾ ਤੋਂ ਲੈ ਕੇ ਵੀਹ ਸਾਲ ਦੀ ਉਮਰ ਤਕ ਉਨ੍ਹਾਂ ਦੇ ਪਾਸ ਉਸ ਡੇਰੇ ਵਿਚ ਰਹਿ ਕੇ ਹੀ ਤਾਂ ਵੱਡਾ ਹੋਇਆ ਸਾਂ, ਇਸ ਲਈ ਮੇਰੇ ਹੱਥੋਂ ਕਾਗ਼ਜ਼ੀ ਬਦਾਮ ਤੇ ਸੌਗੀ ਤਾਂ ਉਹ ਜ਼ਰੂਰ ਸਵੀਕਾਰ ਕਰ ਲੈਂਦੇ ਪਰ ਜੇ ਮੈਂ ਇਹਦੀ ਥਾਂ ਪੰਜਾਬ ਦੇ ਕਿਸਾਨ ਦੀ ਭਲਾਈ ਵਾਸਤੇ ਕੈਲੀਫ਼ੋਰਨੀਆਂ ਦੀ ਉੱਨਤ ਖੇਤੀ ਤੇ ਖ਼ੁਸ਼ਹਾਲ ਕਿਸਾਨੀ ਲਈ ਜਾਣੀ ਜਾਂਦੀ ਪ੍ਰਸਿਧ ਧਰਤੀ ਤੋਂ ਇਸ ਬਾਰੇ ਕੋਈ ਤਕਨੀਕ, ਕੋਈ ਤਰਕੀਬ ਜਾਂ ਤਜਵੀਜ਼ ਲੈ ਕੇ ਪੰਜਾਬ ਮੁੜਦਾ ਤਾਂ ਉਹ ਵਧੇਰੇ ਖ਼ੁਸ਼ ਹੁੰਦੇ। ਉਂਜ ਇਹ ਜਾਣ ਕੇ ਕਿ ਪਿਛਲੇ ਨਵੰਬਰ ਮਹੀਨੇ ਲੁਧਿਆਣੇ ਵਾਲ਼ੀ ਪੰਜਾਬ ਖੇਤੀਬਾੜੀ ਯੂਨੀਵਰਸਟੀ ਅਤੇ ਕੈਲੀਫ਼ੋਰਨੀਆਂ ਦੀ ਖੇਤੀਬਾੜੀ ਵਿਚ ਨਾਮਣਾ ਖੱਟਣ ਵਾਲ਼ੀ ਸਿਰਮੌਰ ਫ਼ਰੈਜ਼ਨੋ ਸਟੇਟ ਯੂਨੀਵਰਸਟੀ ਵਿਚਕਾਰ ਦੋਹਾਂ ਸੂਬਿਆਂ ਦੀ ਕਾਸ਼ਤਕਾਰੀ ਤਰੱਕੀ ਤੇ ਫ਼ੂਡ ਪ੍ਰੋਸੈਸਿੰਗ ਲਈ ਸਹਿਯੋਗ ਦਾ ਜੋ ਇਤਿਹਾਸਕ ਅਹਿਦਨਾਮਾ 12 ਨਵੰਬਰ 2019 ਨੂੰ ਲਿਖਿਆ ਗਿਆ ਹੈ, ਉਸ ਵਿਚ ਮੇਰਾ ਹਿੱਸਾ ਵੀ ਸੀ, ਉਹ ਮੈਨੂੰ ਸ਼ਾਬਾਸ਼ ਜ਼ਰੂਰ ਦਿੰਦੇ।

ਇਸ ਤੋਂ ਅੱਗੇ ਜੇ ਮੈਂ ਉਨ੍ਹਾਂ ਦਾ ਡੇਢ ਸੌ ਸਾਲਾ ਜਨਮ ਦਿਨ ਧੂਮ-ਧਾਮ ਨਾਲ ਵੱਡੀ ਪੱਧਰ ਤੇ ਮਨਾਉਣ ਦੀ ਸਲਾਹ ਦਿੰਦਾ ਤਾਂ ਉਹ ਮੈਨੂੰ ਜ਼ਰੂਰ ਝਿੜਕ ਦਿੰਦੇ। ਐਸੇ ਦਿਖਾਵਿਆਂ ਨੂੰ ਉਹ ਪਾਖੰਡ, ਗ਼ੈਰਜ਼ਰੂਰੀ, ਭੇਡਚਾਲ ਤੇ ਨਕਾਰਾਤਮਕ ਕਾਰਾ ਕਹਿੰਦੇ ਸਨ। ਗੁਰੂ ਨਾਨਕ ਜੀ ਦੇ 550ਵੇਂ ਜਨਮ ਦਿਵਸ ਵੇਲੇ ਉਨ੍ਹਾਂ ਦੇ ਨਾਂ ਉੱਤੇ ਉਨ੍ਹਾਂ ਦੇ ਮਿਸ਼ਨ ਦੇ ਐਨ ਉਲ਼ਟ ਜੋ ਕਰੋੜਾਂ ਰੁਪਏ ਸਵਾਗਤੀ ਪੰਡਾਲਾਂ, ਸਟੇਜਾਂ ਅਤੇ ਆਪਸੀ ਆਓ ਭਗਤ ਉਪਰ ਬਰਬਾਦ ਕੀਤੇ ਗਏ ਸਨ, ਉਹਦਾ ਜ਼ਿਕਰ ਵੀ ਉਹ ਜ਼ਰੂਰ ਕਰਦੇ। ਉਨ੍ਹਾਂ ਕੋਲ਼ ਇੰਨਾ ਸਮਾਂ ਰਹਿੰਦਿਆਂ ਮੈਂ ਨਹੀਂ ਸੀ ਦੇਖਿਆ, ਉਨ੍ਹਾਂ ਕਦੇ ਆਪਣਾ ਜਨਮ ਦਿਨ ਮਨਾਇਆ ਹੋਵੇ ਜਾਂ ਕਿਸੇ ਹੋਰ ਵਿਚ ਸ਼ਾਮਿਲ ਹੋਏ ਹੋਣ। ਮੇਰਾ ਨਹੀਂ ਖ਼ਿਆਲ, ਉਨ੍ਹਾਂ ਨੂੰ ਜਨਵਰੀ ਮਹੀਨੇ ਵਿਚ ਆਪਣੇ ਜਨਮ ਦੀ ਠੀਕ ਤਾਰੀਖ਼ ਦਾ ਵੀ ਪੱਕਾ ਪਤਾ ਸੀ।

ਬਾਬਾ ਜੀ ਦਾ ਜਨਮ ਜਨਵਰੀ 1870 ਛੋਟੇ ਖਤਰਾਵੀਂ ਉਨ੍ਹਾਂ ਦੇ ਨਾਨਕੇ ਘਰ ਵਿਚ ਹੋਇਆ ਸੀ। ਉਹ 98 ਸਾਲ ਦੀ ਕੁਰਬਾਨੀ ਭਰਪੂਰ ਲੰਮੀ ਉਮਰ ਭੋਗ ਕੇ 1968 ਵਿਚ ਪੂਰੇ ਹੋਏ ਸਨ। ਅਗਲੀ ਗੱਲ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸ਼ਖਸੀਅਤ ਨੂੰ ਜਾਨਣ ਦੀ ਕੋਸ਼ਿਸ਼ ਕਰਨ ਲੱਗਿਆਂ ਦੋ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ ਜੋ ਉਨ੍ਹਾਂ ਬਾਬਤ ਪਾਏ ਕੁਝ ਕੁ ਭੁਲੇਖੇ ਦੂਰ ਕਰਨ ਵਿਚ ਸਹਾਈ ਹੋ ਸਕਦੀਆਂ ਹਨ। ਕੀ ਬਾਬਾ ਜੀ ਨਾਸਤਕ ਸਨ ਜਾਂ ਆਸਤਕ ? ਭਾਵ ਕੀ ਉਹ ਕਮਿਊਨਿਸਟ ਸਨ ਜਾਂ ਰਹੱਸਵਾਦੀ ? ਚਸ਼ਮਦੀਦ ਗਵਾਹ ਵਜੋਂ 14 ਸਾਲਾਂ ਦੀ ਮੇਰੀ ਨੇੜਤਾ ਦੌਰਾਨ ਮੈਂ ਉਨ੍ਹਾਂ ਨੂੰ ਕਦੇ ਹਨੇਰੇ ਜਾਂ ਸਵੇਰੇ ਰਵਾਇਤਨ ਕੋਈ ਪਾਠ-ਪੂਜਾ ਕਰਦਿਆਂ ਤਾਂ ਨਹੀਂ ਸੀ ਦੇਖਿਆ ਜੋ ਰੱਬ ਨੂੰ ਪਿਆਰ ਕਰਨ ਵਾਲ਼ਿਆਂ ਬਾਬਤ ਅਕਸਰ ਮੰਨਿਆ ਜਾਂਦਾ ਹੈ ਪਰ ਉਹ ਰੱਬ ਦੇ ਬਣਾਏ ਬੰਦੇ-ਬੰਦੀਆਂ ਨੂੰ ਆਪਣੇ ਪਰਿਵਾਰ ਤੋਂ ਵਧ ਕੇ ਕਿੰਨਾ ਅਤੇ ਕਿਸ ਹੱਦ ਤੱਕ ਪਿਆਰ ਕਰਦੇ ਰਹੇ ਸਨ। ਜਦੋਂ ਸ਼ਰਧਾਂਜਲੀ ਵਜੋਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਵਰਗੇ ਰਹੱਸਵਾਦੀ ਉਨ੍ਹਾਂ ਬਾਬਤ ਇਹ ਲਿਖ ਗਏ ਹਨ: ਕੇਡੀ ਮਹਾਨ ਸ਼ਖ਼ਸੀਅਤ ਸਨ ਬਾਬਾ ਜੀ ਜੋ ਇੱਕੋ ਵੇਲੇ ਮਹਾਨ ਕਮਿਊਨਿਸਟ ਵੀ ਸਨ ਤੇ ਓਨੇ ਵੱਡੇ ਹੀ ਰਹੱਸਵਾਦੀ ਵੀ ਸਨ, ਤਾਂ ਮੇਰੇ ਵਿਚਾਰ ਵਿਚ ਇਹ ਸੰਸਾ ਇਥੇ ਹੀ ਖ਼ਤਮ ਹੋ ਜਾਣਾ ਚਾਹੀਦਾ ਹੈ। ਉਹ ਆਜ਼ਾਦੀ ਲਈ ਜੂਝਦੇ ਸਜ਼ਾ-ਏ-ਮੌਤ ਤੋਂ ਲੈ ਕੇ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਤੇ ਭੁੱਖ-ਹੜਤਾਲਾਂ ਸਮੇਂ ਅਨੇਕ ਵਾਰ ਮੌਤ ਦੇ ਮੂੰਹ ਵਿਚ ਜਾਂਦੇ ਤੇ ਵਾਪਿਸ ਆਉਂਦੇ ਰਹੇ ਸਨ। ਹਰ ਵਾਰ ਰਿਸ਼ਤੇਦਾਰ ਪਰਿਵਾਰ ਜਿਨ੍ਹਾਂ ਵਿਚ ਇਕਲੌਤੇ ਪੁੱਤ ਵਜੋਂ ਉਨ੍ਹਾਂ ਦੀ ਧਰਮ-ਮਾਂ, ਜਨਨੀ ਮਾਂ ਅਤੇ ਪਤਨੀ ਬਿਸ਼ਨ ਕੌਰ ਵੀ ਸ਼ਾਮਿਲ ਹੁੰਦੀਆਂ ਸਨ; ਆਖ਼ਰੀ ਫ਼ਤਿਹ ਸਮਝ ਕੇ ਕਲੇਜਾ ਘੁਟ ਕੇ ਮੁੜ ਆਉਂਦੀਆਂ ਰਹੀਆਂ ਪਰ ਉਹ ਹਰ ਵਾਰ ਮੁੜ ਸੁਰਜੀਤ ਹੋ ਕੇ ਦੁੱਗਣੀ ਹਿੰਮਤ ਨਾਲ ਨਿਰੰਤਰ ਲੜਾਈ ਲਈ ਫਿਰ ਕਾਇਮ-ਦਾਇਮ ਹੋ ਜਾਂਦੇ ਰਹੇ। ਪਰਿਵਾਰ ਵਿਚ ਇਹ ਗੱਲ ਵੀ ਚੱਲ ਪਈ ਸੀ ਕਿ ਬਾਬਾ ਜੀ ਕੋਲ਼ੋਂ ਹੁਣ ਮੌਤ ਵੀ ਡਰਨ ਲੱਗੀ ਹੈ।

### ਸਾਦਗੀ ਤੇ ਨਿਰਮਾਣਤਾ ਦੇ ਪੁੰਜ

ਬਾਬਾ ਜੀ ਕਿਸੇ ਪਾਖੰਡ ਵਿਚ ਯਕੀਨ ਨਹੀਂ ਸੀ ਰੱਖਦੇ। ਗ੍ਰਹਿਸਤੀ ਜੀਵਨ ਹੁੰਦਿਆਂ ਸਾਧਾਰਨ ਦੁਨੀਆਦਾਰ ਵਾਂਗ ਉਨ੍ਹਾਂ ਨੂੰ ਨਾ ਤਾਂ ਕਦੇ ਪੁੱਤਾਂ ਦੀ ਘਾਟ ਮਹਿਸੂਸ ਕਰਦੇ ਦੇਖਿਆ ਸੀ ਤੇ ਨਾ ਹੀ ਮੇਰੇ ਵਿਚਾਰ ਵਿਚ ਉਨ੍ਹਾਂ ਨੂੰ ਆਪਣੇ ਬੁੱਤ ਲਵਾਉਣ ਦੀ ਕੋਈ ਪਰਵਾਹ ਹੋ ਸਕਦੀ ਹੈ। ਇਸ ਦਾਅਵੇ ਦਾ ਕਾਰਨ ਇਹੀ ਹੈ ਕਿ ਮੈਂ ਉਨ੍ਹਾਂ ਦੀ ਸ਼ਖ਼ਸੀਅਤ ਬਾਬਤ ਕਿਤਾਬਾਂ ਜਾਂ ਜੀਵਨੀਆਂ ਵਿਚੋਂ ਹੀ ਨਹੀਂ ਪੜ੍ਹਿਆ; ਮੈਂ ਉਨ੍ਹਾਂ ਦੇ ਹੱਥਾਂ ਵਿਚ ਖੇਡਦਾ, ਪੜ੍ਹਦਾ ਲਿਖਦਾ ਵੱਡਾ ਹੋਇਆ ਸਾਂ। ਇਉਂ ਮੈਂ ਉਨ੍ਹਾਂ ਨੂੰ ਬਹੁਤ ਕਰੀਬ ਤੋਂ ਦੇਖਿਆ, ਵਾਚਿਆ ਹੈ। ਮੇਰੀ ਪਰਵਰਿਸ਼ ਉਨਾਂ ਦੇ ਹੱਥਾਂ ਵਿਚ ਜੁ ਹੋਈ ਸੀ।

ਬਾਬਾ ਜੀ ਮੇਰੇ ਦੇਖਣ ਵਿਚ ਅਕਸਰ ਆਪਣੇ ਕੰਮ ਆਪ ਹੀ ਕਰਦੇ ਸਨ। ਬਜ਼ੁਰਗ ਹੋਣ ਦੇ ਬਾਵਜੂਦ ਉਹ ਵਾਹ ਲਗਦੀ ਕਿਸੇ ਨੂੰ ਖੇਚਲ ਨਹੀਂ ਸੀ ਦਿੰਦੇ। ਜਦੋਂ ਤਕ ਮਾਤਾ ਬਿਸ਼ਨ ਕੌਰ ਜੋ ਮੇਰੇ ਦਾਦਾ ਜੰਡਿਆਲੇ ਵਾਲ਼ੇ ਜੀਉਣ ਸਿੰਘ ਦੀ ਵੱਡੀ ਭੈਣ ਸੀ, ਜਿਨ੍ਹਾਂ ਨੂੰ ਅਸੀਂ ਵੀ ਆਪਣੇ ਪਿਤਾ ਦੀ ਰੀਸ ਵੱਡੇ ਭੂਆ ਜੀ ਹੀ ਆਖਦੇ ਸਾਂ, ਜਦ ਤੱਕ ਉਨ੍ਹਾਂ ਦੇ ਹੱਥ ਪੈਰ ਚਲਦੇ ਰਹੇ ਸਨ, ਬਾਬਾ ਜੀ ਉਨ੍ਹਾਂ ਦੇ ਹੱਥਾਂ ਦਾ ਪੱਕਿਆ ਫੁਲਕਾ ਹੀ ਛਕਣਾ ਪਸੰਦ ਕਰਦੇ ਰਹੇ ਸਨ। ਛੋਟਾ ਜਿਹਾ ਲੱਕੜ ਦਾ ਸਟੂਲ ਤੇ ਬੈਂਤ ਦੀ ਕੁਰਸੀ ਰਸੋਈ ਦੇ ਬਾਹਿਰ ਚੁੱਲ੍ਹੇ ਕੋਲ਼ ਹੀ ਰੱਖ ਦਿੱਤੀ ਜਾਂਦੀ ਸੀ ਜਿਥੇ ਉਹ ਫੁੱਲ ਫੁੱਲ ਕੇ ਲਹਿੰਦੇ ਨਿੱਕੇ ਨਿੱਕੇ ਦੋ ਫੁਲਕਿਆਂ ਦੀ ਉਡੀਕ ਕਰਦੇ ਸਨ। ਬਾਬਾ ਜੀ ਆਪ ਉਨ੍ਹਾਂ ਨੂੰ 'ਬਿਸ਼ਨ ਕੌਰੇ ਜੀ' ਆਖ ਕੇ ਹੀ ਵਾਜ ਮਾਰਿਆ ਕਰਦੇ ਸਨ ਤੇ ਉਹ ਹਮੇਸ਼ਾ ਅੱਗਿਓਂ 'ਦੱਸੋ ਜੀ, ਸਤਿ ਬਚਨ ਜੀ' ਕਹਿ ਕੇ ਹੀ ਹੁੰਗਾਰਾ ਭਰਦੇ ਸਨ। ਵੱਡੇ ਭੂਆ ਜੀ ਦੀ ਇਹੀ ਆਖ਼ਰੀ ਖ਼ਾਹਿਸ਼ ਸੀ ਕਿ ਉਹ ਬਾਬਾ ਜੀ ਦੇ ਹੱਥਾਂ ਵਿਚ ਹੀ ਸੁਰਖਰੂ ਹੋਣ ਅਤੇ ਹੋਇਆ ਵੀ ਇਸੇ ਤਰ੍ਹਾਂ ਹੀ ਸੀ।

ਪਰਿਵਾਰ 'ਚ ਸਾਡੇ ਸ਼ਰਾਰਤਾਂ ਕਰਨ 'ਤੇ ਕਈ ਵਾਰ ਪੁੱਠੇ ਕੰਮਾਂ ਦੇ ਬਾਵਜੂਦ ਮੈਂ ਬਾਬਾ ਜੀ ਨੂੰ ਸਾਡੇ ਨਾਲ਼ ਕਦੇ ਗੁੱਸੇ 'ਚ ਸਾਨੂੰ ਝਿੜਕਦਿਆਂ ਨਹੀਂ ਦੇਖਿਆ। ਮੇਰੇ ਤੇ ਚਚੇਰੇ ਭੈਣਾਂ ਭਰਾਵਾਂ ਸਮੇਤ ਅਸੀਂ ਅੱਧੀ ਦਰਜਨ ਬੱਚਿਆਂ 'ਚੋਂ ਜਦੋਂ ਮੈਂ ਕੋਲ ਹੁੰਦਾ ਤਾਂ ਉਹ ਅਕਸਰ ਮੈਨੂੰ ਹੀ ਵਾਜ ਮਾਰਦੇ, ਆਪਣੇ ਕੋਲ਼ ਬੁਲਾ ਲੈਂਦੇ ਤੇ ਸਕੂਲ ਬਾਰੇ ਕੋਈ ਗੱਲ ਪੁੱਛ ਲੈਂਦੇ। ਸ਼ਾਇਦ ਇਸ ਲਈ ਕਿ ਮੈਂ ਸੁਣ ਕੇ ਤੁਰੰਤ ਪਹੁੰਚ ਜਾਂਦਾ ਤੇ ਕੁਝ ਇਸ ਲਈ ਵੀ ਕਿ ਉਹ ਛੋਟੇ ਮੋਟੇ ਕੰਮ ਜੋ ਉਹ ਆਪ ਨਾ ਕਰ ਸਕਦੇ, ਲੋਲੋ ਪੋਪੋ ਕਹਿ ਕੇ ਮੈਥੋਂ ਕਰਵਾ ਲੈਂਦੇ ਸਨ। ਮੇਰਾ ਉਨ੍ਹਾਂ ਨਾਲ ਬਾਬੇ ਪੋਤੇ-ਦੋਹਤੇ ਵਾਲਾ ਰਿਸ਼ਤਾ ਇਸ ਕਦਰ ਪੱਕਾ ਹੋ ਗਿਆ ਸੀ ਕਿ ਸਟਾਫ਼ ਮੈਨੂੰ 'ਬਾਬੇ ਡੇਰੇ ਵਾਲ਼ਾ ਮੁੰਡਾ' ਅਤੇ ਸਕੂਲੀ ਬੱਚੇ ਮਖੌਲ ਨਾਲ਼ 'ਬਾਬਾ' ਵੀ ਆਖ ਦਿੰਦੇ ਸਨ।

ਪੰਜਵੀਂ ਛੇਵੀਂ ਜਮਾਤ ਤਕ ਛੋਟੇ ਮੋਟੇ ਹੋਰ ਕੰਮਾਂ ਤੋਂ ਇਲਾਵਾ ਮੇਰੀ ਪੱਕੀ ਡਿਊਟੀ ਇਹ ਸੀ ਕਿ ਪੰਜੇ ਦਿਨ ਸ਼ਾਮ ਨੂੰ ਪਿੰਡੋਂ ਜਾ ਕੇ ਉਰਦੂ ਵਿਚ ਛਪਦਾ 'ਨਯਾ ਜ਼ਮਾਨਾ' ਅਖ਼ਬਾਰ ਉਨ੍ਹਾਂ ਲਈ ਲਿਆਉਣਾ ਹੁੰਦਾ ਸੀ। ਉਹ ਅਖ਼ਬਾਰ ਭਕਨੇ ਪਿੰਡ ਰਹਿੰਦਾ ਇਕ ਦੋਧੀ ਅੰਮ੍ਰਿਤਸਰੋਂ ਬਾਬਾ ਜੀ ਵਾਸਤੇ ਲੈ ਕੇ ਆਉਂਦਾ ਹੁੰਦਾ ਸੀ। ਮੈਂ ਕਈ ਵਾਰ ਸਕੂਲ ਦੇ ਕੰਮ ਦਾ ਬਹਾਨਾ ਲਾ ਕੇ ਵਿਟਰ ਜਾਂਦਾ ਸਾਂ। ਅਸਲ ਵਿਚ ਉਸ ਦੋਧੀ ਦਾ ਘਰ ਡੇਰੇ ਤੋਂ ਸਵਾ ਕੁ ਮੀਲ ਦੀ ਵਿਥ ਤੇ ਭਕਨੇ ਪਿੰਡ ਦੀ ਦੂਜੀ ਬਾਹੀ ਸ਼ਿਵਦਵਾਲੇ ਵਾਲੇ ਪਾਸੇ ਨੂੰ ਸੀ। ਸ਼ਾਮ ਨੂੰ ਉਹੀ ਸਮਾਂ ਗਵਾਂਢ ਵਿਚ ਸਕੂਲ ਦੀ ਗਰਾਊਂਡ ਵਿਚ ਫੁੱਟਬਾਲ ਖੇਡਣ ਦਾ ਹੁੰਦਾ ਸੀ। ਮੇਰੀਆਂ ਲੱਤਾਂ ਅਜੇ ਸਾਈਕਲ ਤੇ ਪਹੁੰਚਣ ਜੋਗੀਆਂ ਨਹੀਂ ਸਨ ਹੋਈਆਂ। ਉਂਜ ਵੀ ਘਰ ਵਿਚ ਕੋਈ ਸਾਈਕਲ ਹੈ ਵੀ ਨਹੀਂ ਸੀ, ਤੁਰ ਕੇ ਜਾਣਾ ਹੁੰਦਾ ਸੀ।

ਬਾਬਾ ਜੀ ਮੇਰਾ ਬਹਾਨਾ ਵੀ ਤੇ ਮੇਰੀ ਮੁਸ਼ਕਿਲ ਨੂੰ ਵੀ ਖ਼ੂਬ ਸਮਝਦੇ ਸਨ। ਇਸ ਵਾਸਤੇ ਉਨ੍ਹਾਂ ਨੇ ਮੈਨੂੰ ਲੋਹੇ ਦੀ ਮੋਟੀ ਸੀਖ ਨਾਲ ਗੋਲ਼-ਮੋਲ਼ ਪਹੀਆ-ਨੁਮਾ ਰੇਹੜਾ ਬਣਵਾ ਕੇ ਦੇ ਦਿੱਤਾ ਹੋਇਆ ਸੀ। ਉਸ ਵਿਚ ਕੁੰਡੀ ਵਾਲ਼ੀ ਤਾਰ ਫਸਾ ਕੇ ਨੰਗੇ ਪੈਰੀਂ ਜਦੋਂ ਮੈਂ ਭਕਨੇ ਨੂੰ ਜਾਂਦੀ ਕੱਚੀ ਸੜਕ ਤੇ ਭਜਾਉਂਦਾ, ਤਾਂ ਪਤਾ ਨਾ ਲਗਦਾ ਕਦੋਂ ਦੋਧੀ ਬਾਬੇ ਗੁੱਜਰ ਸਿੰਘ ਦੇ ਘਰੋਂ ਅਖ਼ਬਾਰ ਲੈ ਕੇ ਵਾਪਿਸ ਵੀ ਆ ਜਾਂਦਾ। ਅਖ਼ਬਾਰ ਲਿਆਉਣ ਲਈ ਉਹ ਮੇਰਾ ਧੰਨਵਾਦ ਵੀ ਕਰਦੇ ਤੇ ਕਦੇ ਕਦੇ ਮੈਨੂੰ ਨਕਦ ਇਕ ਆਨਾ ਜੇਬ-ਖ਼ਰਚ ਲਈ ਵੀ ਦੇ ਦਿੰਦੇ ਤੇ ਹਦਾਇਤ ਕਰਦੇ ਕਿ ਗੁਰੇ ਰੇਹੜੂ ਵਾਲ਼ੇ ਦੀ ਦੁਕਾਨ ਤੋਂ ਸਿਰਫ਼ ਸੰਤਰਾ ਲੈ ਕੇ ਖਾਵੀਂ, ਕੁਝ ਹੋਰ ਨਾ ਖ਼ਰੀਦੀਂ। ਮੈਂ ਕਈ ਵਾਰ ਸੰਤਰਾ ਵੀ ਨਾ ਖ਼ਰੀਦਦਾ ਤੇ ਉਹ ਆਨਾ ਬਾਬੇ ਬੁਢੇ ਜਾਂ ਪੀਰ-ਹਦੂਰੀ ਦੇ ਮੇਲੇ ਤੇ ਖ਼ਰਚਣ ਲਈ ਬਚਾ ਕੇ ਰੱਖ ਲੈਂਦਾ। ਦੁੱਧ ਢੋਣ ਵਾਲਾ ਉਹ ਦੋਧੀ ਵੀ ਕੋਈ ਹੋਰ ਨਹੀਂ ਸੀ, ਉਨ੍ਹਾਂ ਦਾ ਜਿਗਰੀ ਦੋਸਤ ਦੇਸ਼ਭਗਤ ਬਾਬਾ ਗੁੱਜਰ ਸਿੰਘ ਸੀ। ਉਹ ਵੀ ਗ਼ਦਰੀ ਘੁਲਾਟੀਏ ਸਨ ਤੇ ਬਾਬਾ ਜੀ ਨਾਲ ਬਹੁਤ ਸਨੇਹ ਰੱਖਦੇ ਸਨ। ਉਹ ਅਮਰੀਕਾ ਤਾਂ ਨਹੀਂ ਸੀ ਗਏ, ਸ਼ੰਘਾਈ ਵਿਚ ਕੰਮ ਕਰਦਿਆਂ ਗ਼ਦਰੀਆਂ ਦੇ ਸੰਪਰਕ ਵਿਚ ਆਏ ਸਨ ਅਤੇ ਵਾਪਿਸ ਪਰਤ ਕੇ ਫਿਰ ਬਾਬਾ ਸੋਹਣ ਸਿੰਘ ਜੀ ਵਾਂਗ ਉਨ੍ਹਾਂ ਨੇ ਵੀ ਭੌਂ ਕੇ ਘਰ ਵਲ ਨਹੀਂ ਸੀ ਦੇਖਿਆ। ਬਾਬਾ ਗੁੱਜਰ ਸਿੰਘ ਬਾਬਾ ਜੀ ਨਾਲੋਂ ਉਮਰ ਵਿਚ 9-10 ਸਾਲ ਛੋਟੇ ਹੋਣਗੇ ਤੇ ਜੇਲ੍ਹਾਂ ਦੀਆਂ ਜਾਨਲੇਵਾ ਭੁੱਖ ਹੜਤਾਲਾਂ ਦੀ ਮਾਰ ਤੋਂ ਵੀ ਬਚੇ ਰਹੇ ਸਨ। ਉਹ ਬਜ਼ੁਰਗ ਤਾਂ ਕਾਫ਼ੀ ਸਨ ਪਰ ਅਜੇ ਸਾਈਕਲ ਚਲਾ ਲੈਂਦੇ ਸਨ ਅਤੇ ਅੰਮ੍ਰਿਤਸਰ ਖ਼ਾਲਸਾ ਕਾਲਜ ਦੇ ਸਾਹਮਣੇ ਵਾਲ਼ੀ ਆਪਣੇ ਛੋਟੇ ਭਰਾ ਬਾਬਾ ਸੂਬਾ ਸਿੰਘ ਦੀ ਖੋਏ ਦੀ ਦੁਕਾਨ ਤੇ 15-16 ਮੀਲ ਦੂਰ ਰੋਜ਼ ਦੁੱਧ ਪਾਣ ਜਾਇਆ ਕਰਦੇ ਸਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨਾਲ ਆਖ਼ਿਰ ਇਸ ਤਰ੍ਹਾਂ ਕਿਉਂ ਹੋਇਆ ਸੀ। 6 ਸਤੰਬਰ 1975 ਨੂੰ ਉਨ੍ਹਾਂ ਦਾ ਦੇਹਾਂਤ ਹੋਇਆ ਸੀ। ਹੁਣ ਜਦੋਂ ਮੈਂ ਉਨ੍ਹਾਂ ਦੀ ਉਮਰ ਭਰ ਦੀਆਂ ਕੁਰਬਾਨੀਆਂ ਤੇ ਆਜ਼ਾਦ ਦੇਸ਼ ਵਾਸੀਆਂ ਦੀ ਆਪਣੀ ਸਰਕਾਰ ਵੱਲੋਂ ਉਸ ਬਿਰਧ ਅਵਸਥਾ ਵਿਚ ਵੀ ਦਿਤੇ ਹੋਏ ਉਸ ਸਿਲੇ ਬਾਰੇ ਸੋਚਦਾ ਹਾਂ ਤਾਂ ਰੋਣ ਨੂੰ ਜੀਅ ਕਰਦਾ ਹੈ।

ਨਿਮਰਤਾ ਐਨੀ ਕਿ ਉਸ ਉਮਰ 'ਚ ਵੀ ਸ਼ਾਮਾਂ ਨੂੰ ਹੱਥ ਨਾਲ਼ ਪੱਠੇ ਕੁਤਰਨ ਵੇਲੇ ਮਸ਼ੀਨੀਂ ਟੋਕੇ ਤੇ ਪੱਠੇ ਕੁਤਰ ਰਹੇ ਸੀਰੀ ਨਾਲ਼ ਬਾਬਾ ਗੁੱਜਰ ਸਿੰਘ ਵੀ ਟੋਕੇ ਦੇ ਦਸਤੇ ਨੂੰ ਲੰਮੀ ਰੱਸੀ ਬੰਨ੍ਹ ਕੇ ਹੱਥ ਵਟਾਉਂਦੇ ਮੈਂ ਦੇਖਦਾ ਰਿਹਾ ਸਾਂ। ਉਹ ਪੱਠਿਆਂ ਦਾ ਦੱਥਾ ਟੋਕੇ ਦੇ ਪਰਨਾਲੇ ਵਿਚ ਬੀੜ ਕੇ ਸੀਰੀ ਦੀ ਮਦਦ ਲਈ ਝੱਟ ਅੱਗੇ ਹੋ ਕੇ ਰੱਸੀ ਖਿੱਚਣ ਲੱਗ ਜਾਂਦੇ। ਅਖ਼ਬਾਰ ਲੈਣ ਲਈ ਘਰ ਆਇਆ ਦੇਖ ਕੇ ਬਾਬਾ ਗੁੱਜਰ ਸਿੰਘ ਇਕ ਪਲ ਲਈ ਰੁਕ ਜਾਂਦੇ। ਮੀਂਹ-ਕਣੀ ਤੇ ਰਸਤੇ ਵਿਚ ਹਵਾ ਤੋਂ ਪਾਟਣੋਂ ਬਚਾ ਕੇ ਮੋਮੀ ਜਿਹੇ ਕਾਗ਼ਜ਼ ਵਿਚ ਲਪੇਟੀ 'ਨਯਾ ਜ਼ਮਾਨਾ' ਅਖ਼ਬਾਰ ਨੂੰ ਉਹ ਕੱਚੇ ਕੋਠੇ ਦੀ ਕੰਧ ਨਾਲ਼ ਖਲੋਤੇ ਸਾਈਕਲ ਦੀ ਹੈਂਡਲ ਤੇ ਲਮਕਦੇ ਝੋਲੇ ਵਿਚੋਂ ਕੱਢਦਿਆਂ ਮੈਨੂੰ ਛੇੜਦੇ। ਅਖ਼ਬਾਰ ਮੇਰੇ ਹੱਥ ਦੇਣ ਤੋਂ ਪਹਿਲਾਂ ਆਖਦੇ: ਸੁਣਾ ਬਈ ਜਵਾਨਾ ਅਜ ਵੀ ਰੇਹੜੇ ਤੇ ਆਇਆ ਏਂ ਕਿ ਤੁਰ ਕੇ ? ਮੈਂ ਉਨ੍ਹਾਂ ਦੀ ਟਿੱਚਰ ਨੂੰ ਸੁਣੀ ਅਣ-ਸੁਣੀ ਕਰ ਕੇ ਅਖ਼ਬਾਰ ਫੜਦਾ ਤੇ ਵਾਪਿਸ ਹੋ ਲੈਂਦਾ। ਉਸ ਉਮਰ ਵਿਚ ਮੈਂ ਕੇਡਾ ਸਿੱਧੜ ਤੇ ਬੇਖ਼ਬਰ ਸਾਂ; ਉਹ ਆਮ ਬਾਬਿਆਂ ਵਰਗੇ ਬਾਬੇ ਨਹੀਂ ਸਨ, ਉਹ ਤਾਂ ਸੰਸਥਾਵਾਂ ਸਨ।

### ਕੁਤਬ ਸਾਹਿਬ ਦੀ ਲਾਠ ਜੋ ਹੁਣ ਉਥੇ ਨਹੀਂ

ਕਦੇ ਕਦੇ ਬਾਬਾ ਗੁੱਜਰ ਸਿੰਘ ਕਿਸੇ ਕਾਰਨ ਅੰਮ੍ਰਿਤਸਰੋਂ ਦੇਰ ਨਾਲ ਆਉਂਦੇ ਤਾਂ ਮੈਂ ਉਨ੍ਹਾਂ ਦੇ ਘਰ ਬੈਠਾ ਉਡੀਕ ਕਰਨ ਦੀ ਬਜਾਏ ਤਾਰ ਵਾਲਾ ਰੇੜ੍ਹਾ ਲੈ ਕੇ ਸ਼ਿਵਦਵਾਲੇ ਦੇ ਰੌੜ-ਮੈਦਾਨ ਵਲ ਨਿਕਲ਼ ਜਾਂਦਾ। ਭਕਨੇ ਪਿੰਡ ਦਾ ਇਹ ਨਿੱਕੀ ਇਟ ਵਿਚ ਚਿਣਿਆਂ ਹੋਇਆ ਚਾਰ ਸੌ ਸਾਲ ਸਾਲ ਪੁਰਾਣਾ ਸ਼ਿਵ ਕ੍ਰਿਸ਼ਨਾ ਮੰਦਰ ਪਿੰਡ ਤੋਂ ਖਾਸੇ ਰਾਹੀਂ ਜੀਟੀ ਰੋਡ ਨੂੰ ਮਿਲਾਉਣ ਵਾਲ਼ੀ ਕੱਚੀ ਸੜਕ ਤੇ ਹੈ। ਇਥੇ ਸ਼ਿਵਰਾਤਰੀ ਅਤੇ ਜਨਮ-ਅਸ਼ਟਮੀ ਤੇ ਮੇਲਾ ਲਗਦਾ ਹੈ। ਇਸ ਮੰਦਰ ਦੇ ਪਿਛਲੇ ਪਾਸੇ ਨਿੱਕੀ ਇਟ ਦੀਆਂ ਪੌੜੀਆਂ ਵਾਲ਼ਾ ਡੂੰਘਾ ਸਰੋਵਰ ਹੈ। ਉਦੋਂ ਇਹ ਅੱਧ-ਢੱਠਾ ਹੋਇਆ ਹੋਣ ਕਰਕੇ ਇਕ ਪਾਸੇ ਗਊ ਘਾਟ ਜਿਹਾ ਬਣ ਗਿਆ ਸੀ ਜੋ ਪਹਿਲਾਂ ਵੀ ਸ਼ਾਇਦ ਗਊ ਘਾਟ ਹੀ ਹੋਵੇਗਾ। ਉਥੇ ਗਊਆਂ ਪਾਣੀ ਪੀਂਦੀਆਂ ਸਨ। ਪਿੰਡ ਵਲ ਬਾਬਾ ਗੁੱਜਰ ਸਿੰਘ ਦੇ ਘਰ ਤਕ ਫੈਲਿਆ ਹੋਇਆ ਖਾਲੀ ਰੌੜ-ਮੈਦਾਨ ਸੀ। ਪਿੰਡ ਦੇ ਮੁੰਡੇ ਉਸ ਨੂੰ ਰੌੜ ਹੀ ਆਖਦੇ ਸਨ ਤੇ ਤਕਾਲਾਂ ਨੂੰ ਖਿੱਦੋ-ਖੂੰਡੀ ਖੇਡਦੇ ਉਥੇ ਨੰਗੇ ਪੈਰੀਂ ਹੀ ਭੱਜਦੇ ਫਿਰਦੇ ਰਹਿੰਦੇ।

ਸਕੂਲ ਵਿਚ ਜਾਣੂ ਹੋਣ ਕਰਕੇ ਮੈਂ ਵੀ ਉਨ੍ਹਾਂ ਨਾਲ਼ ਜਾ ਮਿਲ਼ਦਾ ਤੇ ਰੇਹੜਾ ਗੋਲ਼ ਥੜ੍ਹੇ ਤੇ ਰੱਖ ਕੇ ਮੰਗਵੀਂ ਖੂੰਡੀ ਨਾਲ਼ ਕੁਝ ਚਿਰ ਲਈ ਟੋਣੇ ਲਾ ਆਉਂਦਾ। ਪੱਕੀ ਇਟ ਦਾ ਬਣਿਆ ਇਹ ਗੋਲ਼ ਥੜ੍ਹਾ ਉਸ ਰੌੜ-ਮੈਦਾਨ ਦੇ ਐਨ ਵਿਚਕਾਰ ਸੀ। ਖੇਡਣ ਵੇਲੇ ਮੁੰਡੇ ਅਕਸਰ ਆਪਣਾ ਵਾਧੂ ਸਾਮਾਨ, ਕੱਪੜੇ, ਖੂੰਡੀਆਂ, ਜੁੱਤੀਆਂ ਆਦਿ ਉਸ ਥੜ੍ਹੇ ਤੇ ਹੀ ਰਖ ਲੈਂਦੇ। ਥੜ੍ਹੇ ਦੇ ਉਪਰ ਥੜ੍ਹੇ ਦੇ ਐਨ ਵਿਚਕਾਰ ਬਹੁਤ ਉੱਚੀ ਲੋਹੇ ਦੀ ਲਾਠ ਸਿੱਧੀ ਤੀਰ ਵਾਂਗ ਗੱਡੀ ਖਲੋਤੀ ਹੋਈ ਸੀ ਜੋ ਚਿੱਟੇ ਕਲਰੀ ਭਾਅ ਮਾਰਦੇ ਰੌੜ-ਮੈਦਾਨ ਵਿਚ ਕੁਤਬ ਸਾਹਿਬ ਦੀ ਲਾਠ ਵਾਂਗ ਦੂਰੋਂ ਹੀ ਦਿਸ ਪੈਂਦੀ ਸੀ। ਬਾਬਾ ਗੁੱਜਰ ਸਿੰਘ ਦੱਸਦੇ ਹੁੰਦੇ ਸਨ ਕਿ ਉਹ ਕੁਲ ਹਿੰਦ ਕਿਸਾਨ ਸਭਾ ਦੇ ਪਹਿਲੇ ਮਹਾ ਸੰਮੇਲਨ ਦੀ ਰਹਿ ਗਈ ਬਾਕੀ ਨਿਸ਼ਾਨੀ ਸੀ ਜੋ ਪਹਿਲੀ ਵਾਰ ਸੰਨ 1943 ਵਿਚ ਪੰਜਾਬ ਵਿਚ ਕਰਨਾ ਮਿਥਿਆ ਗਿਆ ਸੀ।

ਭਕਨੇ ਪਿੰਡ ਵਾਸਤੇ 1943 ਦਾ ਉਹ ਇਤਿਹਾਸਕ ਦਿਨ ਸੀ। ਬਾਬਾ ਸੋਹਣ ਸਿੰਘ ਦਾ ਪਿੰਡ ਹੋਣ ਸਦਕਾ ਗੁਣਾ ਵੀ ਭਕਨੇ ਪਿੰਡ ਦਾ ਹੀ ਪੈ ਗਿਆ। ਇਸ ਤੋਂ ਵੀ ਵਧੀਆ ਗੱਲ ਇਹ ਹੋਈ ਦੱਸੀਦੀ ਸੀ ਕਿ ਐਨ ਮੌਕੇ ਉਤੇ ਬਾਬਾ ਜੀ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਬਹੁਤ ਲੋਕ ਸ਼ਾਇਦ ਇਹ ਨਹੀਂ ਜਾਣਦੇ ਹੋਣਗੇ ਕਿ ਉਮਰ ਕੈਦ ਕੱਟ ਕੇ 1930 ਵਿਚ ਰਿਹਾਅ ਹੋਣ ਤੋਂ ਮਗਰੋਂ ਵੀ 12-13 ਸਾਲ ਬਾਬਾ ਜੀ ਨੂੰ ਕਿਸੇ ਨਾ ਕਿਸੇ ਬਹਾਨੇ ਜੇਲ੍ਹ ਅੰਦਰ ਹੀ ਡੱਕੀ ਰਖਿਆ ਗਿਆ ਸੀ। ਸਮਾਗਮ ਦੇ ਆਰੰਭਕ ਸਮੇਂ ਜਦੋਂ ਉਹ ਪਿੰਡ ਪਹੁੰਚੇ ਤਾਂ ਦੂਰੋਂ ਦੂਰੋਂ ਆਏ ਕਿਸਾਨ ਜਥਿਆਂ ਨਾਲ ਪਿੰਡ ਦੀਆਂ ਗਲੀਆਂ ਲਾਂਘੇ ਭਰੇ ਦੱਸੇ ਜਾਂਦੇ ਸਨ। ਵਿਸ਼ਾਲ ਪੰਡਾਲ ਹੇਠਾਂ ਜੁੜੇ ਲੋਕਾਂ ਵਿਚ ਖ਼ੁਸ਼ੀ ਦੀ ਅਜੀਬ ਲਹਿਰ ਦੌੜ ਗਈ। ਬਾਬਾ ਸੋਹਣ ਸਿੰਘ ਹੀ ਇਸ ਵਾਰ ਦੇਸ਼ ਦੀ ਇਸ ਸਿਰਮੌਰ ਕਿਸਾਨ ਜਥੇਬੰਦੀ ਦੇ ਪ੍ਰਧਾਨ ਵੀ ਚੁਣੇ ਗਏ ਸਨ। ਇਸ ਤਰ੍ਹਾਂ ਇਹ ਖ਼ੁਸ਼ੀ ਦੂਣ-ਸਵਾਈ ਹੋ ਗਈ ਸੀ। ਬਾਬਾ ਗੁੱਜਰ ਸਿੰਘ ਹੁਰਾਂ ਦੇ ਦੱਸਣ ਅਨੁਸਾਰ ਆਸਮਾਨ ਛੂੰਹਦੀ ਲੋਹੇ ਦੀ ਉਸ ਲਾਠ ਉਪਰ 1943 ਦੇ ਉਸ ਦਿਨ ਯੂਨੀਅਨ ਜੈਕ ਨਹੀਂ, ਭਾਵੇਂ ਦਿਨ ਦੇ ਦਿਨ ਹੀ ਸਹੀ, ਕੁਲ ਹਿੰਦ ਕਿਸਾਨ ਸਭਾ ਦਾ ਝੰਡਾ ਲਹਿਰਾ ਰਿਹਾ ਸੀ।

ਦੂਰੋਂ ਲਿਸ਼ਕਾਂ ਮਾਰਦਾ ਸ਼ਿਵ ਕ੍ਰਿਸ਼ਨਾ ਮੰਦਰ ਤਾਂ ਹੁਣ ਲਗਦਾ ਕਾਫ਼ੀ ਪੈਸਾ ਖ਼ਰਚ ਕੇ ਬਹੁਤ ਸੋਹਣਾ ਬਣਾ ਦਿੱਤਾ ਹੈ ਪਰ ਉਹ ਰੌੜ-ਮੈਦਾਨ ਤਾਂ ਜਿਵੇਂ ਸੁੰਗੜ ਕੇ ਗੁੰਮ ਹੋ ਗਿਆ ਹੈ ਤੇ ਉਹ ਕੁਲ ਹਿੰਦ ਕਿਸਾਨ ਸਭਾ ਦੇ ਪਹਿਲੇ ਤੇ ਆਖ਼ਰੀ ਮਹਾਂ-ਸੰਮੇਲਨ ਦੀ ਬਾਕੀ ਬਚੀ ਨਿਸ਼ਾਨੀ ਦਾ ਤਾਂ ਕੋਈ ਨਾਂ-ਥੇਹ ਵੀ ਹੁਣ ਨਹੀਂ ਰਿਹਾ।

**ਪਸ਼ੌਰਾ ਸਿੰਘ ਢਿੱਲੋਂ**






# ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ

ਮੁਕਤਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਅਜ਼ਾਦ,ਬੰਧਨ- ਰਹਿਤ,ਜੂਨਾ ਤੋ ਰਹਿਤ ਤੇ ਮੁਕਤੀ ਦਾਤੇ (ਵਾਹਿਗੁਰੂ,ਅਕਾਲ ਪੁਰਖ) ਦਾ ਸਿਮਰਨ ਕਰਨ ਵਾਲਾ -ਜਿਹ ਘਟਿ ਸਿਮਰਨ ਰਾਮ ਕੋ ਸੋ ਨਰ ਮੁਕਤਾ ਜਾਨੁ॥(ਪੰਨਾ ੧੪੨੮)

ਮੁਕਤਸਰ ਦੀ ਧਰਤੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਵਿਤਰ ਚਰਨ- ਛੋਹ ਨਸੀਬ ਹੋਈ ਹੈ ਆਪਣੇ ਅੰਦਰ ਜਬਰ ਤੇ ਜ਼ੁਲਮ ਵਿਰੁੱਧ ਜੂਝਣ ਤੇ ਆਪਾ ਨਿਛਾਵਰ ਕਰਨ ਵਾਲੇ ਜੁਝਾਰੂ ਯੋਧਿਆਂ ਦੀ ਮਹਾਨ ਗਾਥਾ ਸਮੇਟੇ ਬੈਠੀ ਹੈ। 40 ਮੁਕਤੇ ਸਿਖ ਇਤਿਹਾਸ ਵਿਚ ਉਨ੍ਹਾ ਮੁਕਤਿਆਂ ਨੂੰ ਕਿਹਾ ਗਿਆ ਹੈ ਜੋ ਖਿਦਰਾਣੇ ਦੀ ਢਾਬ ਤੇ ਗੁਰੂ ਸਾਹਿਬ ਤੇ ਸੂਬਾ ਸਰਹੰਦ , ਮੁਗਲਾਂ ਦੀ ਲੜਾਈ ਵਿਚ ਸ਼ਹੀਦ ਹੋਏ , ਜਿਨ੍ਹਾ ਨੇ ਆਪਾ ਵਾਰਿਆ ਹੈ। ਸਿਖੀ ਅਰਦਾਸ ਵਿਚ ਪੰਜ ਪਿਆਰੇ , ਚਾਰ ਸਾਹਿਬਜਾਦਿਆਂ ਤੋਂ ਬਾਅਦ ਇਨ੍ਹਾ ਸਹੀਦਾਂ ਦਾ ਨਾਂ ਲਿਆ ਜਾਂਦਾ ਹੈ। ਮੁਕਤਸਰ ਦੀ ਜੰਗ (29 ਦਸੰਬਰ 1705) ਗੁਰੂ ਸਾਹਿਬ ਦੀ ਮੁਗਲ ਹਕੂਮਤ ਨਾਲ ਆਖਰੀ ਜੰਗ ਸੀ ਜਿਸ ਵਿਚ ਗੁਰੂ ਸਾਹਿਬ ਨੇ ਫੈਸਲਾਕੁੰਨ ਯੁੱਧ ਕਰਕੇ ਪੂਰੇ ਹਿੰਦੁਸਤਾਨ ਵਿੱਚੋ ਜ਼ੁਲਮੀ ਮੁਗਲ ਰਾਜ ਦੀਆਂ ਜੜ੍ਹਾਂ ਪੁੱਟ ਕੇ ਰਖ ਦਿਤੀਆਂ1 ਇਹ ਜੰਗ ਦੁਨਿਆ ਦੇ ਇਤਿਹਾਸ ਵਿਚ ਸਮੂਹਕ ਸ਼ਹਾਦਤ , ਅਸਾਵੀਂ ਟਕਰ ਤੇ ਜਿਤ ਦੀ ਅਦੁਤੀ ਮਿਸਾਲ ਹੈ। ਜਿਸ ਵਿਚ 40 ਸਿਖਾਂ ਨੇ 500 ਸਾਲ ਪੁਰਾਣੇ ਸਮਰਾਜ ਦੀ ਭਾਰੀ ਗਿਣਤੀ ਦੀ ਫੌਜ਼ ਦਾ ਰਾਹ ਰੋਕ ਲਿਆ ਤੇ ਉਸਨੂੰ ਆਪਣੇ ਮਕਸਦ ਵਿਚ ਕਾਮਯਾਬ ਨਹੀ ਹੋਣ ਦਿਤਾ।

ਮੁਕਤਸਰ ਨੂੰ ਪਹਿਲਾਂ 'ਖਿਦਰਾਣੇ ਦੀ ਢਾਬ' ਦੇ ਨਾਂ ਨਾਲ ਜਾਣਿਆ ਜਾਂਦਾ ਸੀ ਕਿਉਂਕਿ ਚਾਰੇ ਪਾਸਿਓਂ ਵਰਖਾ ਦਾ ਪਾਣੀ, ਇੱਥੇ ਆ ਕੇ ਜਮਾ ਹੋ ਜਾਂਦਾ ਸੀ। ਰੇਤਲੇ ਇਲਾਕੇ ਵਿਚ ਪਾਣੀ ਦੀ ਬੇਹੱਦ ਘਾਟ ਹੋਣ ਕਾਰਨ ਇਹ ਢਾਬ, ਆਸ-ਪਾਸ ਦੇ ਇਲਾਕੇ ਦੇ ਲੋਕਾਂ ਲਈ ਪਾਣੀ ਦੀ ਲੋੜ-ਪੂਰਤੀ ਦਾ ਇਕ ਵੱਡਾ ਸਰੋਤ ਸੀ। ਰੇਤਲੇ ਟਿੱਬਿਆਂ ਵਾਲੀ ਇਸ ਧਰਤੀ ਨੂੰ ਭਾਗ ਕਿਵੇਂ ਲੱਗੇ ਇਹ ਇਤਿਹਾਸ ਦੀ ਬੇਮਿਸਾਲ ਹੇਠ -ਲਿਖੀ ਦਾਸਤਾਨ ਹੈ, ਜਿਸਨੂੰ ਬਿਆਨ ਕਰਦਿਆਂ ,ਪੜਦਿਆਂ ਤੇ ਸੁਣਦਿਆਂ ਹਰ ਇਕ ਇਨਸਾਨ ਦੇ ਰੌਂਗਟੇ ਖੜੇ ਹੋ ਜਾਂਦੇ ਹਨ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜੀ ਨੂੰ ਛਡਣ ਤੋ ਬਾਅਦ ਦੀ ਮਾਛੀਵਾੜੇ , ਕਟਾਣੀ, ਕਨੇਚ, ਆਲਮਗੀਰ, ਮੋਹੀ, ਹੇਰ, ਕਮਾਲਪੁਰਾ, ਲੰਮੇ, ਸੀਲੋਆਣੀ, ਰਾਇਕੋਟ, ਤੋ ਹੁੰਦੇ ਦੀਨਾ, ਪਹੁੰਚੇ। ਇਥੇ ਹੀ ਉਨ੍ਹਾ ਨੇ ਦੇਸਾਂ ਦੇ ਚੁਬਾਰੇ ਤੇ ਬੈਠਕੇ ਔਰੰਗਜ਼ੇਬ ਨੂੰ ਫਤਹਿਨਾਮਾ 1ਕਾਫੀ ਚਿਰ ਗੁਰੂ ਸਾਹਿਬ ਦੀਨੇ ਰਹੇ। ਇਥੇ ਸੰਗਤਾਂ ਦੀਆ ਰੋਣਕਾਂ ਵੀ ਲਗਦੀਆਂ ,ਓਹ ਘੋੜ ਸਵਾਰੀ ਵੀ ਕਰਦੇ, ਸ਼ਿਕਾਰ ਵੀ ਖੇਡਣ ਜਾਂਦੇ। ਉਨਾ ਨੇ ਚੋਖੇ ਬਹਾਦੁਰ ਸਿਪਾਹੀ ਤਨਖਾਹਦਾਰ ਵੀ ਭਰਤੀ ਕਰ ਲਏ1 ਗੁਰੂ ਸਾਹਿਬ ਕੋਲ ਫੌਜ਼ ਤੇ ਸ਼ਸ਼ਤਰ ਵੀ ਇਕਠੇ ਹੋ ਗਏ। ਕਾਫੀ ਸਿੰਘ ਜੋ ਆਪਜੀ ਵਾਸਤੇ ਹਰ ਕੁਰਬਾਨੀ ਦੇਣ ਨੂੰ ਤਿਆਰ ਸੀ ਜਿਨ੍ਹਾ ਦੀ ਤਨਖਾਹ ਸਿਰਫ ਦੋ ਵਕਤ ਦੀ ਰੋਟੀ ਤੇ 6 ਮਹੀਨੇ ਬਾਦ ਇਕ ਜੋੜਾ ਸੀ ਗੁਰੂ ਸਾਹਿਬ ਨਾਲ ਆ ਰਲੇ। ਕੁਝ ਤਨਖਾਹਦਾਰ ਫੌਜੀ ਵੀ ਗੁਰੂ ਸਾਹਿਬ ਦੀ ਫੌਜ਼ ਵਿਚ ਆ ਭਰਤੀ ਹੋਏ।

ਵਜ਼ੀਰ ਖਾਨ ਦੀਆ ਫੌਜਾਂ , ਪਹਾੜੀ ਰਾਜਿਆਂ ਦੀਆਂ ਫੋਜਾਂ ਤੇ ਲਾਹੋਰ ਸੂਬੇ ਦੀਆਂ ਫੌਜਾਂ ਵਾਹੋ ਦਾਹੀ ਇਨ੍ਹਾ ਦਾ ਪਿਛਾ ਕਰ ਰਹੀਆਂ ਸਨ। ਦੀਨੇ ਵਿਚ ਗੁਰੂ ਸਾਹਿਬ ਲੜਨਾ ਨਹੀ ਸੀ ਚਾਹੁੰਦੇ ਕਿਓਂਕਿ ਲੜਾਈ ਦਾ ਵਸੋਂ ਤੇ ਵੀ ਬੁਰਾ ਅਸਰ ਪੈਂਦਾ ਹੈ 1ਓਨ੍ਹਾਂ ਨੇ ਵਸੋਂ ਤੋ ਦੂਰ ਅਗਾਹ ਜੰਗਲ ਵਿਚ ਕਿਸੇ ਢੁਕਵੀਂ ਜਗਹ ਤੇ ਲੜਨ ਦਾ ਫੈਸਲਾ ਕੀਤਾ 1ਦੀਨੇ ਤੋਂ ਜਾਕੇ ਬੁਰਜ ਵਿਚ ਜਾ ਡੇਰਾ ਲਾਇਆ। ਉਥੋਂ ਢਿਲਵਾਂ ਪਹੁੰਚੇ ਜਿਥੇ ਭਾਈ ਸਾਧੂ ਕੋਲ ਜੋ ਪ੍ਰਿਥੀਏ ਦੀ ਔਲਾਦ ਵਿਚੋਂ ਸੀ ਮਿਲੇ ਓਹ ਗੁਰੂ ਸਾਹਿਬ ਵਾਸਤੇ ਚਿਟੇ ਬਸਤਰ ਲੈਕੇ ਆਇਆ। ਨੀਲੇ ਬਸਤਰ ਗੁਰੂ ਸਾਹਿਬ ਨੇ ਲੀਰਾਂ ਕਰ ਕਰਕੇ ਅਗ ਵਿਚ ਸੁਟੀ ਗਏ , ਕਹਿੰਦੇ ਗਏ ਮੁਗਲ ਰਾਜ ਸੜ ਰਿਹਾ ਹੈ। "ਨੀਲ ਬਸਤਰ ਲੈ ਕਪੜੇ ਫਾਰੇ ਤੁਰਕ ਪਠਾਣੀ ਅਮਲ ਗਿਆ। ਉਧਰ ਜਦ ਬੇਦਾਵਾ ਦੇਕੇ ਜਾਣ ਵਾਲੇ ਸਿਖ ਆਪਣੇ ਘਰ ਪੁਜੇ ਤਾਂ ਘਰ ਵਾਲੀਆਂ ਨੇ ਉਨ੍ਹਾ ਨੂੰ ਇਸ ਮੁਸੀਬਤ ਵਕਤ ਗੁਰੂ ਸਾਹਿਬ ਦਾ ਸਾਥ ਛਡਣ ਤੇ ਬਹੁਤ ਲਾਹਨਤਾਂ ਪਾਈਆਂ ਤੇ ਸ਼ਰਮਿੰਦਾ ਕੀਤਾ ਇਥੋਂ ਤਕ ਕੀ ਆਪਣੀਆਂ ਚੂੜੀਆਂ ਵੀ ਲਾਹ ਕੇ ਉਨ੍ਹਾ ਅਗੇ ਸੁਟ ਦਿਤੀਆਂ ਕੀ ਤੁਸੀਂ ਇਹ ਪਾਕੇ .ਚੁਲਾ ਚੋਕਾ ਸੰਭਾਲੋ , ਅਸੀਂ ਲੜਾਈ ਵਿਚ ਜਾਵਾਂਗੀਆਂ। ਇਨ੍ਹਾ ਵਿਚ ਮਾਈ ਭਾਗੋ ਵੀ ਸੀ , ਜਦ ਸਿੰਘਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਮਾਈ ਭਾਗੋ ਨੇ ਉਨ੍ਹਾ ਨੂੰ ਮੁੜ ਗੁਰੂ ਜੀ ਦੇ ਚਰਨੀਂ ਲੱਗਣ ਦੀ ਸਲਾਹ ਦਿੱਤੀ। ਗੁਰੂ ਜੀ ਦੇ ਪਰਿਵਾਰ ਦੇ ਖੇਰੂੰ-ਖੇਰੂੰ ਹੋਣ, ਅਤੇ ਮੁਗਲ ਫੌਜਾਂ ਵੱਲੋਂ ਗੁਰੂ ਜੀ ਦਾ ਪਿੱਛਾ ਕਰਨ ਦੀਆਂ ਖਬਰਾਂ ਸੁਣ ਉਨ੍ਹਾਂ ਸਿੰਘਾਂ ਦੀ ਜ਼ਮੀਰ ਨੇ ਹਲੂਣਾ ਖਾਧਾ ਅਤੇ ਔਖੀ ਘੜੀ ਗੁਰੂ ਜੀ ਦਾ ਸਾਥ ਛੱਡਣ ਦਾ ਅਹਿਸਾਸ ਵੀ ਉਨ੍ਹਾਂ ਨੂੰ ਸਤਾਉਣ ਲੱਗਾ। ਇਹ ਸਿੰਘ ਮੁੜ ਤੋਂ ਗੁਰੂ ਜੀ ਦੀ ਅਗਵਾਈ ਵਿਚ ਲੜ-ਮਰਨ ਲਈ ਚੱਲ ਪਏ। ਮਾਈ ਭਾਗੋ ਮਰਦਾਵੇਂ ਵੇਸ ਵਿਚ ਇਨ੍ਹਾਂ ਦੇ ਨਾਲ ਸੀ। ਰਸਤੇ ਵਿਚ ਇਨ੍ਹਾਂ ਸਿੰਘਾਂ ਨੂੰ ਗੁਰੂ ਜੀ ਦੇ ਸ੍ਰੀ ਆਨੰਦਪੁਰ ਸਾਹਿਬ ਛੱਡਣ, ਚਮਕੌਰ ਦੀ ਜੰਗ, ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਆਦਿ ਦੇ ਸਮਾਚਾਰ ਜਦੋਂ ਮਾਲੂਮ ਹੋਏ, ਸਿੰਘਾਂ ਦਾ ਖ਼ੂਨ ਹੋਰ ਵੀ ਖੌਲ ਪਿਆ ਅਤੇ ਉਹ ਪੁੱਛਦੇ-ਪੁਛਾਂਦੇ ਜਿੱਧਰ ਨੂੰ ਗੁਰੂ ਜੀ ਗਏ ਸਨ, ਮਗਰੇ ਮਗਰ ਤੁਰ ਪਏ।

ਕਾਂਗੜ ਤੋਂ ਹੁੰਦੇ ਹੋਏ ਲਾਲ -ਭਗਤਾ ਆਦਿ ਪਿੰਡਾਂ ਤੋ ਹੁੰਦੇ ਕੋਟ ਕਪੂਰੇ ਪੁੱਜੇ । ਮੁਗਲ ਸੈਨਾ ਲਗਾਤਾਰ ਭਾਰੀ ਫੌਜ਼ ਤੇ ਲਾਉ-ਲਸ਼ਕਰ ਨਾਲ ਅਜੇ ਵੀ ਗੁਰੂ ਸਾਹਿਬ ਜੀ ਦਾ ਪਿੱਛਾ ਕਰ ਰਹੀ ਸੀ। ਇਥੇ ਇਕ ਥਾਂ ਢਾਬ ਦੇ ਵਿਚਕਾਰ ਉਚੀ ਥਾਂ ਸੀ। ਕਪੂਰੇ ਨੂੰ ਕਿਹਾ ਸਾਨੂੰ ਇਸ ਗੜੀ ਵਿਚ ਮੋਰਚਾ ਲਗਾਕੇ ਵੈਰੀਆਂ ਨਾਲ ਦੋ ਹਥ ਕਰ ਲੇਣ ਦਿਉ , ਹਾਲਾਕਿ ਉਸਦੀ ਪੂਰੀ ਹਮਦਰਦੀ ਗੁਰੂ ਸਾਹਿਬ ਨਾਲ ਸੀ ਤੇ ਬਾਅਦ ਵਿਚ ਉਸਨੇ ਮੁਆਫੀਆਂ ਵੀ ਮੰਗੀਆਂ ,ਪਰ ਹਕੂਮਤ ਦੇ ਡਰ ਤੋਂ ਉਸਨੇ ਮਨਾ ਕਰ ਦਿਤਾ ਤੇ ਕਿਹਾ, " ਤੁਰਕ ਮੈਨੂੰ ਮਾਰ ਦੇਣਗੇ " ਤਾਂ ਗੁਰੂ ਸਾਹਿਬ ਨੇ ਹਸਕੇ ਕਿਹਾ ," ਕਪੂਰਿਆ ਤੇਨੂੰ ਤੁਰਕਾਂ ਨੇ ਫਿਰ ਵੀ ਨਹੀ ਛਡਣਾ"। ਗੁਰੂ ਸਾਹਿਬ ਦਾ ਇਹ ਵਾਕ ਸਚ ਹੋਇਆ ਜਦ ਬਾਅਦ ਵਿਚ ਕਪੂਰੇ ਦੇ ਗੁਆਂਢੀ ਈਸਾ ਖਾਨ ਨੇ ਕਪੂਰੇ ਨੂੰ ਲੁਟਿਆ ਤੇ ਫਾਹੇ ਦੇ ਦਿਤਾ। ਕੋਟਕਪੂਰਾ ਆਦਿ ਹੁੰਦੇ ਹੋਏ ਜਦ ਜੈਤੋ ਪੁੱਜੇ ਤਾਂ ਪਤਾ ਲੱਗਾ ਕਿ ਸੂਬਾ ਸਰਹਿੰਦ ਭਾਰੀ ਲਾਓ-ਲਸ਼ਕਰ ਨਾਲ ਆਪ ਦਾ ਪਿੱਛਾ ਕਰਦਾ ਹੋਇਆ ਆ ਰਿਹਾ ਹੈ। ਚੋਧਰੀ ਕਪੂਰ ਚਾਹੇ ਡਰਪੋਕ ਨਿਕਲਿਆ , ਉਸਨੇ ਮੁਗਲਾਂ ਦੇ ਡਰ ਤੋਂ ਗੜੀ ਦੇਣ ਲਈ ਮਨਾ ਵੀ ਕਰ ਦਿਤਾ , ਓਹ ਮੁਗਲ ਫੌਜ਼ ਨਾਲ ਖਿਦਰਾਣੇ ਤਕ ਗਿਆ ਵੀ ਪਰ ਉਸਦੀ ਦਿਲੋਂ ਹਮਦਰਦੀ ਗੁਰੂ ਸਾਹਿਬ ਨਾਲ ਸੀ। ਉਸਨੇ ਗੁਰੂ ਸਾਹਿਬ ਨੂੰ ਨੇਕ ਸਲਾਹ ਦਿਤੀ। ਉਸਦੀ ਤੇ ਭਾਈ ਕੋਲ ਦੀ ਸਲਾਹ ਨਾਲ ਗੁਰੂ ਸਾਹਿਬ ਨੇ ਖਿਦਰਾਣੇ ਦੀ ਢਾਬ ਤੇ ਮੁਕਾਬਲਾ ਕਰਨਾ ਠੀਕ ਸਮਝਿਆ। ਸਿਰਫ ਇਥੇ ਹੀ ਪਾਣੀ ਸੀ ਤੇ ਅਗੇ ਕੋਹਾਂ ਦੂਰ ਦੂਰ ਤਕ ਖੁਲੀ ਓਜਾੜ ਤੇ ਜੰਗਲ ਸੀ ਤੇ ਇਸ ਤੇ ਗੁਰੂ ਸਾਹਿਬ ਦਾ ਕਬਜਾ ਸੀ।

ਗੁਰੂ ਸਾਹਿਬ ਸੁਨਿਆਰ, ਰਾਮਿਆਣੇ ਤੋਂ ਹੁੰਦੇ ਖਿਦਰਾਣੇ ਵਲ ਨੂੰ ਤੁਰ ਪਏ। ਅਜੇ ਓਹ ਰੁਮਿਆਣੇ ਤੇ ਖਿਦਰਾਣੇ ਦੇ ਵਿਚਕਾਰ ਹੀ ਸਨ ਕੀ ਮਾਝੇ ਦੇ ਸਿੰਘਾਂ ਦੇ ਜਥੇ ਜੋ ਪਿੰਡ ਦੇ ਚੋਧਰੀਆਂ ਤੇ ਮਸੰਦਾ ਨੇ ਭੇਜਿਆ ਸੀ ਨਾਲ ਮੇਲ ਹੋਇਆ। ਜਥੇ ਨੇ ਸ਼ਰਤ ਰਖੀ ਕੀ ਤੁਸੀਂ ਜੰਗ ਕਰਨੇ ਛਡ ਦਿਓ ਤੇ ਔਰੰਗਜ਼ੇਬ ਨਾਲ ਸੁਲਹ ਕਰ ਲਉ ਤਾਂ ਗੁਰੂ ਸਾਹਿਬ ਨੇ ਕਿਹਾ ਕੀ ਹੁਣ ਸੁਲਹ ਨਹੀ ਹੋ ਸਕਦੀ ਜਦ ਸਭ ਕੁਝ ਖਤਮ ਹੋ ਗਿਆ। ਉਸ ਵੇਲੇ ਤੁਸੀਂ ਕਿਥੇ ਸੀ ਜਦ ਗੁਰੂ ਅਰਜਨ ਦੇਵ ਜੀ ਸ਼ਹੀਦ , ਹੋਏ , ਗੁਰੂ ਤੇਗ ਬਹਾਦਰ ਜੀ ਨੂੰ ਸਹੀਦ ਕੀਤਾ ਗਿਆ। ਚਾਰ ਸਾਹਿਬਜਾਦੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਪਿਆਰੇ ਸਿਖ ਸ਼ਹੀਦ ਹੋਏ ਗਏ ਹਨ ? ਇਹ ਸੰਗਤਾਂ ਗੁਰੂ ਸਾਹਿਬ ਨੂੰ ਪਿਠ ਦੇਕੇ ਵਾਪਿਸ ਜਾ ਰਹੀਆਂ ਸਨ। ਇਥੇ ਹੀ ਝਬਾਲ ਦੀ ਮਾਈ ਭਾਗੋ ਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਓਹ 40 ਸਿਖ ਜੋ ਆਨੰਦਪੁਰ ਸਾਹਿਬ ਵਿਚ ਬੇਦਾਵਾ ਦੇ ਕੇ ਚਲੇ ਗਏ ਸੀ, ਮਾਫ਼ੀ ਮੰਗਣ ਲਈ ਵਾਪਿਸ ਆ ਰਹੇ ਸੀ। ਜਥਾ ਓਹ ਮਰਦੇ ਦਮ ਤਕ ਗੁਰੂ ਦਾ ਸਾਥ ਦੇਣ ਦਾ ਫੈਸਲਾ ਕਰ ਚੁਕੇ ਸੀ।

ਜਦ ਉਹਨਾ ਨੂੰ ਪਤਾ ਲਗਾ ਕਿ ਸੂਬਾ ਸਰਹੰਦ ਦੀਆ ਫੌਜਾਂ ਵਾਹੋ-ਦਾਹੀ ਪਿਛੇ ਆ ਰਹੀਆਂ ਹਨ ਤਾਂ ਉਨ੍ਹਾ ਨੇ ਸੂਬਾ ਸਰਹੰਦ ਨੂੰ ਰਾਹ ਵਿਚ ਰੋਕਣ ਦਾ ਫੈਸਲਾ ਕਰ ਲਿਆ ਤਾਕਿ ਓਹ ਗੁਰੂ ਸਾਹਿਬ ਤਕ ਨਾ ਪਹੁੰਚ ਸਕਣ। ਆਪਣੀਆਂ ਚਾਦਰਾਂ ਤੇ ਹੋਰ ਕਪੜੇ ਦਰਖਤਾਂ ਉਤੇ ਇਸ ਤਰਹ ਟੰਗ ਦਿਤੇ ਤਕਿ ਦੂਰੋਂ ਲਗੇ ਕੀ ਕੋਈ ਫੌਜ਼ ਤੰਬੂ ਤਾਣੇ ਡੇਰਾ ਲਗਾਕੇ ਬੈਠੀ ਹੈ। ਆਪ ਓਹ ਝਾੜੀਆਂ ਪਿਛੇ ਐਸੇ ਟਿਕਾਣਿਆ ਤੇ ਬੇਠ ਗਏ ਜਿਥੋਂ ਆਸਾਨੀ ਨਾਲ ਅਉਣ ਵਾਲੀ ਫੌਜ਼ ਤੇ ਹਮਲਾ ਕਰ ਸਕਣ। ਜਦੋਂ ਵਜ਼ੀਰ ਖਾਨ ਦੀ ਫੌਜ਼ ਮਾਰ ਹੇਠ ਪਹੁੰਚੀ ਤਾਂ ਸਿੰਘਾਂ ਨੇ ਗੋਲੀਆਂ ਤੇ ਤੀਰਾਂ ਨਾਲ ਸਵਾਗਤ ਕੀਤਾ। ਬੇਅੰਤ ਦੁਸ਼ਮਨਾ ਨੂੰ ਮੌਤ ਦੇ ਘਾਟ ਉਤਾਰ ਦਿਤਾ। ਦਸਮ ਪਿਤਾ ਨੇ ਵੀ ਟਿੱਬੀ ਤੋਂ ਤੀਰਾਂ ਦੀ ਝੜੀ ਲਾ ਦਿੱਤੀ। ਬਹੁਤ ਸਾਰੇ ਦੁਸ਼ਮਣ ਦੇ ਜਰਨੈਲ ਗੁਰੂ ਜੀ ਦੇ ਤੀਰਾਂ ਦੀ ਭੇਟ ਚੜ੍ਹਦੇ ਗਏ। ਬਹਾਦਰ ਸਿੰਘ ਤਲਵਾਰਾਂ ਲੈ ਕੇ ਮੁਗ਼ਲਾਂ ਉੱਤੇ ਟੁੱਟ ਪਏ।

ਜਦ ਤਕ ਸਿੰਘਾਂ ਕੋਲ ਦਾਰੂ ਸਿਕਾ ਰਿਹਾ ਵੇਰੀਆਂ ਨੂੰ ਢੁਕਣ ਨਹੀਂ ਦਿਤਾ ਜਦੋਂ ਖਤਮ ਹੋ ਗਿਆ ਤੇ ਓਹ 5-5 ਦੇ ਜਥਿਆਂ ਵਿਚ ਆਕੇ ਸ਼ੇਰਾਂ ਵਾਂਗ ਟੁਟ ਪਏ। ਗੁਰੂ ਸਾਹਿਬ ਨੇ ਜਦੋਂ ਮ੍ਝੇਲਾਂ ਨੂੰ ਇਸਤਰਾ ਲੜਦਿਆਂ ਦੇਖਿਆ ਤਾਂ ਮਦਤ ਲਈ ਫੌਜ਼ ਭੇਜ ਦਿਤੀ ਤੇ ਆਪ ਉਤੋਂ ਤੀਰ ਛਡਦੇ ਗਏ। ਮ੍ਝੇਲਾਂ ਦੇ ਹੋਸ੍ਲੇ ਵਧ ਗਏ ,ਓਹ ਇਸ ਦਲੇਰੀ ਨਾਲ ਲੜੇ ਕਿ ਦੁਸ਼੍ਮਨਾ ਦੀ ਹੋਸ਼ ਟਿਕਾਣੇ ਆ ਗਈ ਤੇ ਲੜਦੇ ਲੜਦੇ ਸਭ ਸ਼ਹੀਦ ਹੋ ਗਏ। ਇੰਜ ਖਿਦਰਾਣੇ ਦੀ ਧਰਤੀ ਤੇ ਇਸ ਯੁੱਧ ਵਿੱਚ ਗੁਰੂ ਸਾਹਿਬ ਨੂੰ ਇਹਨਾ 40 ਸਿੰਘਾ ਨੇ ਆਪਣੀ ਅਦੁੱਤੀ ਬਹਾਦਰੀ ਤੇ ਦਲੇਰੀ ਦਾ ਸਬੂਤ ਦਿੱਤਾ। ਲੜਦੇ ਲੜਦੇ ਤਕਰੀਬਨ ਸਾਰੇ ਸਿਖ ਸਹੀਦ ਹੋ ਗਏ।

ਕਈ ਮੀਲਾਂ ਦਾ ਸਫਰ ,ਓਤੋ ਸਿੰਘਾਂ ਨਾਲ ਜਾਨ ਤੋੜ ਮੁਕਾਬਲਾ, ਗਰਮੀ ਦੀ ਰੁਤ, ਵੈਰੀ ਤ੍ਰੇਹ ਨਾਲ ਹੋਉਕਣ ਲਗ ਪਏ। ਜਿਥੇ ਗੁਰੂ ਸਾਹਿਬ ਦਾ ਕਬਜਾ ਸੀ ਉਥੇ ਪਾਣੀ ਚਾਰੋਂ ਤਰਫੋਂ ਇਕਠਾ ਹੁੰਦਾ ਸੀ ਤੇ ਲੋਕਾਂ ਦੀਆਂ ਸਾਲ ਭਰ ਦੀਆਂ ਜਰੂਰਤਾਂ ਪੂਰੀਆਂ ਕਰਦਾ ਸੀ। ਚੋਧਰੀ ਕਪੂਰੇ ਜਿਸਦੀ ਹਮਦਰਦੀ ਗੁਰੂ ਸਾਹਿਬ ਨਾਲ ਸੀ ਪਰ ਆਇਆ ਓਹ ਵਜੀਰ ਖਾਨ ਦੀ ਫੌਜ਼ ਨਾਲ ਸੀ, ਉਸਨੇ ਦਸਿਆ ਕੀ ਅਗੇ 30 ਮੀਲ ਦੀ ਦੂਰੀ ਤਕ ਪਾਣੀ ਨਹੀ ਹੈ ਹਾਂ ਪਿਛੇ 10 ਮੀਲ ਦੀ ਦੂਰੀ ਤੇ ਪਾਣੀ ਮਿਲ ਜਾਏਗਾ। ਹੋਰ ਲੜਨ ਦੀ ਹਿੰਮਤ ਉਨਾਂ ਵਿਚ ਨਹੀਂ ਸੀ ਸੋ ਪਿਛੇ ਪਰਤਣਾ ਹੀ ਠੀਕ ਸਮਝਿਆ। ਗੁਰੂ ਸਾਹਿਬ ਦੀ ਜਿਤ ਹੋਈ .1 ਅਕਾਲ ਪੁਰਖ ਦੀ ਜਿਤ ਹੋਈ। ਗੁਰੂ ਸਾਹਿਬ ਢਾਬ ਤੋ ਥਲੇ ਆਏ। ਅਕਾਲ ਪੁਰਖ ਦਾ ਧੰਨਵਾਦ ਕੀਤਾ 1ਸ਼ਹੀਦ ਸਿੰਘਾਂ ਨੂੰ ਮੇਰਾ ਪੰਜ ਹਜ਼ਾਰੀ , ਮੇਰਾ ਦਸ ਹਜ਼ਾਰੀ ਕਹਿਕੇ ਨਿਵਾਜਿਆ। ਇਕ ਇਕ ਨੂੰ ਆਪਣੀ ਗੋਦੀ ਵਿਚ ਲਿਆ, ਮੂੰਹ ਸਾਫ਼ ਕੀਤਾ ,ਅਸੀਸਾਂ ਦਿਤੀਆ। ਅਖੀਰ ਮਹਾਂ ਸਿੰਘ ਕੋਲ ਆਏ। ਉਸਦਾ ਸਵਾਸ ਚਲ ਰਿਹਾ ਸੀ, ਮੂੰਹ ਵਿਚ ਪਾਣੀ ਪਾਇਆ। ਜਦ ਉਸਨੂੰ ਥੋੜੀ ਹੋਸ਼ ਆਈ , ਗੁਰੂ ਸਾਹਿਬ ਨੇ ਉਸਦਾ ਅੰਤਿਮ ਸਮਾਂ ਜਾਣ ਕੇ ਕਿਹਾ "ਕੁਝ ਮੰਗ ਲੈ " ਮੇਰਾ ਸਿਰ ਤੁਹਾਡੀ ਗੋਦੀ ਵਿਚ ਹੈ ਇਸਤੋਂ ਵਧ ਮੈਨੂੰ ਕੀ ਚਾਹੀਦਾ ਹੈ ? ਉਸਦੇ ਅੰਖਾਂ ਵਿਚ ਅਥਰੂ ਸਨ। ਗੁਰ ਸਾਹਿਬ ਨੇ ਫਿਰ ਕਿਹਾ ਸਿਖਾ ਕੁਝ ਮੰਗ ਲੈ ਤਾਂ ਮਹਾਂ ਸਿੰਘ ਨੇ ਕਿਹਾ ਜੇ ਤੁਸੀਂ ਤਰੁਠੇ ਹੋ ਤਾਂ ਜੇਹੜਾ ਬੇਦਾਵਾ ਅਸੀਂ ਦੇਕੇ ਆਏ ਸੀ ਉਸ ਨੂੰ ਫਾੜ ਦਿਉ । ਗੁਰੂ ਸਾਹਿਬ ਨੇ ਝਟ ਕਮਰਕਸੇ ਵਿਚੋਂ ਬੇਦਾਵਾ ਕਢਿਆ ਤੇ ਫਾੜ ਦਿਤਾ ਤੇ ਕਹਿਣ ਲਗੇ ," ਬੇਦਾਵਾ ਤਾ ਤੁਸਾਂ ਨੇ ਦਿਤਾ ਸੀ ਅਸਾਂ ਨੇ ਤਾ ਕਦੀ ਤੁਹਾਨੂੰ ਆਪਣੇ ਆਪ ਤੋਂ ਅੱਲਗ ਨਹੀ ਕੀਤਾ । ਭਾਈ ਮਹਾਂ ਸਿੰਘ ਨੇ ਗੁਰੂ ਸਾਹਿਬ ਦੀ ਨਿੱਘੀ ਗੋਦ ਵਿੱਚ ਸਵਾਸ ਤਿਆਗ ਦਿੱਤੇ।ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਦੀ ਸਹਿਕਦੀ ਖਾਹਿਸ਼ ਨੂੰ ਜਿੰਦਗੀ ਦਿਤੀ1 ਫਿਰ ਓਹ ਮਾਈ ਭਾਗੋ ਕੋਲ ਗਏ ਜੋ ਬੁਰੀ ਤਰਹ ਜਖਮੀ ਹੋ ਚੁਕੀ ਸੀ ਪਰ ਜਿੰਦਾ ਸੀ। ਗੁਰੂ ਸਾਹਿਬ ਨੇ ਆਪਣੀ ਨਿਗਰਾਨੀ ਹੇਠ ਉਸਦਾ ਇੱਲਾਜ਼ ਕਰਵਾਇਆ। ਉਸਦੇ ਪਤੀ ਤੇ ਦੋਨੋ ਭਰਾ ਇਸ ਜੰਗ ਵਿਚ ਸ਼ਹੀਦ ਹੋ ਚੁਕੇ ਸਨ। ਓਹ ਵਾਪਿਸ ਨਹੀ ਗਈ ਤੇ ਅਮ੍ਰਿਤ ਛਕਕੇ ਕੇ ਆਖਰੀ ਸਾਹ ਤਕ ਗੁਰੂ ਘਰ ਦੀ ਸੇਵਾ ਕਰਦੀ ਰਹੀ। ਸ਼ਹੀਦਾਂ ਦਾ ਸਸਕਾਰ ਕਰਕੇ ਇਹਨਾ ਨੂੰ ਮੁਕਤੀ ਦਾ ਆਸ਼ੀਰਵਾਦ ਦਿਤਾ।

ਸਹੀਦਾਂ ਦੀਆਂ ਲਾਸ਼ਾਂ ਨੂੰ ਸੰਭਾਲਿਆ। ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਵਾ ਗੁਰੂ ਸਾਹਿਬ ਨੇ 'ਖ਼ਾਲਸਾ ਮੇਰੋ ਰੂਪ ਹੈ ਖਾਸ' ਦੇ ਸਿਧਾਂਤ ਨੂੰ ਅਮਲੀ ਰੂਪ ਦਿੰਦਿਆਂ ਢਾਬ ਨੂੰ ਮੁਕਤੀ ਦਾ ਸਰ (ਸਰੋਵਰ) ਹੋਣ ਦਾ ਵਰਦਾਨ ਦਿੱਤਾ। ਅੱਜ ਇਹ ਸਥਾਨ ਸੰਸਾਰ 'ਚ 'ਮੁਕਤਸਰ' ਦੇ ਨਾਮ ਨਾਲ ਪ੍ਰਸਿੱਧ ਹੈ। ਮੁਕਤਸਰ ਦਾ ਇਤਿਹਾਸ ਅੱਜ ਵੀ ਸਾਨੂੰ ਚਾਲੀ ਮੁਕਤਿਆਂ ਦੀ ਦੇਸ਼ ਤੇ ਕੌਮ ਪ੍ਰਤੀ ਆਪਾ ਵਾਰਨ ਦੀ ਭਾਵਨਾ ਨੂੰ ਦ੍ਰਿੜ੍ਹ ਕਰਾਉਂਦਾ ਹੈ।

ਇਸ ਜਗਹ ਦਾ ਨਾਂ ਗੁਰੂ ਸਾਹਿਬ ਨੇ ਆਪ ਮੁਕਤਸਰ ਰਖ਼ਿਆ।

ਮੁਕਤੇ ਮੇਰੇ ਪ੍ਰਾਨ ,ਜੋ ਕਰਨ ਸੋ ਪ੍ਰਵਾਨ ॥
ਯਾ ਤੇ ਨਾਮ ਮੁਕਤਿਸਰ ਹੋਆ ॥
ਜੋ ਮਜਹਿ ਤਿਨ ਹੀ ਅਘ ਖੋਆ ॥
ਆਸ ਮਹਿਮਾ ਸ੍ਰੀ ਮੁਖ ਤੇ ਕਹੀ ॥
ਸੋ ਅਬ ਪ੍ਰਗਟ ਜਗਤ ਮੈ ਸਹੀ ॥

ਇਸ ਜੰਗ ਤੋ ਬਾਦ ਇਹ ਜਗਹ ਸਿਖ ਇਤਿਹਾਸ ਵਿਚ ਇਕ ਇਤਿਹਾਸਿਕ ਤੇ ਅਧਿਆਤਮਿਕ ਜਗਹ ਦੀ ਤੋਰ ਤੇ ਜਿਥੇ 40 ਮੁਕਤਿਆਂ ਦੇ ਸਿਖੀ ਸਿਦਕ ਦਾ ਅਥਾਹ ਸੋਮਾ ਹੈ, ਹਮੇਸ਼ਾ ਲਈ ਅਮਰ ਹੋ ਗਈ

ਇਸ ਬਾਰੇ ਇਕ ਸ਼ਾਇਰ ਨੇ ਲਿਖਿਆ ਹੈ
ਸ਼ਹੀਦੋਂ ਕੀ ਕਤਲਗਾਹ ਸਿ
ਕਜਾ ਬੇਹਤਰ ਹੈ ਕਾਅਬਾ।
ਸ਼ਹੀਦੋਂ ਕੀ ਖਾਕ ਪੈ




# ਸਿੱਖ ਰਾਜ
## ਕਿਵੇਂ ਬਣਿਆ?

**ਲੇਖਕ : ਗਿ: ਸੋਹਣ ਸਿੰਘ 'ਸੀਤਲ'**

ਕਿਸ਼ਤ - 52

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਹਾਜ਼ਰ ਖ਼ਾਂ ਕੈਦ

ਅਗਲੇ ਦਿਨ ਖ਼ਵਾਜਾ ਮਿਰਜ਼ਾ 'ਤੇ ਮਰਹੱਟਿਆਂ ਨੇ ਹਮਲਾ ਕਰਕੇ ਮੀਰ ਹਾਜ਼ਰ ਖ਼ਾਂ ਸਣੇ ਫ਼ੌਜ ਫੜ ਲਿਆ।ਅਦੀਨਾ ਬੇਗ ਦੀ ਸਲਾਹ ਨਾਲ ਸਿੱਖਾਂ ਨੂੰ ਫੇਰ ਆਪਣੀ ਮਦਦ 'ਤੇ ਲੈ ਲਿਆ ਗਿਆ। ਸਿੱਖਾਂ ਤੋਂ ਮਰਹੱਟਿਆਂ ਨੇ ਤੈਮੂਰ ਤੇ ਜਹਾਨ ਖ਼ਾਂ ਨੂੰ ਝਨਾਂ 'ਤੇ ਜਾ ਘੇਰਿਆ। ਮਰਹੱਟੇ ਵੀਹ ਹਜ਼ਾਰ ਸਿੱਖ ਦਸ ਹਜ਼ਾਰ ਸਨ।

### ਝਨਾਂ ਕੰਢੇ ਲੜਾਈ

ਤੈਮੂਰ ਤੇ ਜਹਾਨ ਖ਼ਾਂ ਤਾਂ ਰਾਤ ਜਾਨ ਬਚਾ ਕੇ ਨੱਸ ਗਏ, ਪਰ ਉਹਨਾਂ ਦਾ ਡੇਰਾ ਸਿੱਖਾਂ ਤੇ ਮਰਹੱਟਿਆਂ ਲੁੱਟ ਲਿਆ। ਏਥੇ ਹਜ਼ਾਰਾਂ ਦੁਰਾਨੀ ਸਿਪਾਹੀ ਕਤਲ ਹੋਏ ਤੇ ਰਹਿੰਦੇ ਕੈਦੀ ਬਣਾ ਲਏ ਗਏ।

ਮਰਹੱਟਿਆਂ ਨੇ ਸਾਰਾ ਪੰਜਾਬ ਮੱਲ ਲਿਆ। ਦੂਜੇ ਪਾਸੇ ਮੁਲਤਾਨ ਤਕ ਉਹਨਾਂ ਦੀਆਂ ਫ਼ੌਜਾਂ ਜਾ ਪੁੱਜੀਆਂ। ਅਬਦਾਲੀ ਤੋਂ ਡਰਦੇ ਉਹ ਪੰਜਾਬ ਉੱਤੇ ਆਪਣਾ ਸਿੱਧਾ ਕਬਜ਼ਾ ਨਹੀਂ ਸਨ ਰਖਣਾ ਚਾਹੁੰਦੇ। ਉਹਨਾਂ ਮੁਲਤਾਨ, ਲਾਹੌਰ ਏਥੋਂ ਕੁਛ ਪਠਾਣਾਂ ਨੂੰ ਫੜ ਕੇ ਸਿੱਖ ਅੰਮ੍ਰਿਤਸਰ ਲੈ ਆਏ, ਤੇ ਜਹਾਨ ਖ਼ਾਂ ਦਾ ਪੂਰਿਆ ਹੋਇਆ ਸਰੋਵਰ ਉਹਨਾਂ ਤੋਂ ਸਾਫ਼ ਕਰਾਇਆ।

### ਮਰਹੱਟਿਆਂ ਪੰਜਾਬ ਅਦੀਨਾਬੇਗ ਨੂੰ ਦਿੱਤਾ

ਤੇ ਸਰਹਿੰਦ 75 ਲੱਖ ਸਾਲਾਨਾ ਬਦਲੇ ਅਦੀਨਾਬੇਗ ਨੂੰ ਦਿੱਤਾ ਤੇ ਉਸਨੂੰ ਨਵਾਬ ਦਾ ਖ਼ਿਤਾਬ ਬਖ਼ਸ਼ਿਆ। ਪੰਜ ਜੂਨ, 1758 ਈ: ਨੂੰ ਮਰਹੱਟੇ ਜਰਨੈਲ ਵਾਪਸ ਥਾਨੇਸਰ ਆ ਗਏ। ਏਸ ਗੜਬੜ ਦੇ ਸਮੇਂ ਸਿੱਖਾਂ ਨੇ ਆਪਣਿਆਂ ਇਲਾਕਿਆਂ ਵਿਚ ਥਾਂ-ਥਾਂ ਕੱਚੇ ਕਿਲ੍ਹੇ ਬਣਾ ਲਏ। ਉਹ ਜਾਣਦੇ ਸਨ, ਕਿ ਹੁਣ ਅਦੀਨਾਬੇਗ ਨਾਲ ਟੱਕਰ ਲੈਣੀ ਪਏਗੀ।

### ਅਦੀਨਾਬੇਗ ਦੀਨਾ ਨਗਰ

ਅਦੀਨਾਬੇਗ ਨੇ ਆਪਣੀ ਰਾਜਧਾਨੀ ਬਟਾਲੇ ਦੇ ਇਲਾਕੇ ਵਿਚ ਦੀਨਾ ਨਗਰ ਬਣਾ ਲਈ। ਉਹਨੇ ਆਪਣੇ ਮਾਤਹਿਤ ਲਾਹੌਰ ਵਿਚ ਖ਼ਵਾਜਾ ਮਿਰਜ਼ਾ ਖ਼ਾਂ (ਜੋ ਹੁਣ ਉਸਦਾ ਜਵਾਈ ਬਣ ਚੁੱਕਾ ਸੀ) ਨੂੰ ਸੂਬੇਦਾਰ ਤੇ (ਉਸ ਦੇ ਭਰਾ) ਖ਼ਵਾਜਾ ਸਦੀਕਖ਼ਾਂ ਨੂੰ ਨਾਇਬ ਥਾਪਿਆ। ਸਦੀਕਬੇਗ ਨੂੰ ਸਰਹਿੰਦ ਦਾ ਫ਼ੌਜਦਾਰ ਬਣਾਇਆ ਗਿਆ। ਮੁਰਾਦ ਬੇਗਮ ਅਦੀਨਾਬੇਗ ਨਾਲ ਬਟਾਲੇ ਚਲੀ ਗਈ।

### ਅਦੀਨਾਬੇਗ ਸਿੱਖਾਂ ਦਾ ਵੈਰੀ

ਪੰਜਾਬ ਦਾ ਹੁਕਮਰਾਨ ਬਣ ਕੇ ਅਦੀਨਾਬੇਗ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਖ਼ਤਮ ਕਰਨ ਦਾ ਇਰਾਦਾ ਕੀਤਾ। ਦਸ ਹਜ਼ਾਰ ਫ਼ੌਜ ਉਹਦੀ ਪੁਰਾਣੀ ਹੈਗੀ ਸੀ, ਤੇ ਕਈ ਹਜ਼ਾਰ ਨਵੀਂ ਹੋਰ ਭਰਤੀ ਕਰ ਲਈ। ਪੰਜਾਬ ਭਰ ਦੇ ਛੋਟੇ ਵੱਡੇ ਹਾਕਮ ਤੇ ਚੌਧਰੀ ਉਹਨੇ ਏਸ ਕੰਮ ਵਾਸਤੇ ਆਪਣੇ ਨਾਲ ਗੰਢ ਲਏ। ਸਿੱਖ ਵੀ ਏਸ ਚਾਲ ਨੂੰ ਤਾੜ ਗਏ ਤੇ ਬਹੁਤ ਸਾਰੇ ਦੀਨਾ ਨਗਰ ਦੇ ਉਦਾਲੇ ਆ ਕੱਠੇ ਹੋਏ। ਅਦੀਨਾਬੇਗ ਨੇ ਦੀਵਾਨ ਹੀਰਾ ਮੱਲ ਤੇ ਆਕਲ ਦਾਸ (ਜੰਡਿਆਲੀਆ) ਨੂੰ ਫੌਜ ਦੇ ਕੇਸਿੱਖਾਂ ਦੇ ਟਾਕਰੇ ਘੱਲਿਆ।

### ਕਾਦੀਆਂ ਦੀ ਲੜਾਈ

ਕਾਦੀਆਂ ਕੋਲ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਹੀਰਾ ਮੱਲ ਮਾਰਿਆ ਗਿਆ। ਸਿੱਖਾਂ ਨੇ ਉਹਨਾਂ ਦੇ ਡੇਰਾ ਲੁੱਟ ਲਿਆ।

### ਕਤਲਾਮ ਦਾ ਹੁਕਮ

ਗੁੱਸੇ ਵਿਚ ਅਦੀਨਾਬੇਗ ਨੇ ਸਿੱਖਾਂ ਦੀ ਕਤਲਾਮ ਦਾ ਹੁਕਮ ਦੇ ਦਿੱਤਾ। ਇਲਾਕੇ ਦੇ ਚੌਧਰੀਆਂ ਤੇ ਹਾਕਮਾਂ ਨੂੰ ਸਖ਼ਤ ਹੁਕਮ ਭੇਜੇ ਗਏ, ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਏ। ਜਿਨਾਂ ਸਿੱਖਾਂ ਦੀ ਮਦਦ ਨਾਲ ਅਦੀਨਾਬੇਗ ਕਈ ਵਾਰ ਆਪਣੇ ਸਿੰਘਾਸਣ 'ਤੇ ਬੈਠਾ ਸੀ, ਹੱਥ ਧੋ ਕੇ ਮਗਰ ਪੈ ਗਿਆ। ਅਦੀਨਾਬੇਗ ਜਾਣਦਾ ਸੀ, ਕਿ ਸਿੱਖਾਂ

### ਝੱਲ ਸਾੜੇ

ਦਾ ਅਜਿੱਤ ਕਿਲਾ ਦਰਿਆਵਾਂ ਦੇ ਝੱਲ ਹਨ।ਉਹਨੇ ਮੀਰ ਅਜ਼ੀਜ਼ ਬਖ਼ਸ਼ੀ ਨੂੰ ਇਕ ਹਜ਼ਾਰ ਤਖਾਣ ਤੇ ਫੌਜ ਦੇ ਕੇ ਝੱਲ ਵਢਣ ਤੇ ਸਾੜਨ 'ਤੇ ਲਾ ਦਿੱਤਾ। ਝੱਲ ਵਿਚੋਂ ਨਿਕਲ ਕੇ ਸ: ਨੰਦ ਸਿੰਘ ਸਾਂਘਣਾ, ਜੱਸਾ ਸਿੰਘ ਰਾਮਗੜੀਆ, ਜੈ ਸਿੰਘ ਕਨ੍ਹਈਆ ਤੇ ਅਮਰ ਸਿੰਘ ਕਿੰਗਰਾ ਕੁਛ ਸਿੰਘਾਂ ਸਣੇ ਅੰਮ੍ਰਿਤਸਰ ਕਿਲਾ ਰਾਮਗੜ ਵਿਚ ਆ ਵੜੇ।

### ਰਾਮ ਗੜ ਨੂੰ ਘੇਰਾ

ਮੀਰ ਅਜ਼ੀਜ਼ ਨੇ ਰਾਮਗੜ੍ਹ ਨੂੰ ਘੇਰਾ ਪਾ ਲਿਆ। ਸਿੱਖ ਬੜੀਬਹਾਦਰੀ ਨਾਲ ਲੜੇ ਤੇ ਵੈਰੀ ਦੀ ਇਕਬਾਹੀ ਚੀਰ ਕੇ ਮਾਲਵੇ ਨੂੰ ਨਿਕਲ ਗਏ।

### ਸੰਘੋਲੇ ਦੀ ਲੜਾਈ

ਸਿੰਘ ਦੁਆਬੇ ਤੇ ਮਾਲਵੇ ਵਿਚ ਲੁੱਟਮਾਰ ਕਰਦੇ ਹੋਏ ਆਨੰਦਪੁਰ ਨੂੰ ਜਾ ਰਹੇ ਸਨ।ਉਹਨਾਂ ਦਾ ਡੇਰਾ ਪਿੰਡ ਸੰਘੋਲੇ ਵਿਚ ਸੀ, ਜਾਂਸਦੀਕਬੇਗ ਬੜੀ ਭਾਰੀ ਫ਼ੌਜ ਤੇ ਤੋਪਖ਼ਾਨਾਲੈ ਕੇ ਜਾ ਪਿਆ।ਏਸ ਹਮਲੇ ਨੇ ਸਿੰਘਾਂ ਦਾ ਬੜਾ ਨੁਕਸਾਨ ਕੀਤਾ।ਉਹ ਡੇਰਾ ਛੱਡ ਕੇ ਆਨੰਦਪੁਰ ਨੂੰ ਭੱਜ ਉਠੇ। ਸਦੀਕਬੇਗ ਤੋਪਖ਼ਾਨਾ ਪਿਛੇ ਛੱਡਕੇ ਸਿੱਖਾਂ ਦੇ ਮਗਰ ਪਿਆ। ਵੈਰੀ ਆਪਣੇ ਤੋਪਖ਼ਾਨੇ ਤੋਂ ਚਾਰ ਪੰਜ ਮੀਲ ਦੂਰ (ਰੋਪੜ ਕੋਲੈ) ਚਲਾ ਗਿਆ, ਤਾਂ ਸਿੰਘਾਂ ਨੇ ਇਕ ਵਾਰ ਪਿਛੇ ਮੁੜ ਕੇ ਵੈਰੀ ਉੱਤੇ ਹਮਲਾਕਰ ਦਿੱਤਾ।

### ਰੋਪੜ ਦੀ ਲੜਾਈ ਵਿਚ ਸਦੀਕਬੇਗ ਹਾਰ ਗਿਆ।

ਸਿੰਘਾਂ ਦੇ ਦਿਲ ਵਿਚ ਪਿਛਲੀ ਹਾਰ ਦੀ ਬੜੀ ਖਾਰ ਸੀ। ਉਹ ਇਸ ਦਲੇਰੀ ਨਾਲ ਲੜੇ, ਕਿ ਵੈਰੀ ਨੂੰ ਜਾਨ ਬਚਾਉਣ ਵਾਸਤੇ ਪਿੜ ਛੱਡ ਕੇ ਨੱਸਣਾ ਪਿਆ। ਸਦੀਕਬੇਗ ਭੱਜ ਕੇ ਸਰਹਿੰਦ ਜਾ ਵੜਿਆ। ਸਿੰਘਾਂ ਨੇ ਉਹਦਾ ਡੇਰਾ ਲੁੱਟ ਲਿਆ।ਏਥੋਂ ਤਰਨਾ ਦਲ ਨੇ ਆਨੰਦਪੁਰਹੋਲਾ ਮਹੱਲਾ ਜਾ ਕੀਤਾ ਤੇ ਬੁੱਢਾ ਦਲ ਡਰੋਲੀ ਆ ਬੈਠਾ।

### ਅਦੀਨਾਬੇਗ ਮਰਿਆ

ਥਾਂ-ਥਾਂ ਅਦੀਨਾਬੇਗ ਦੇ ਅਫ਼ਸਰ ਸਿੱਖਾਂ ਨੂੰ ਤੰਗ ਕਰਨ ਲੱਗੇ। ਪਰ ਇਹ ਤੰਗੀ ਛੇਤੀ ਹੀ ਕੱਟੀ ਗਈ। ਬਟਾਲੇ ਵਿਚ ਬੀਮਾਰ ਹੋ ਕੇ ਅਦੀਨਾਬੇਗ ਮਰ ਗਿਆ।

• ਬਾਕੀ ਅਗਲੇ ਅੰਕ ਵਿੱਚ

# ਚੜ੍ਹਦੀ ਕਲਾ ਅਤੇ ਬਹਾਦਰੀ ਦਾ ਇਤਿਹਾਸਕ ਪ੍ਰਸੰਗ : ਚਾਲੀ ਮੁਕਤੇ

**ਲੇਖਕ : ਦਿਲਜੀਤ ਸਿੰਘ ਬੇਦੀ**
**ਸੰਪਰਕ : 76579-98570**

ਸ਼ਹੀਦੀ ਪ੍ਰੰਪਰਾ ਦਾ ਮੁੱਢ ਸਿੱਖ ਇਤਿਹਾਸ ਦੇ ਸੁਨਹਿਰੀ ਪੱਤਰਿਆਂ ਵਿਚੋਂ ਵਿਕਸਿਤ ਹੁੰਦਾ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸਿੱਖ ਇਤਿਹਾਸ ਸ਼ਹੀਦਾਂ ਦੀ ਉਹ ਦਾਸਤਾਨ ਹੈ, ਜਿਸਦੀ ਮਿਸਾਲ ਪੂਰੀ ਦੁਨੀਆਂ ਦੇ ਇਤਿਹਾਸਾਂ ਵਿਚ ਨਹੀਂ ਮਿਲ ਸਕਦੀ। ਭਾਈ ਗੁਰਦਾਸ ਜੀ ਅਨੁਸਾਰ ਸ਼ਹੀਦ ਉਹ ਹੈ, ਜੋ ਭਰਮ ਭਾਉ ਗਵਾ ਕੇ ਸਿਦਕ ਦਾ ਧਾਰਨੀ ਬਣਦਾ ਹੈ: ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।। ਸ਼ਹੀਦ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਦੁਨੀਆਵੀ ਵਿਸ਼ੇ- ਵਿਕਾਰਾਂ ਅਤੇ ਐਸ਼ੋ-ਇਸ਼ਰਤ ਨੂੰ ਠੁਕਰਾ ਗੁਰੂ ਦੇ ਅੱਗੇ ਆਪਾ ਭਾਵ ਸਮਰਪਿਤ ਕਰਕੇ ਸ਼ਹੀਦ ਮੁਕਤਾ ਕਹਾਉਂਦਾ ਹੈ, ਕਿਉਂਕਿ ਜਨਮ-ਮਰਨ, ਮੋਹ-ਮਾਇਆ, ਦੁੱਖ-ਸੁੱਖ ਆਦਿ ਬੰਧਨਾਂ ਤੋਂ ਛੁਟਕਾਰੇ ਦਾ ਨਾਮ ਹੀ ਮੁਕਤੀ ਹੈ। 'ਮੁਕਤਾ' ਸ਼ਬਦ ਸਿੱਖ ਇਤਿਹਾਸ ਵਿਚ ਇਕ ਖਾਸ ਸੰਦਰਭ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਹ ਸੰਕਲਪ ਸਿੱਖ ਧਰਮ ਦੇ ਮਹਾਨ ਅਤੇ ਪਵਿੱਤਰ ਅਸਥਾਨ ਸ੍ਰੀ ਮੁਕਤਸਰ ਸਾਹਿਬ ਨਾਲ ਸੰਬੰਧਿਤ ਹੈ। ਸ੍ਰੀ ਮੁਕਤਸਰ ਸਾਹਿਬ ਨੂੰ ਪਹਿਲਾਂ ਖਿਦਰਾਣੇ ਦੀ ਢਾਬ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਰੇਤਲੇ ਟਿੱਬਿਆਂ ਅਤੇ ਖੁਸ਼ਕ ਝਾੜੀਆਂ ਵਾਲੀ ਇਸ ਧਰਤੀ ਨੂੰ ਭਾਗ ਕਿਵੇਂ ਲੱਗੇ? ਇਹ ਇਤਿਹਾਸ ਦੀ ਇਕ ਲਾਸਾਨੀ ਅਤੇ ਬੇਮਿਸਾਲ ਦਾਸਤਾਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੱਕ-ਸੱਚ ਅਤੇ ਧਰਮ ਦੀ ਖਾਤਰ ਕਈ ਜੰਗਾਂ ਲੜੀਆਂ ਅਤੇ ਹਰ ਵਾਰ ਚੜ੍ਹਦੀ ਕਲਾ ਅਤੇ ਬਹਾਦਰੀ ਨਾਲ ਦੁਸ਼ਮਣਾਂ ਦਾ ਟਾਕਰਾ ਕੀਤਾ। ਬੁੱਤ-ਪੂਜ ਪਹਾੜੀ ਰਾਜਿਆਂ ਨੂੰ ਹਰ ਯੁੱਧ ਵਿਚ ਹਾਰ ਦਾ ਮੂੰਹ ਦੇਖਣਾ ਪਿਆ। ਅਖੀਰ ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਰਾਉਣ ਲਈ ਔਰੰਗਜ਼ੇਬ ਅੱਗੇ ਫਰਿਆਦ ਕੀਤੀ, ਜਿਸ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਲਾਹੌਰ ਅਤੇ ਸਰਹੰਦ ਦੇ ਸੂਬੇਦਾਰਾਂ ਨੂੰ ਫੁਰਮਾਨ ਜਾਰੀ ਕਰ ਦਿੱਤੇ। ਲਾਹੌਰ, ਸਰਹਿੰਦ ਅਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਗੁਰੂ



ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡੱਟ ਕੇ ਮੁਕਾਬਲਾ ਕੀਤਾ। ਖ਼ਾਲਸਾ ਫ਼ੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਂਸਲੇ ਪਸਤ ਹੋ ਚੁੱਕੇ ਸਨ। ਰਾਸ਼ਨ-ਪਾਣੀ ਵੀ ਮੁੱਕਦਾ ਜਾ ਰਿਹਾ ਸੀ। ਇਸ ਦੇ ਬਾਵਜੂਦ ਵੀ ਸਿੰਘ ਸ਼ੇਰਾਂ ਵਾਂਗੂੰ ਲੜ ਰਹੇ ਸਨ। ਗੁਰੂ ਜੀ ਨੇ ਦੂਰ-ਅੰਦੇਸ਼ੀ ਨਾਲ ਕੁਝ ਸਮਾਂ ਹੋਰ ਉਡੀਕ ਕਰਨ ਲਈ ਕਿਹਾ। ਇਸ ਦੇ ਬਾਵਜੂਦ ਕੁਝ ਕਾਹਲੇ ਸਿੰਘ, ਭਰਮ ਦਾ ਸ਼ਿਕਾਰ ਹੋ ਕੇ ਡੋਲ ਗਏ। ਉਨ੍ਹਾਂ ਗੁਰੂ ਜੀ ਦਾ ਸਾਥ ਛੱਡ ਦਿੱਤਾ ਅਤੇ 'ਬੇਦਾਵਾ' ਦੇ ਕੇ ਆਪਣੇ ਘਰਾਂ ਨੂੰ ਚਲੇ ਗਏ। ਥੋੜ੍ਹੇ ਦਿਨਾਂ ਪਿੱਛੋਂ ਕਿਲ੍ਹੇ ਅੰਦਰ ਬਾਕੀ ਬਚੇ ਸਿੰਘਾਂ ਵੱਲੋਂ, ਦੁਸ਼ਮਣ ਵੱਲੋਂ ਖਾਧੀਆਂ ਕਸਮਾਂ 'ਤੇ ਕਿਲ੍ਹਾ ਖਾਲੀ ਕਰਨ ਦੀ ਸਲਾਹ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਛੱਡ ਦਿੱਤਾ। ਸਰਸਾ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਥੋੜ੍ਹੇ ਜਿਹੇ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਪਹੁੰਚੇ, ਜਿੱਥੇ ਸੰਸਾਰ ਦਾ ਅਨੋਖਾ ਤੇ ਅਸਾਵਾਂ ਯੁੱਧ ਲੜਿਆ ਗਿਆ। ਇੱਥੋਂ ਆਪ ਦੁਸ਼ਮਣ ਫੌਜਾਂ ਨੂੰ ਵੰਗਾਰਦੇ ਹੋਏ ਮਾਛੀਵਾੜੇ ਦੇ ਜੰਗਲ ਵੱਲ ਚਲੇ ਗਏ। ਉਧਰ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਗੁਰੂ ਜੀ ਦਾ ਪਿੱਛਾ ਕਰਦੀਆਂ ਆ ਰਹੀਆਂ ਸਨ। ਰਸਤੇ ਵਿਚੋਂ ਗੁਰੂ ਜੀ ਦੇ ਕਾਫਲੇ ਵਿਚ ਵੀ ਕਾਫੀ ਸਿੰਘ ਸ਼ਾਮਲ ਹੋ ਰਹੇ ਸਨ। ਗੁਰੂ ਜੀ ਦੀਨੇ ਤੋਂ ਜੈਤੋਂ ਹੁੰਦੇ ਹੋਏ ਕੋਟਕਪੂਰੇ ਪੁੱਜੇ, ਜਿੱਥੇ ਉਨ੍ਹਾਂ ਉਥੋਂ ਦੇ ਹਾਕਮ ਕਪੂਰੇ ਤੋਂ ਕਿਲ੍ਹੇ ਦੀ ਮੰਗ ਕੀਤੀ। ਮੁਗ਼ਲਾਂ ਤੋਂ ਡਰਦਿਆਂ ਕਪੂਰੇ ਨੇ ਕਿਲ੍ਹਾ ਤਾਂ ਨਾ ਦਿੱਤਾ ਪਰ ਉਸ ਨੇ ਗੁਰੂ ਜੀ ਨੂੰ ਸੰਘਣੀਆਂ ਝਾੜੀਆਂ ਵਾਲੇ ਰੇਤਲੇ ਇਲਾਕੇ (ਖਿਦਰਾਣੇ ਦੀ ਢਾਬ) ਵੱਲ ਜਾਣ ਦੀ ਸਲਾਹ ਦਿੱਤੀ। ਵੱਡੇ ਫ਼ੌਜੀ ਕੈਂਪ ਦਾ ਭੁਲੇਖਾ ਦੇਣ ਲਈ ਸਿੰਘ ਝਾੜੀਆ 'ਤੇ ਕੱਪੜੇ ਪਾ ਕੇ ਦੁਸ਼ਮਣ ਦੀ ਉਡੀਕ ਕਰਨ ਲੱਗੇ। ਦੂਜੇ ਪਾਸੇ ਗੁਰੂ ਜੀ ਨੂੰ ਬੇਦਾਵਾ ਦੇਣ ਵਾਲੇ ਸਿੰਘ ਜਦ ਘਰੀਂ ਪਹੁੰਚੇ, ਤਾਂ ਮਾਈ ਭਾਗੋ ਜੀ ਤੇ ਹੋਰ ਬੀਬੀਆਂ ਨੇ ਉਨ੍ਹਾਂ ਨੂੰ ਫਿਟਕਾਰਾਂ ਪਾਈਆਂ ਅਤੇ ਮੁੜ ਗੁਰੂ ਜੀ ਦੇ ਚਰਨੀਂ ਲੱਗਣ ਦੀ ਸਲਾਹ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਗੁਰੂ ਜੀ ਦੇ ਪਰਿਵਾਰ ਦੇ ਖੇਰੂੰ-ਖੇਰੂੰ ਹੋਣ, ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮੁਗ਼ਲ ਫੌਜਾਂ ਵੱਲੋਂ ਗੁਰੂ ਜੀ ਦਾ ਪਿੱਛਾ ਕਰਨ ਦੀਆਂ ਖ਼ਬਰਾਂ ਵੀ ਮਿਲ ਰਹੀਆਂ ਸਨ। ਉਨ੍ਹਾਂ ਦੀ ਜ਼ਮੀਰ ਨੇ ਹਲੂਣਾ ਖਾਧਾ ਅਤੇ ਔਖੀ ਘੜੀ ਗੁਰੂ ਜੀ ਦਾ ਸਾਥ ਛੱਡਣ ਦਾ ਅਹਿਸਾਸ ਵੀ ਉਨ੍ਹਾਂ ਨੂੰ ਸਤਾਉਣ ਲੱਗਾ। ਮੁਗ਼ਲ ਫੌਜਾਂ ਦੇ ਖਿਦਰਾਣਾ ਪਹੁੰਚਣ ਤੋਂ ਐਨ ਪਹਿਲਾਂ ਮਾਝੇ ਦੇ ਸਿੰਘਾਂ ਦਾ ਇਹ ਜਥਾ ਗੁਰੂ ਜੀ ਦੇ ਕੈਂਪ ਦੇ ਨੇੜੇ ਪਹੁੰਚ ਚੁੱਕਾ ਸੀ ਅਤੇ ਮੁਗ਼ਲਾਂ ਦੀ ਟੱਕਰ ਸਭ ਤੋਂ ਪਹਿਲਾਂ ਇਸੇ ਜਥੇ ਨਾਲ ਹੋਈ। ਘਮਸਾਨ ਦਾ ਯੁੱਧ ਹੋਇਆ, ਉਚੀ ਟਿੱਬੀ ਤੋਂ ਗੁਰੂ ਜੀ ਖੁਦ ਤੀਰਾਂ ਦੀ ਵਰਖਾ ਕਰ ਰਹੇ ਸਨ। ਗੁਰੂ ਜੀ ਦੇ ਨਾਲ ਵਾਲੇ ਸਿੰਘ ਵੀ ਮੈਦਾਨੇ-ਜੰਗ ਵਿਚ ਜੂਝ ਕੇ ਸ਼ਹੀਦੀਆਂ ਪਾ ਰਹੇ ਸਨ। ਸਿੰਘ ਅਜਿਹੀ ਬਹਾਦਰੀ ਅਤੇ ਜੋਸ਼ ਨਾਲ ਲੜੇ ਕਿ ਦੁਸ਼ਮਣ ਫੌਜਾਂ ਵਿਚ ਖਲਬਲੀ ਮੱਚ ਗਈ। ਦੁਸ਼ਮਣ ਹਾਰ ਖਾ ਕੇ ਭੱਜ ਉਠੇ ਅਤੇ ਖ਼ਾਲਸੇ ਨੇ ਮੈਦਾਨ ਫ਼ਤਹਿ ਕਰ ਲਿਆ ਪਰ 'ਬੇਦਾਵਾ' ਦੇ ਗਏ 40 ਸਿੰਘਾਂ ਸਮੇਤ ਬਹੁਤ ਸਾਰੇ ਸਿੰਘ ਬੜੀ ਬਹਾਦਰੀ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੈਦਾਨੇ-ਜੰਗ ਵਿਚ ਪਈਆਂ ਸਿੰਘਾਂ ਦੀਆਂ ਦੇਹਾਂ ਨੂੰ ਪਿਆਰ ਨਾਲ ਨਿਹਾਰਿਆ ਅਤੇ ਹਰ ਇਕ ਸਿੰਘ ਨੂੰ ਛਾਤੀ ਨਾਲ ਲਗਾ ਕੇ ਅਤਿਅੰਤ ਸਨੇਹ ਨਾਲ ਬਖਸ਼ਿਸ਼ਾਂ ਕੀਤੀਆਂ। ਜਦ ਗੁਰੂ ਜੀ ਭਾਈ ਮਹਾਂ ਸਿੰਘ ਪਾਸ ਪਹੁੰਚੇ, ਤਾਂ ਉਹ ਸਹਿਕ ਰਹੇ ਸਨ। ਗੁਰਦੇਵ ਨੇ ਸੀਸ ਗੋਦ ਵਿਚ ਲੈ ਕੇ ਮੁੱਖੜਾ ਸਾਫ ਕੀਤਾ। ਗੁਰੂ ਜੀ ਨੇ ਆਪਣੇ ਕਮਰਕੱਸੇ 'ਚੋਂ ਬੇਦਾਵੇ ਵਾਲਾ ਕਾਗਜ਼ ਕੱਢਿਆ ਅਤੇ ਭਾਈ ਮਹਾਂ ਸਿੰਘ ਦੇ ਸਾਹਮਣੇ ਟੁਕੜੇ-ਟੁਕੜੇ ਕਰ ਦਿੱਤਾ। ਸ਼ੁਕਰਾਨਾ ਕਰਦੇ ਹੋਏ ਭਾਈ ਮਹਾਂ ਸਿੰਘ ਦਸਮੇਸ਼ ਪਿਤਾ ਜੀ ਦੀ ਗੋਦ ਵਿਚ ਹੀ ਸਵਾਸ ਤਿਆਗ ਗਏ। ਗੁਰੂ ਜੀ ਨੇ ਸਮੂਹ ਸ਼ਹੀਦਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ ਅਤੇ ਉਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖ਼ਸ਼ਿਸ਼ ਕੀਤੀ। ਇਸ ਤਰ੍ਹਾਂ ਸ਼ਹੀਦਾਂ ਦੀ ਇਹ ਧਰਤੀ, 'ਖਿਦਰਾਣੇ ਦੀ ਢਾਬ' ਤੋਂ ਸ੍ਰੀ ਮੁਕਤਸਰ ਸਾਹਿਬ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ। ਮੁਕਤਸਰ ਸਾਹਿਬ ਦਾ ਇਤਿਹਾਸ ਅੱਜ ਵੀ ਸਾਨੂੰ ਚਾਲੀ ਮੁਕਤਿਆਂ ਦੀ ਦੇਸ਼ ਤੇ ਕੌਮ ਪ੍ਰਤੀ ਆਪਾ ਵਾਰਨ ਦੀ ਭਾਵਨਾ ਨੂੰ ਦ੍ਰਿੜ ਕਰਵਾਉਣ ਦੇ ਨਾਲ-ਨਾਲ ਇਹ ਅਹਿਸਾਸ ਵੀ ਕਰਵਾਉਂਦਾ ਹੈ ਕਿ ਗੁਰੂ ਨੂੰ ਤਿਲਾਂਜਲੀ ਦੇ ਦੁਨਿਆਵੀਂ ਪਦਾਰਥਾਂ ਵਿਚ ਗਲਤਾਨ ਹੋ ਕੇ ਅਸੀਂ ਕਦੇ ਵੀ ਆਤਮਿਕ ਤੌਰ 'ਤੇ ਸੰਤੁਸ਼ਟ ਨਹੀਂ ਹੋ ਸਕਦੇ। ਸਦੀਵੀ ਅਨੰਦ ਤਾਂ ਕੇਵਲ ਗੁਰੂ ਦੀ ਸ਼ਰਨ ਵਿਚ ਜਾ ਕੇ ਗੁਰਮਤਿ ਵਿਚਾਰਧਾਰਾ ਅਨੁਸਾਰ ਜੀਵਨ ਜੀਊਂ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।



# ਤੇਜ਼ੀ ਨਾਲ ਵਧ ਰਿਹਾ ਹੈ ਅਮੀਰੀ ਤੇ ਗ਼ਰੀਬੀ ਦਾ ਪਾੜਾ

ਲੇਖਕ : ਪੂਰਨ ਚੰਦ ਸਰੀਨ
gmail : pooranchandsarin@gmail.com

ਇਹ ਸਾਲ ਮੁਸ਼ਕਿਲਾਂ ਭਰਿਆ ਰਹਿਣ ਵਾਲਾ ਹੈ। ਦੁਨੀਆ 'ਚ ਤੇਜ਼ੀ ਨਾਲ ਤਕਨੀਕ ਅਤੇ ਵਿਗਿਆਨ ਦੇ ਖੇਤਰ 'ਚ ਹੋ ਰਹੇ ਬਦਲਾਅ ਕਾਰਨ ਸਾਡੇ ਵਰਗੇ ਸਾਰੇ ਦੇਸ਼ ਜੋ ਗ਼ਰੀਬੀ ਤੋਂ ਨਿਕਲ ਕੇ ਵਿਕਾਸਸ਼ੀਲ ਬਣਨ ਦੀ ਰਾਹ 'ਤੇ ਹਨ ਅਤੇ ਵਿਕਸਿਤ ਦੇਸ਼ਾਂ ਦੀ ਕਤਾਰ 'ਚ ਸ਼ਾਮਿਲ ਹੋਣਾ ਲੋਚਦੇ ਹਨ, ਉਨ੍ਹਾਂ ਸਾਰਿਆਂ ਲਈ ਸਭ ਤੋਂ ਵੱਡੀ ਇਹ ਕਠਿਨਾਈ ਰਹਿਣ ਵਾਲੀ ਹੈ ਕਿ ਉਹ ਆਪਣੇ ਘੱਟ ਸਾਧਨਾਂ ਦੇ ਬਲਬੂਤੇ ਕਿਵੇਂ ਇਸ ਦੌੜ 'ਚ ਸ਼ਾਮਿਲ ਰਹਿ ਸਕਣਗੇ? ਇਸ ਦਾ ਸਭ ਤੋਂ ਵੱਡਾ ਕਾਰਨ, ਜੇਕਰ ਅਸੀਂ ਸਿਰਫ਼ ਆਪਣੇ ਦੇਸ਼ ਦੀ ਹੀ ਗੱਲ ਕਰੀਏ ਤਾਂ ਇਹ ਹੈ ਕਿ ਅਸੀਂ ਗ਼ਰੀਬ ਦੀ ਗ਼ਰੀਬੀ ਨੂੰ ਵਧਾਇਆ ਹੈ ਅਤੇ ਅਮੀਰ ਨੂੰ ਇੰਨੇ ਸਾਧਨ ਦੇਣ ਦਾ ਕੰਮ ਕੀਤਾ ਹੈ ਕਿ ਉਸ ਲਈ ਵੱਧ ਤੋਂ ਵੱਧ ਧਨ-ਦੌਲਤ ਇਕੱਠੀ ਕਰਨਾ ਸੌਖਾ ਹੋ ਗਿਆ ਹੈ।

## ਸਿੱਖਿਆ ਵਿਵਸਥਾ ਦੀ ਪੋਲ

ਸਾਡੇ ਦੇਸ਼ 'ਚ ਆਜ਼ਾਦੀ ਤੋਂ ਬਾਅਦ ਜਿੱਥੋਂ ਤੱਕ ਸਿੱਖਿਆ ਦਾ ਸੰਬੰਧ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਫ਼ੋਕੇ ਐਲਾਨ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਰਹੀ ਅਤੇ ਜੋ ਮੌਜੂਦਾ ਭਾਜਪਾ ਸਰਕਾਰ ਹੈ, ਉਸ ਨੂੰ 'ਘੋਸ਼ਣਾ ਵੀਰ' ਕਿਹਾ ਜਾਵੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਇਸ ਗੱਲ ਦਾ ਸਬੂਤ ਇਹ ਹੈ ਕਿ ਅਜੇ ਤੱਕ ਸਿੱਖਿਆ ਦਾ ਬੁਨਿਆਦੀ ਢਾਂਚਾ ਹੀ ਨਹੀਂ ਬਣ ਸਕਿਆ, ਖ਼ਾਸ ਤੌਰ 'ਤੇ ਦਿਹਾਤੀ ਅਤੇ ਕਸਬਾਈ ਇਲਾਕਿਆਂ ਵਿਚ, ਜੇਕਰ ਕੁਝ ਕੁ ਹੋਇਆ ਵੀ ਹੈ ਤਾਂ ਉਹ ਦਿੱਲੀ ਅਤੇ ਰਾਜਾਂ ਦੀਆਂ ਰਾਜਧਾਨੀਆਂ ਤੱਕ ਹੀ ਸਿਮਟ ਕੇ ਰਹਿ ਗਿਆ ਹੈ। ਜੇਕਰ ਕਿਸੇ ਨੇ ਵਧੀਆ ਅਤੇ ਰੁਜ਼ਗਾਰ ਮੁਹੱਈਆ ਕਰਵਾ ਸਕਣ ਵਾਲੀ ਪੜ੍ਹਾਈ ਕਰਨੀ ਹੈ ਤਾਂ ਉਸ ਨੂੰ ਵੱਡੇ ਸ਼ਹਿਰਾਂ ਦਾ ਰੁਖ਼ ਕਰਨਾ ਪਵੇਗਾ। ਇੱਥੇ ਵੀ ਚੰਗੀਆਂ ਸਿੱਖਿਆ ਸੰਸਥਾਵਾਂ 'ਚ ਦਾਖ਼ਲਾ ਮਿਲਣਾ ਬਹੁਤ ਮੁਸ਼ਕਿਲ ਕੰਮ ਹੈ। ਥਾਂ-ਥਾਂ ਖੁੱਲ੍ਹੇ ਨਿੱਜੀ ਸਕੂਲ, ਕਾਲਜ ਅਤੇ ਹੋਰ ਸਿੱਖਿਆ ਸੰਸਥਾਵਾਂ 'ਤੇ ਉਨ੍ਹਾਂ ਲੋਕਾਂ ਦਾ ਦਬਦਬਾ ਹੈ, ਜਿਨ੍ਹਾਂ ਦਾ ਇਰਾਦਾ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੁੰਦਾ ਹੈ। ਉਨ੍ਹਾਂ ਦਾ ਸਿੱਖਿਆ ਦੀ ਗੁਣਵੱਤਾ (ਕੁਆਲਿਟੀ) ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਜਿਸ ਤਰ੍ਹਾਂ ਸਰਕਾਰੀ ਸਕੂਲਾਂ 'ਚ ਰੱਟਾ ਮਰਵਾਉਣ ਵਾਲੀ ਪੜ੍ਹਾਈ ਕਰਵਾਈ ਜਾਂਦੀ ਹੈ, ਉਸੇ ਤਰ੍ਹਾਂ ਨਿੱਜੀ ਸੰਸਥਾਵਾਂ 'ਚ ਵੀ ਕੀਤਾ ਜਾਂਦਾ ਹੈ। ਇੱਥੋਂ ਨਿਕਲਣ ਤੋਂ ਬਾਅਦ ਵਿਦਿਆਰਥੀ ਜਦੋਂ ਮੁਕਾਬਲੇ ਦੀ ਪ੍ਰੀਖਿਆ 'ਚ ਬੈਠਦਾ ਹੈ ਤਾਂ ਉਸ ਦਾ ਹਕੀਕਤ ਨਾਲ ਸਾਹਮਣਾ ਹੁੰਦਾ ਹੈ ਤਾਂ ਉਹ ਖ਼ੁਦ ਨੂੰ ਇਕ ਤਰ੍ਹਾਂ ਨਾਲ ਅਨਪੜ੍ਹ ਮਹਿਸੂਸ ਕਰਦਾ ਹੈ। ਇਸ ਸਭ ਤੋਂ ਨਿਰਾਸ਼ ਹੋਣ ਤੋਂ ਬਾਅਦ ਉਸ ਨੂੰ ਜੋ ਵੀ ਕੰਮ ਮਿਲਿਆ, ਉਸੇ ਨੂੰ ਹੀ ਕਿਸਮਤ ਸਮਝ ਕੇ ਉਹ ਇਕ ਅਜਿਹੀ ਦਲਦਲ 'ਚ ਪ੍ਰਵੇਸ਼ ਕਰ ਜਾਂਦਾ ਹੈ, ਜਿੱਥੇ ਜ਼ਿੰਦਗੀ ਭਰ ਪਛਤਾਵੇ ਤੋਂ ਇਲਾਵਾ ਕੁਝ ਹਾਸਲ ਨਹੀਂ ਹੁੰਦਾ। ਜੋ ਪੈਸੇ ਵਾਲੇ ਅਤੇ ਸਮਰੱਥ ਹਨ, ਉਹ ਆਪਣੇ ਬੱਚਿਆਂ ਨੂੰ ਕਿਤੇ ਵੀ ਪੜ੍ਹਨ ਲਈ ਭੇਜ ਸਕਦੇ ਹਨ, ਚਾਹੇ ਦੇਸ਼ ਹੋਵੇ ਜਾਂ ਵਿਦੇਸ਼, ਉਨ੍ਹਾਂ ਲਈ ਕੋਈ ਕਮੀ ਨਹੀਂ ਹੈ, ਪਰ ਜੋ ਕਿਸੇ ਤਰ੍ਹਾਂ ਦੋ ਵਕਤ ਦੀ ਰੋਟੀ ਦਾ ਹੀ ਜੁਗਾੜ ਮੁਸ਼ਕਿਲ ਨਾਲ ਕਰ ਪਾਉਂਦੇ ਹਨ, ਉਨ੍ਹਾਂ ਦਾ ਤਾਂ ਆਪਣਾ ਅਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਧੁੰਦਲਾ ਹੈ। ਇਸ ਲਈ ਇਸ ਵਿਸ਼ੇ 'ਤੇ ਸਰਕਾਰ ਨੂੰ ਖ਼ਾਸ ਤੌਰ 'ਤੇ ਅਤੇ ਸਮਾਜ ਨੂੰ ਲਾਜ਼ਮੀ ਤੌਰ 'ਤੇ ਚਿੰਤਨ ਮੰਥਨ ਕਰਨ ਦੀ ਜ਼ਰੂਰਤ ਹੈ, ਨਹੀਂ ਤਾਂ ਅਸੀਂ ਪੱਛੜੇਪਣ ਦੇ ਦੌਰ 'ਚੋਂ ਨਾ ਤਾਂ ਨਿਕਲ ਸਕਾਂਗੇ ਅਤੇ ਨਾ ਹੀ ਕਦੇ ਇੰਨੇ ਸਮਰੱਥ ਹੋ ਸਕਾਂਗੇ ਕਿ ਹਰ ਦਿਨ ਨਵੇਂ ਕੀਰਤੀਮਾਨ ਸਥਾਪਿਤ ਕਰਦੀ ਆਧੁਨਿਕ ਤਕਨਾਲੋਜੀ ਅਤੇ ਖ਼ਾਸ ਤੌਰ 'ਤੇ 'ਆਰਟੀਫਿਸ਼ੀਅਲ ਇੰਟੈਲੀਜੈਂਸ' ਦੇ ਨਾਲ ਕਦਮਤਾਲ ਕਰ ਕੇ ਚੱਲਣ ਦੇ ਯੋਗ ਹੋ ਸਕਾਂਗੇ।

## ਅਰਥਵਿਵਸਥਾ ਅਤੇ ਮਹਿੰਗਾਈ ਦਾ ਸੰਬੰਧ

ਮੌਜੂਦਾ ਸਰਕਾਰ ਦੀਆਂ ਨੀਤੀਆਂ ਦੀ ਬਦੌਲਤ ਇਸ ਸਾਲ ਮਹਿੰਗਾਈ ਆਪਣੇ ਸਿਖ਼ਰ 'ਤੇ ਰਹਿਣ ਵਾਲੀ ਹੈ। ਸਾਡੀ ਵਿਕਾਸ ਦਰ ਹੇਠਾਂ ਡਿਗ ਰਹੀ ਹੈ ਅਤੇ ਸਰਕਾਰ ਹੈ ਕਿ ਉਸ 'ਤੇ ਲਗਾਮ ਲਗਾਉਣ 'ਚ ਅਸਫਲ ਸਾਬਿਤ ਹੋ ਰਹੀ ਹੈ, ਕਿਉਂਕਿ ਉਸ ਦਾ ਟੀਚਾ ਸਿਰਫ਼ ਵੱਧ ਤੋਂ ਵੱਧ ਟੈਕਸ ਵਸੂਲਣਾ ਹੀ ਰਹਿ ਗਿਆ ਹੈ। ਆਮ ਲੋਕਾਂ ਦੀ ਜਿੰਨੀ ਤਨਖ਼ਾਹ ਵਧੀ ਜਾਂ ਕਮਾਈ ਹੋਈ, ਉਸ ਨਾਲੋਂ ਜ਼ਿਆਦਾ ਜ਼ਰੂਰੀ ਚੀਜ਼ਾਂ ਜਿਵੇਂ ਪੈਟਰੋਲ-ਡੀਜ਼ਲ ਤੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਸਰਕਾਰ ਦੀਆਂ ਗ਼ਲਤ ਅਤੇ ਸਿਰਫ਼ ਅਮੀਰ ਵਰਗ ਨੂੰ ਧਿਆਨ 'ਚ ਰੱਖ ਕੇ ਬਣਾਈਆਂ ਜਾਣ ਵਾਲੀਆਂ ਆਰਥਿਕ, ਵਪਾਰਿਕ ਤੇ ਉਦਯੋਗਿਕ ਨੀਤੀਆਂ ਦੇ ਕਾਰਨ ਕਾਰਪੋਰੇਟ ਜਗਤ ਅਤੇ ਵੱਡੇ ਘਰਾਣਿਆਂ ਦੀ ਆਮਦਨੀ ਅਤੇ ਉਨ੍ਹਾਂ ਦਾ ਮੁਨਾਫ਼ਾ ਲਗਾਤਾਰ ਵਧਦਾ ਰਹੇਗਾ, ਜਿਸ ਨਾਲ ਆਮ ਆਦਮੀ ਨੂੰ ਹਰ ਚੀਜ਼ ਦੇ ਤੇਜ਼ੀ ਨਾਲ ਵਧਦੇ ਭਾਅ ਦਾ ਸਾਹਮਣਾ ਕਰਨਾ ਪਵੇਗਾ।

ਜੇਕਰ ਫਰਵਰੀ 'ਚ ਪੇਸ਼ ਕੀਤੇ ਜਾਣ ਵਾਲੇ ਬਜਟ 'ਚ ਕੋਈ ਉੱਚਿਤ ਵਿਵਸਥਾ ਜਿਸ ਨਾਲ ਮਹਿੰਗਾਈ ਘੱਟ ਹੋ ਸਕੇ, ਨਹੀਂ ਕੀਤਾ ਗਿਆ ਤਾਂ ਜਨਤਾ ਦਾ ਗ਼ੁੱਸਾ ਆਪਣੀ ਹੱਦ-ਬੰਨ੍ਹੇ ਟੱਪ ਸਕਦਾ ਹੈ ਅਤੇ ਸਰਕਾਰ ਦੇ ਪ੍ਰਤੀ ਵਿਸ਼ਵਾਸ ਅਤੇ ਉਸ ਦੀ ਹੋਂਦ ਲਈ ਚੁਣੌਤੀ ਬਣ ਸਕਦਾ ਹੈ। ਇੱਥੋਂ ਤੱਕ ਕਿ ਉਸ ਦੇ ਡਿਗਣ ਦੀ ਵੀ ਸੰਭਾਵਨਾ ਬਣ ਸਕਦੀ ਹੈ। ਇਸ ਲਈ ਇਹ ਨਾ ਸਮਝਿਆ ਜਾਵੇ ਕਿ ਜੋ ਪੰਜ ਸਾਲ ਲਈ ਪਿਛਲੇ ਸਾਲ ਚੁਣ ਲਏ ਗਏ ਹਨ, ਉਹ ਪੂਰੀ ਮਿਆਦ ਤੱਕ ਰਾਜ ਕਰਦੇ ਰਹਿਣਗੇ। ਪਿਛਲੀਆਂ ਕਾਂਗਰਸ ਜਾਂ ਵੱਖ-ਵੱਖ ਪਾਰਟੀਆਂ ਦੇ ਸਹਿਯੋਗ ਨਾਲ ਮਿਲ ਕੇ ਬਣੀਆਂ ਸਰਕਾਰਾਂ ਦੇ ਡਿਗਣ ਦੀ ਉਦਾਹਰਨ ਤੋਂ ਸਬਕ ਨਾ ਸਿੱਖਿਆ ਤਾਂ ਲਾਜ਼ਮੀ ਤੌਰ 'ਤੇ ਪ੍ਰੇਸ਼ਾਨੀ ਝੱਲਣੀ ਪੈ ਸਕਦੀ ਹੈ। ਇਹ ਕੋਈ ਭਵਿੱਖਵਕਤਾ ਦਾ ਕਥਨ ਨਹੀਂ ਹੈ ਸਗੋਂ ਹਾਲਾਤ ਨੂੰ ਮੱਦੇਨਜ਼ਰ ਰੱਖ ਕੇ ਕੀਤਾ ਗਿਆ ਵਿਸ਼ਲੇਸ਼ਣ ਹੈ। ਇਸ ਲਈ 'ਸਾਵਧਾਨੀ ਹਟੀ ਤਾਂ ਦੁਰਘਟਨਾ ਘਟੀ' ਦੀ ਕਹਾਵਤ ਸਾਬਤ ਹੋ ਜਾਵੇਗੀ। ਅਰਥਵਿਵਸਥਾ 'ਚ ਸੁਧਾਰ ਅਤੇ ਕੀਮਤਾਂ ਘੱਟ ਕਰਨ ਲਈ ਖ਼ਪਤਕਾਰੀ ਚੀਜ਼ਾਂ ਨੂੰ ਕਾਰਪੋਰੇਟ ਜਗਤ ਤੋਂ ਕੱਢ ਕੇ ਨਿੱਜੀ ਛੋਟੇ ਨਿਵੇਸ਼ਕਾਂ ਨੂੰ ਸੌਂਪਣ ਨਾਲ ਇਹ ਸਮੱਸਿਆ ਅਧੂਰੇ ਤੌਰ 'ਤੇ ਹੱਲ ਕੀਤੀ ਜਾ ਸਕਦੀ ਹੈ। ਇਸੇ ਨਾਲ ਜੁੜਿਆ ਦੂਜਾ ਮੁੱਦਾ ਹੈ ਕਿ ਆਮ ਵਿਅਕਤੀ ਨੂੰ ਸਮਾਜਿਕ ਸੁਰੱਖਿਆ ਅਤੇ ਨਿਰਧਨ ਤੇ ਲੋੜਵੰਦਾਂ ਦੇ ਜੀਵਨ ਲਈ ਰੁਜ਼ਗਾਰ ਉਪਲਬਧ ਕਰਵਾਉਣ ਲਈ ਸਰਕਾਰ ਨੂੰ ਨੀਤੀਆਂ ਬਣਾਉਣੀਆਂ ਪੈਣਗੀਆਂ, ਕਿਉਂਕਿ ਹਮੇਸ਼ਾ ਲਈ ਇਕ ਵੱਡੀ ਆਬਾਦੀ ਨੂੰ ਮੁਫ਼ਤ ਅਨਾਜ ਅਤੇ ਦੂਜੀਆਂ ਸਹੂਲਤਾਂ ਬਿਨਾਂ ਟੈਕਸ ਦਿੰਦੇ ਰਹਿਣ ਦੇ ਨਤੀਜੇ ਭਿਅੰਕਰ ਹੋਣਗੇ। ਲੋਕਾਂ ਦੇ ਕੰਮ ਕਰਦੇ ਰਹਿਣ ਦੀ ਆਦਤ ਘੱਟ ਹੁੰਦੀ ਜਾਵੇਗੀ ਅਤੇ ਵਿਸ਼ਾਲ ਜਨਸੰਖਿਆ ਹਮੇਸ਼ਾ ਲਈ ਮੁਫ਼ਤ 'ਚ ਮਿਲਣ ਵਾਲੀਆਂ ਸਹੂਲਤਾਂ ਦੀ ਵਜ੍ਹਾ ਨਾਲ ਵਿਹਲੜ ਅਤੇ ਨਿਕੰਮੀ ਬਣ ਜਾਵੇਗੀ। ਇਸ ਲਈ ਸਰਕਾਰ ਨੂੰ ਬੁਨਿਆਦੀ ਢਾਂਚੇ ਜਿਵੇਂ ਸੜਕ, ਆਵਾਜਾਈ, ਆਉਣ-ਜਾਣ ਦੇ ਸਾਧਨਾਂ ਦੇ ਨਿਰਮਾਣ 'ਚ ਤੇਜ਼ੀ ਲਿਆਉਣੀ ਹੋਵੇਗੀ, ਉਦੋਂ ਹੀ ਅਸੀਂ ਕੌਮੀ ਪੱਧਰ 'ਤੇ ਲੋਕਾਂ ਦੇ ਰਹਿਣ-ਸਹਿਣ ਅਤੇ ਜੀਵਨ ਲਈ ਜ਼ਰੂਰੀ ਸਾਧਨ ਉਪਲਬਧ ਕਰਵਾਉਣ 'ਚ ਸਫਲ ਹੋ ਸਕਦੇ ਹਾਂ।

## ਭ੍ਰਿਸ਼ਟਾਚਾਰ, ਪ੍ਰਦੂਸ਼ਣ ਤੇ ਸੈਰ-ਸਪਾਟਾ

ਭਾਰਤ ਦੀ ਸਭ ਤੋਂ ਵੱਡੀ ਸਮੱਸਿਆ ਵੱਡੇ ਆਗੂਆਂ ਅਤੇ ਸਰਕਾਰੀ ਅਧਿਕਾਰੀਆਂ ਵਲੋਂ ਬਿਨਾਂ ਕਿਸੇ ਤਰ੍ਹਾਂ ਦੀ ਰਿਸ਼ਵਤ ਲਏ ਕੰਮ ਨਾ ਕਰਨਾ ਹੈ। ਇਹ ਮਹਾਂਮਾਰੀ ਹੁਣ ਹੇਠਲੇ ਪੱਧਰ 'ਤੇ ਵੀ ਬੜੀ ਤੇਜ਼ੀ ਨਾਲ ਫੈਲ ਰਹੀ ਹੈ। ਚਾਹੇ ਨੌਕਰੀ ਹੋਵੇ, ਰੁਜ਼ਗਾਰ ਜਾਂ ਕਾਰੋਬਾਰ ਹੋਵੇ ਜਾਂ ਫਿਰ ਕੋਈ ਸਧਾਰਨ ਕੰਮ ਹੋਵੇ, ਅਧਿਕਾਰੀ ਦੀ ਮੁੱਠੀ ਗਰਮ ਕਰਨ ਦਾ ਪ੍ਰਬੰਧ ਅਤੇ ਇੰਤਜ਼ਾਮ ਕਰਨਾ ਪੈਂਦਾ ਹੈ, ਜਿਸ ਦੇ ਬਿਨਾਂ ਜਾਂ ਤਾਂ ਤੁਹਾਡੀ ਫਾਈਲ ਲੰਬੇ ਸਮੇਂ ਤੱਕ ਇੱਧਰ ਤੋਂ ਉੱਧਰ ਚੱਕਰ ਕੱਟਦੀ ਰਹੇਗੀ ਜਾਂ ਕਿਤੇ ਗੁਆਚ ਜਾਵੇਗੀ, ਜਿਸ ਨੂੰ ਲੱਭਣਾ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਹੈ। ਇਸੇ ਨਾਲ ਜੁੜੀ ਸਮੱਸਿਆ ਪ੍ਰਦੂਸ਼ਣ ਦੀ ਹੈ ਜਿਸ ਦਾ ਜਨਮ ਭ੍ਰਿਸ਼ਟਾਚਾਰ 'ਚੋਂ ਹੀ ਹੋਇਆ ਹੈ। ਜਦੋਂ ਕਾਨੂੰਨ ਹੈ ਕਿ ਹਵਾ ਅਤੇ ਜਲ ਪ੍ਰਦੂਸ਼ਣ ਕਰਨ ਵਾਲੀਆਂ ਇਕਾਈਆਂ (ਯੂਨਿਟਾਂ) 'ਤੇ ਸਖ਼ਤ ਕਾਰਵਾਈ ਹੋਵੇਗੀ ਤਾਂ ਫਿਰ ਦਰਿਆਵਾਂ 'ਚ ਬਿਨਾਂ ਟਰੀਟਮੈਂਟ ਦੇ ਜ਼ਹਿਰੀਲੇ ਰਸਾਇਣ ਕਿਉਂ ਸੁੱਟੇ ਜਾਂਦੇ ਹਨ? ਖੱਲ੍ਹੇ 'ਚ ਕੱਚਰਾ ਕਿਉਂ ਸਾੜਿਆ ਜਾਂਦਾ ਹੈ, ਜਿਸ ਨਾਲ ਸਾਹ ਲੈਣ 'ਚ ਦਿੱਕਤ ਆਉਂਦੀ ਹੈ। ਵਿਕਾਸ ਦੇ ਨਾਂਅ 'ਤੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਅਤੇ ਹਰਿਆਲੀ ਖ਼ਤਮ ਕਰਨ ਦੀ ਕੀ ਤੁਕ ਹੈ, ਇਹ ਸਮਝ ਤੋਂ ਦੂਰ ਹੈ। ਸਰਕਾਰ ਕੋਈ ਵੀ ਹੋਵੇ, ਜੰਗਲ ਰਾਜ ਸਥਾਪਿਤ ਕਰਨ 'ਚ ਪਿੱਛੇ ਨਹੀਂ ਹੈ। ਇਸ ਨਾਲ ਹੀ ਜੁੜਿਆ ਦੂਜਾ ਮਹੱਤਵਪੂਰਨ ਵਿਸ਼ਾ ਹੈ ਸੈਰ-ਸਪਾਟਾ ਸਹੂਲਤਾਂ ਦੇ ਵਿਕਾਸ ਦਾ। ਅਸੀਂ ਚਾਹੁੰਦੇ ਤਾਂ ਹਾਂ ਕਿ ਦੇਸ਼ 'ਚ ਵਿਦੇਸ਼ੀ ਸੈਲਾਨੀ ਆਉਣ, ਪਰ ਉਹ ਕਿਉਂ ਨਹੀਂ ਆਉਂਦੇ, ਇਸ ਦਾ ਸਭ ਤੋਂ ਵੱਡਾ ਕਾਰਨ ਦੇਸ਼ 'ਚ ਰਿਸ਼ਵਤਖੋਰੀ ਦਾ ਬੋਲਬਾਲਾ ਅਤੇ ਸ਼ੁੱਧ ਤੇ ਤਾਜ਼ਾ ਹਵਾ 'ਚ ਸਾਹ ਨਾ ਲੈ ਸਕਣਾ ਹੈ। ਸੰਨ 2036 'ਚ ਅਸੀਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨੀ ਹੈ ਅਤੇ ਉਦੋਂ ਦੀ ਤਿਆਰੀ ਹੁਣ ਤੋਂ ਹੀ ਕਰਨੀ ਪਵੇਗੀ, ਨਹੀਂ ਤਾਂ ਦੁਨੀਆ ਸਾਡੇ 'ਤੇ ਹੱਸੇਗੀ। ਇਸ ਲਈ ਇਸ ਵਾਰ ਦੇ ਬਜਟ 'ਚ ਨਵੀਆਂ ਨੀਤੀਆਂ ਬਣਾਉਣ ਤੋਂ ਪਹਿਲਾਂ ਜੋ ਵੀ ਪਿਛਲੇ ਸਮਿਆਂ 'ਚ ਗ਼ਲਤੀਆਂ ਹੋਈਆਂ ਹਨ, ਉਸ ਸੰਬੰਧੀ ਆਤਮ-ਮੰਥਨ ਕਰਨ ਦੀ ਜ਼ਰੂਰਤ ਹੈ ਅਤੇ ਭਵਿੱਖ 'ਚ ਅਜਿਹਾ ਕੁਝ ਨਾ ਹੋਵੇ, ਜਿਸ ਨੂੰ ਦੁਰਸਤ ਕਰਨ ਲਈ ਸਖ਼ਤ ਪ੍ਰਬੰਧ ਕਰਨੇ ਪੈਣ।

# ਨਵੀਆਂ ਰਾਹਾਂ ਦੇ ਮੁਸਾਫ਼ਰ

ਲੇਖਕ : ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ: 90414-98009

ਰਾਹਾਂ ਦਾ ਕੰਮ ਮਨੁੱਖ ਨੂੰ ਆਪਣੀ ਮੰਜ਼ਿਲ ’ਤੇ ਪਹੁੰਚਾਉਣਾ ਹੁੰਦਾ ਹੈ। ਇਸ ਲਈ ਆਸਾਨ ਰਾਹਾਂ ਨੇ ਸਦਾ ਹੀ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਹੈ, ਆਕਰਸ਼ਿਤ ਕੀਤਾ ਹੈ। ਮਨੁੱਖ ਅਤੇ ਰਾਹ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਖੇਤਰ ਕੋਈ ਵੀ ਹੋਵੇ; ਰਾਹ ਅਤੇ ਰਾਹ-ਦਸੇਰੇ ਦੀ ਜ਼ਰੂਰਤ ਹਮੇਸ਼ਾ ਹੁੰਦੀ ਹੈ। ਇਸੇ ਲਈ ਰਾਹਾਂ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਸਿਆਣਿਆਂ ਦਾ ਕਥਨ ਹੈ ਕਿ ਨਵੀਆਂ ਰਾਹਾਂ ਦੇ ਮੁਸਾਫ਼ਰ ਲੋਕ ਆਪਣੀ ਜ਼ਿੰਦਗੀ ਵਿੱਚ ਕਦੇ ਹਾਰ ਨਹੀਂ ਮੰਨਦੇ। ਅਜਿਹੇ ਲੋਕ ਤਾ-ਉਮਰ ਨਵੀਆਂ ਚੀਜ਼ਾਂ ਨੂੰ ਗ੍ਰਹਿਣ ਕਰਦੇ ਰਹਿੰਦੇ ਹਨ, ਸਿੱਖਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਵਿੱਚ ਨਵ-ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਅਜਿਹੇ ਰਾਹਾਂ ਦੇ ਮੁਸਾਫ਼ਰ ਲੋਕ ਹੀ ਸਮਾਜ ਵਿੱਚ ਰਹਿੰਦੇ ਆਮ ਲੋਕਾਂ ਲਈ ਰਾਹ-ਦਸੇਰੇ ਬਣਦੇ ਹਨ, ਲੋਕਾਂ ਲਈ ਉਮੀਦ ਦੀ ਕਿਰਨ ਹੁੰਦੇ ਹਨ।

ਅੱਜ ਦੇ ਮਨੁੱਖ ਕੋਲ ਪੈਸਾ, ਸ਼ੋਹਰਤ ਅਤੇ ਸਹੂਲਤਾਂ ਹਨ, ਪਰ ਮਾਨਸਿਕ ਸਕੂਨ ਦੀ ਘਾਟ ਹੈ। ਮਨੁੱਖ ਅਤੇ ਮਸ਼ੀਨ ਵਿੱਚ ਬਹੁਤਾ ਫ਼ਰਕ ਨਹੀਂ ਰਹਿ ਗਿਆ। ਇੱਕੋ ਥਾਵੇਂ ਸਾਲਾਂਬੱਧੀ ਕੰਮ ਕਰਨ ਕਰਕੇ ਮਨੁੱਖ ਆਪਣੇ ਜੀਵਨ ਵਿੱਚ ਖੜੋਤ ਦਾ ਸ਼ਿਕਾਰ ਹੋ ਗਿਆ ਹੈ। ਅੱਜ ਹਾਲਾਤ ਅਜਿਹੇ ਹਨ ਕਿ ਸਮਾਜ ਵਿੱਚ ਰਹਿੰਦੇ 90 ਫ਼ੀਸਦੀ ਲੋਕ ਆਪਣੇ ਨਿੱਤ ਦੇ ਕਾਰ-ਵਿਹਾਰ ਨੂੰ ਬਦਲਣਾ ਚਾਹੁੰਦੇ ਹਨ। ਹਰ ਵਕਤ ਇੱਕੋ ਕੰਮ, ਇੱਕੋ ਰਾਹ ਅਤੇ ਇੱਕੋ ਜਿਹਾ ਕਾਰ-ਵਿਹਾਰ। ਜੀਵਨ ਰੁੱਖਾ ਹੋ ਗਿਆ ਜਾਪਦਾ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਮਨੁੱਖ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਵੱਧ ਹੋ ਰਿਹਾ ਹੈ।

ਗੁਰਮਤਿ ਵਿਚਾਰਧਾਰਾ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਸਾਹਿਬ ਵੀ ਮਨੁੱਖ ਨੂੰ ਵਕਤ ਦੇ ਨਾਲ ਤੁਰਨ ਦੀ ਤਾਕੀਦ ਕਰਦੇ ਹਨ। ਉਹ ਮਨੁੱਖ ਜਿਸ ਨੇ ਸਮੇਂ ਦੇ ਅਨੁਸਾਰ ਤੁਰਨਾ ਸਿੱਖ ਲਿਆ, ਆਪਣੀ ਜ਼ਿੰਦਗੀ ਵਿੱਚ ਕਦੇ ਮਾਰ ਨਹੀਂ ਖਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਕਿਹਾ ਗਿਆ ਹੈ:

**ਵਖਤੁ ਵੀਚਾਰੇ ਸੁ ਬੰਦਾ ਹੋਇ॥**

ਜਿਹੜੇ ਮਨੁੱਖ ਆਪਣੇ ਜੀਵਨ ਵਿੱਚ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਨ, ਉਹ ਮਨੁੱਖ ਆਪਣੇ ਜੀਵਨ ਵਿੱਚ ਕਦੇ ਅੱਗੇ ਨਹੀਂ ਵਧਦੇ। ਜ਼ਿੰਦਗੀ ਵਿੱਚ ਅੱਗੇ ਵਧਣ ਜਾਂ ਫਿਰ ਤਰੱਕੀ ਕਰਨ ਲਈ ਤੁਰਨਾ ਪੈਂਦਾ ਹੈ, ਅੱਗੇ ਵਧਣਾ ਪੈਂਦਾ ਹੈ, ਫ਼ੈਸਲੇ ਲੈਣੇ ਪੈਂਦੇ ਹਨ। ਜਿਹੜਾ ਮਨੁੱਖ ਇਨ੍ਹਾਂ ਸੌਗਾਤਾਂ ਤੋਂ ਵਾਂਝਾ ਹੈ, ਉਹ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਮਾਨਸਿਕ ਵਿਕਾਰਾਂ ਦੇ ਘੇਰੇ ਵਿੱਚ ਆਪਣੇ ਜੀਵਨ ਨੂੰ ਬਰਬਾਦ ਕਰ ਬੈਠਦਾ ਹੈ।

ਸ੍ਰੀ ਕ੍ਰਿਸ਼ਨ ਜੀ ਨੇ ਸ੍ਰੀ ਭਗਵਤ ਗੀਤਾ ਵਿੱਚ ਕਿਹਾ ਹੈ: ‘ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ।’

ਭਾਵ ਬਦਲਾਅ ਵਿੱਚ ਹੀ ਸੰਸਾਰ ਚੱਲਦਾ ਹੈ। ਜੋ ਕੁਝ ਅੱਜ ਸਾਡੇ ਕੋਲ ਹੈ ਉਹ ਬੀਤੇ ਕੱਲ੍ਹ ਕਿਸੇ ਹੋਰ ਕੋਲ ਸੀ ਅਤੇ ਆਉਂਦੇ ਕੱਲ੍ਹ ਕਿਸੇ ਹੋਰ ਕੋਲ ਹੋਵੇਗਾ। ਇਹੀ ਸੰਸਾਰ ਦਾ ਨਿਯਮ ਹੈ, ਕੁਦਰਤ ਦਾ ਨਿਯਮ ਹੈ। ਜਿਸ ਮਨੁੱਖ ਨੇ ਇਸ ਨਿਯਮ ਨੂੰ ਸਮਝ ਲਿਆ, ਆਪਣੇ ਜੀਵਨ ਵਿੱਚ ਢਾਲ ਲਿਆ, ਉਹ ਕਾਮਯਾਬੀ ਦੀਆਂ ਮੰਜ਼ਿਲਾਂ ਨੂੰ ਪ੍ਰਾਪਤ ਕਰ ਲੈਂਦਾ ਹੈ। ਇੱਕੋ ਥਾਵੇਂ ਖੜ੍ਹੇ ਮਨੁੱਖ ਖ਼ਤਮ ਹੋ ਜਾਂਦੇ ਹਨ, ਬਰਬਾਦ ਹੋ ਜਾਂਦੇ ਹਨ।

ਪੰਜਾਬੀ ਸਾਹਿਤ ਦਾ ਅਧਿਐਨ ਕਰਦਿਆਂ ਇਹ ਸ਼ਿਅਰ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਮਹਿਸੂਸ ਹੁੰਦਾ ਹੈ:

ਤੁਰਦਿਆਂ ਦੇ ਨਾਲ ਤੁਰਦੇ ਤਾਂ ਕਿਤੇ ਤਾਂ ਪਹੁੰਚਦੇ
ਬਿਨ ਤੁਰੇ ਜੋ ਪਹੁੰਚਣਾ ਚਾਹੁੰਦੇ ਸੀ ਸੜਕਾਂ ਹੋ ਗਏ।

ਰਬਿੰਦਰ ਮਸਰੂਰ ਦੇ ਇਸ ਸ਼ਿਅਰ ਵਿੱਚ ਅੱਜ ਦੇ ਮਨੁੱਖ ਦੇ ਜੀਵਨ ਦੇ ਅਸਲ ਸੱਚ ਨੂੰ ਬਹੁਤ ਸਹਿਜ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ। ਸ਼ਾਇਰ ਕਹਿੰਦਾ ਹੈ ਕਿ ਜੇਕਰ ਉਹ ਸੰਸਾਰ ਦੇ ਲੋਕਾਂ ਦੇ ਨਾਲ ਤੁਰਦਾ ਭਾਵ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਂਦਾ, ਉੱਦਮ ਕਰਦਾ ਤਾਂ ਖ਼ਬਰੇ! ਉਹ ਆਪਣੇ ਟੀਚੇ, ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ। ਦੂਜੇ ਪਾਸੇ, ਜਿਹੜੇ ਲੋਕ ਬਿਨਾਂ ਕਿਸੇ ਉੱਦਮ ਤੋਂ ਆਪਣੇ ਜੀਵਨ ਵਿੱਚ ਕਾਮਯਾਬੀ ਚਾਹੁੰਦੇ ਸਨ, ਉਹ ਸੜਕਾਂ ਵਾਂਗ ਇੱਕੋ ਥਾਂ ’ਤੇ ਖੜ੍ਹੇ ਰਹੇ ਭਾਵ ਉਹ ਲੋਕ ਕਿਤੇ ਨਹੀਂ ਪਹੁੰਚ ਸਕੇ। ਇਹ ਨਾਕਾਮੀ ਦਾ ਪ੍ਰਤੀਕ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਆਪ-ਮੁਹਾਰੇ ਹੋਇਆ ਬਦਲਾਅ ਹਮੇਸ਼ਾ ਦੁੱਖ ਦਾ ਕਾਰਨ ਬਣਦਾ ਹੈ ਅਤੇ ਉੱਦਮ ਸਦਕਾ ਹੋਇਆ ਬਦਲਾਅ ਅਕਸਰ ਸੁਖ ਦਾ ਕਾਰਨ ਬਣਦਾ ਹੈ। ਇਸ ਦਾ ਭਾਵ ਇਹ ਹੈ ਕਿ ਜਿਹੜੇ ਮਨੁੱਖ ਖ਼ੁਦ ਫ਼ੈਸਲਾ ਕਰਕੇ ਬਦਲਾਅ ਨੂੰ ਅਪਨਾਉਂਦੇ ਹਨ, ਉਹ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਆਪਣੀ ਵਿਉਂਤ ਤਹਿਤ ਬਦਲਾਅ ਸਵੀਕਾਰ ਕੀਤਾ ਹੁੰਦਾ ਹੈ। ਦੂਜੇ ਪਾਸੇ ਆਪਮੁਹਾਰੇ ਹੋਏ ਕਿਸੇ ਬਦਲਾਅ ਦੇ ਗੇੜ ਵਿੱਚ ਆਏ ਮਨੁੱਖ ਨੇ ਕੋਈ ਤਿਆਰੀ ਜਾਂ ਵਿਉਂਤਬੰਦੀ ਨਹੀਂ ਕੀਤੀ ਹੁੰਦੀ। ਇਸ ਲਈ ਇਹ ਬਦਲਾਅ ਉਸ ਲਈ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ। ਇਸ ਤਰ੍ਹਾਂ, ਆਖ਼ਰ ਵਿੱਚ ਕਿਹਾ ਜਾ ਸਕਦਾ ਹੈ ਕਿ ਨਵੀਆਂ ਰਾਹਾਂ ਦੇ ਮੁਸਾਫ਼ਰ ਲੋਕ ਕਦੇ ਹਾਰ ਨਹੀਂ ਮੰਨਦੇ। ਉਹ ਢੇਰੀ ਨਹੀਂ ਢਾਹੁੰਦੇ ਸਗੋਂ ਆਪਣੇ ਉੱਦਮ ਸਦਕਾ ਆਮ ਲੋਕਾਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਆਮ ਲੋਕਾਂ ਨੂੰ ਨਵੀਆਂ ਰਾਹਾਂ ਦੇ ਮੁਸਾਫ਼ਰ ਬਣਨ ਲਈ ਪ੍ਰੇਰਿਤ ਕਰਦੇ ਹਨ। ਇਸ ਲਈ ਮਨੁੱਖ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਅੱਗੇ ਵਧਦਾ ਰਹਿਣਾ ਚਾਹੀਦਾ ਹੈ ਅਤੇ ਸਾਰਥਕ ਬਦਲਾਅ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਖਲਾਅ ਤੇ ਖੜੋਤ ਤੋਂ ਰਹਿਤ ਜੀਵਨ ਬਤੀਤ ਕੀਤਾ ਜਾ ਸਕੇ। ਪਰ! ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੇ ਗਰਭ ਵਿੱਚ ਹੈ।

# ਹਾਰ ਨੂੰ ਵੀ ਸਵੀਕਾਰਨਾ ਸਿੱਖੋ

ਲੇਖਕ : ਹਰਪ੍ਰੀਤ ਕੌਰ ਸੰਧੂ
ਸੰਪਰਕ: 90410-73310



ਅੱਜ ਦੇ ਯੁੱਗ ਵਿੱਚ ਦੋ ਸ਼ਬਦ ਬਹੁਤ ਸੁਣਨ ਨੂੰ ਮਿਲਦੇ ਹਨ ਨਕਾਰਾਤਮਕਤਾ ਅਤੇ ਸਕਾਰਾਤਮਕਤਾ। ਆਮ ਜਿਹੀ ਭਾਸ਼ਾ ਵਿੱਚ ਗੱਲ ਕਰੀਏ ਤਾਂ ਨੈਗੇਟਿਵਿਟੀ ਅਤੇ ਪੌਜ਼ੀਟਿਵਿਟੀ। ਅਕਸਰ ਲੋਕ ਇੱਕ ਦੂਜੇ ਨੂੰ ਇਹ ਕਹਿੰਦੇ ਸੁਣੇ ਜਾਂਦੇ ਹਨ 'ਬੀ ਪੌਜ਼ੀਟਿਵ'। ਕੁਝ ਚੰਗਾ ਸੋਚੋ। ਕੁਝ ਚੰਗਾ ਕਰੋ। ਸਾਡਾ ਸਾਰਾ ਜ਼ੋਰ ਇਸੇ ਗੱਲ 'ਤੇ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਸਕਾਰਾਤਮਕ ਰਹੀਏ। ਅਸੀਂ ਦੂਜਿਆਂ ਨੂੰ ਵੀ ਇਹ ਹੀ ਸਲਾਹ ਦਿੰਦੇ ਹਾਂ।

ਨਕਾਰਾਤਮਕਤਾ ਜਾਂ ਨੈਗੇਟਿਵਿਟੀ ਅਸਲ ਵਿੱਚ ਹੈ ਕੀ? ਸਿਰਫ ਨਿਰਾਸ਼ਾ ਨੂੰ ਨੈਗੇਟਿਵਿਟੀ ਕਹਿ ਦੇਣਾ ਠੀਕ ਨਹੀਂ। ਕੋਈ ਕਿਸੇ ਦੀ ਆਲੋਚਨਾ ਕਰਦਾ ਹੈ। ਇਹ ਵੀ ਹਮੇਸ਼ਾ ਨੈਗੇਟਿਵਿਟੀ ਨਹੀਂ ਹੁੰਦੀ। ਆਲੋਚਨਾ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਕਿਸੇ ਦੇ ਗੁਣ ਤੇ ਦੋਸ਼ ਅਲੱਗ ਅਲੱਗ ਕਰਕੇ ਨਿਖੇੜ ਕੇ ਦੇਖੇ ਜਾਣ। ਹਰ ਵੇਲੇ ਕੁਝ ਗ਼ਲਤ ਹੋ ਜਾਣ ਬਾਰੇ ਸੋਚਣਾ। ਕਿਸੇ ਮਾੜੇ ਵਰਤਾਰੇ ਦੀ ਉਮੀਦ ਰੱਖ ਕੇ ਬਹਿ ਜਾਣਾ। ਹਰ ਪਲ ਨਿਰਾਸ਼ਾਜਨਕ ਵਿਚਾਰਾਂ ਵਿੱਚ ਘਿਰੇ ਰਹਿਣਾ। ਇਸ ਨੂੰ ਅਸੀਂ ਨੈਗੇਟਿਵਿਟੀ ਕਹਿੰਦੇ ਹਾਂ।

ਇਸ ਦੇ ਵਿਪਰੀਤ ਸਕਾਰਾਤਮਕਤਾ ਜਾਂ ਪੌਜ਼ੀਟਿਵਿਟੀ ਨੂੰ ਅਸੀਂ ਦੂਜਿਆਂ ਵਿੱਚ ਚੰਗਿਆਈ ਨੂੰ ਦੇਖਣਾ, ਕਿਸੇ ਵਰਤਾਰੇ ਵਿੱਚ ਚੰਗਿਆਈ ਦੇਖਣਾ, ਜ਼ਿੰਦਗੀ ਬਾਰੇ ਹੌਸਲੇ ਭਰਪੂਰ ਵਿਚਾਰ ਰੱਖਣਾ, ਆਪਣਾ ਹੌਸਲਾ ਬਣਾਈ ਰੱਖਣਾ ਅਤੇ ਦੂਜਿਆਂ ਨੂੰ ਵੀ ਹੌਸਲਾ ਦੇਣਾ ਕਹਿੰਦੇ ਹਾਂ। ਅਸੀਂ ਬੜੇ ਸੌਖੇ ਜਿਹੇ ਤਰੀਕੇ ਨਾਲ ਇਨ੍ਹਾਂ ਦੀ ਪਰਿਭਾਸ਼ਾ ਘੜ ਲਈ ਹੈ। ਉਤਸ਼ਾਹਵਰਧਕ ਗੱਲਾਂ ਨੂੰ ਅਸੀਂ ਪੌਜ਼ੀਟਿਵਿਟੀ ਕਹਿੰਦੇ ਹਾਂ।

ਦਰਅਸਲ, ਸਕਾਰਾਤਮਕਤਾ ਅਤੇ ਨਕਾਰਾਤਮਕਤਾ ਨੂੰ ਸਮਝਣਾ ਇੰਨਾ ਸੌਖਾ ਨਹੀਂ ਜਿੰਨਾ ਅਸੀਂ ਬਣਾ ਲਿਆ ਹੈ। ਸਾਡਾ ਹਰ ਵੇਲੇ ਸਕਾਰਾਤਮਕ ਰਹਿਣ 'ਤੇ ਜ਼ੋਰ ਦੇਣਾ ਸਾਨੂੰ ਕਿਤੇ ਇਸ ਗੱਲ ਤੋਂ ਦੂਰ ਕਰ ਸਕਦਾ ਹੈ ਕਿ ਅਸੀਂ ਆਲੋਚਨਾ ਨੂੰ ਸਹਿਣ ਕਰੀਏ। ਸਕਾਰਾਤਮਕ ਰਹਿਣਾ ਸਾਡੇ 'ਤੇ ਇੰਨਾ ਭਾਰੂ ਹੋ ਗਿਆ ਹੈ ਕਿ ਕੋਈ ਜ਼ਰਾ ਜਿੰਨੀ ਵੀ ਸਾਡੀ ਆਲੋਚਨਾ ਕਰੇ ਤਾਂ ਅਸੀਂ ਉਸ ਨੂੰ ਨੈਗੇਟਿਵ ਕਹਿ ਕੇ ਪਾਸੇ ਕਰ ਦਿੰਦੇ ਹਾਂ। ਜੋ ਬੰਦਾ ਸੱਚ ਬੋਲਦਾ ਹੈ ਉਸ ਨੂੰ ਵੀ ਨੈਗੇਟਿਵ ਗਰਦਾਨ ਦਿੱਤਾ ਜਾਂਦਾ ਹੈ। ਇਹ ਵਰਤਾਰਾ ਆਮ ਹੈ।

ਪੌਜ਼ੀਟਿਵ ਰਹਿਣ ਦਾ ਮਤਲਬ ਇਹ ਨਹੀਂ ਕਿ ਅਸੀਂ ਕਿਸੇ ਵੀ ਹਾਰ ਨੂੰ ਮਨਜ਼ੂਰ ਹੀ ਨਾ ਕਰੀਏ। ਹਰ ਵੇਲੇ ਪੌਜ਼ੀਟਿਵ ਰਹਿਣ ਦਾ ਗੁਣਗਾਨ ਕਰਨ ਦਾ ਅਰਥ ਇਹ ਹੋ ਜਾਂਦਾ ਹੈ ਕਿ ਸਾਡੇ ਬੱਚੇ ਸਾਡੀ ਨਵੀਂ ਪੀੜ੍ਹੀ ਕਿਸੇ ਤਰ੍ਹਾਂ ਦੀ ਅਸਫਲਤਾ ਨੂੰ ਬਰਦਾਸ਼ਤ ਹੀ ਨਹੀਂ ਕਰ ਪਾਉਂਦੀ। ਤੁਸੀਂ ਅਕਸਰ ਵੇਖਿਆ ਹੋਵੇਗਾ ਕਿ ਨਿੱਕੀ ਜਿਹੀ ਗੱਲ 'ਤੇ ਬੱਚੇ ਆਤਮ ਹੱਤਿਆ ਤੱਕ ਕਰ ਲੈਂਦੇ ਹਨ। ਇਹ ਇਸ ਲਈ ਹੈ ਕਿ ਅਸੀਂ ਉਨ੍ਹਾਂ ਨੂੰ ਹਾਰਨਾ ਹੀ ਨਹੀਂ ਸਿਖਾਇਆ। ਪੌਜ਼ੀਟਿਵਿਟੀ ਦੇ ਨਾਂ 'ਤੇ ਉਨ੍ਹਾਂ ਨੂੰ ਸਿਰਫ਼ ਜਿੱਤਣਾ ਹੀ ਸਿਖਾਇਆ ਗਿਆ ਹੈ।

ਜਿੱਥੇ ਕਿਸੇ ਨੇ ਹਾਰਨ ਦੀ, ਆਲੋਚਨਾ ਦੀ, ਔਗੁਣ ਦੀ ਗੱਲ ਕੀਤੀ ਅਸੀਂ ਉਸ ਨੂੰ ਨੈਗੇਟਿਵ ਕਹਿ ਕੇ ਪਾਸੇ ਹੋ ਗਏ। ਅਸੀਂ 'ਬੀ ਪੌਜ਼ੀਟਿਵ' ਨੂੰ ਇਸ ਤਰ੍ਹਾਂ ਅਪਣਾ ਲਿਆ ਕਿ ਜ਼ਿੰਦਗੀ ਵਿੱਚ ਕੁਝ ਮਾੜਾ ਹੋਣ ਲਈ ਕਦੀ ਤਿਆਰ ਹੀ ਨਹੀਂ ਰਹੇ। ਜ਼ਿੰਦਗੀ ਵਿੱਚ ਹਮੇਸ਼ਾ ਚੰਗਾ ਹੋਵੇਗਾ ਅਜਿਹਾ ਨਹੀਂ ਹੋ ਸਕਦਾ। ਹਾਲਾਤ ਹਮੇਸ਼ਾ ਇੱਕੋ ਜਿਹੇ ਨਹੀਂ ਰਹਿੰਦੇ। ਸੁੱਖ ਤੇ ਦੁੱਖ ਜ਼ਿੰਦਗੀ ਦੇ ਦੋ ਪਹਿਲੂ ਹਨ। ਜੇ ਇੱਕ ਗੱਲ ਸਾਡੀ ਪਸੰਦ ਦੀ ਹੁੰਦੀ ਹੈ ਤਾਂ ਇੱਕ ਗੱਲ ਸਾਡੀ ਨਾ ਪਸੰਦ ਦੀ ਵੀ ਹੋ ਸਕਦੀ ਹੈ।

ਅੱਜ ਸਮਾਜ ਵਿੱਚ ਫੈਲੀ ਹੋਈ ਡਿਪਰੈਸ਼ਨ ਦਾ ਮੁੱਖ ਕਾਰਨ 'ਬੀ ਪੌਜ਼ੀਟਿਵ' ਦਾ ਗੁਣਗਾਨ ਹੈ। ਜਦੋਂ ਬੰਦੇ ਵਿੱਚ ਆਪਣੀ ਆਲੋਚਨਾ ਨੂੰ ਸਮਝ ਸਕਣ, ਆਪਣੇ ਔਗੁਣਾਂ ਨੂੰ ਦੇਖ ਸਕਣ ਤੇ ਆਪਣੀ ਹਾਰ ਨੂੰ ਸਵੀਕਾਰ ਕਰ ਸਕਣ ਦੀ ਸਮਰੱਥਾ ਹੀ ਨਹੀਂ ਹੈ ਤਾਂ ਉਹ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਮੁਸੀਬਤ ਆਈ ਤਾਂ ਡਿਪਰੈਸ਼ਨ ਵਿੱਚ ਹੀ ਜਾਏਗਾ। ਜ਼ਿੰਦਗੀ ਦੀ ਰਫ਼ਤਾਰ ਬੜੀ ਤੇਜ਼ ਹੋ ਗਈ ਹੈ। ਮਨੁੱਖ ਇਸ ਵਿੱਚ ਕਿਤੇ ਉਲਝਿਆ ਪਿਆ ਹੈ। ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਮੌਕੇ ਉਸ ਦੇ ਕੋਲੋਂ ਦੀ ਲੰਘ ਜਾਂਦੇ ਹਨ। ਹਰ ਮਨੁੱਖ ਇੱਕ ਦੌੜ ਵਿੱਚ ਹੈ। ਉਸ ਦਾ ਸਾਰਾ ਜ਼ੋਰ ਪ੍ਰਾਪਤੀ 'ਤੇ ਲੱਗਾ ਹੋਇਆ ਹੈ। ਉਹ ਪ੍ਰਾਪਤੀ ਕਿਸੇ ਕਿਸਮ ਦੀ ਹੋਵੇ। ਉਹ ਸਭ ਕੁਝ ਹਾਸਿਲ ਕਰ ਲੈਣਾ ਚਾਹੁੰਦਾ ਹੈ। ਉਸ ਨੂੰ ਕਦੇ ਵੀ ਕਿਸੇ ਹਾਰ ਲਈ ਕਿਸੇ ਅਸਫਲਤਾ ਲਈ ਤਿਆਰ ਨਹੀਂ ਕੀਤਾ ਜਾਂਦਾ। ਅਸੀਂ ਆਪਣੇ ਬੱਚੇ ਨੂੰ ਇੱਕ ਉਦੇਸ਼ ਦਿੰਦੇ ਹਾਂ ਤੇ ਉਸ ਨੂੰ ਕਹਿੰਦੇ ਹਾਂ ਕਿ ਪੂਰਾ ਜ਼ੋਰ ਲਾ ਕੇ ਇਸ ਨੂੰ ਪ੍ਰਾਪਤ ਕਰ। ਫਿਰ ਜਦੋਂ ਬੱਚਾ ਤਨਦੇਹੀ ਨਾਲ ਉਸ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਉਸ ਟੀਚੇ ਤੱਕ ਪਹੁੰਚਣ ਤੋਂ ਅਸਮਰੱਥ ਰਹਿੰਦਾ ਹੈ ਤਾਂ ਉਸ ਦਾ ਨਿਰਾਸ਼ ਹੋ ਜਾਣਾ ਆਮ ਗੱਲ ਹੈ।

ਅਸੀਂ ਇਹ ਭੁੱਲ ਜਾਂਦੇ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਦੋ ਗੋਲ ਦੇਣੇ ਹਨ। ਏ ਗੋਲ ਤੇ ਬੀ ਗੋਲ। ਇਹ ਇਸ ਲਈ ਕਿ ਜੇ ਉਹ ਇੱਕ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਹੋਵੇ ਤਾਂ ਦੂਜਾ ਟੀਚਾ ਉਸ ਦੇ ਸਾਹਮਣੇ ਹੋਵੇ। ਇਸ ਨਾਲ ਉਸ ਨੂੰ ਨਿਰਾਸ਼ਾ ਨਹੀਂ ਹੋਏਗੀ। ਉਸ ਨੂੰ ਪਹਿਲਾਂ ਹੀ ਪਤਾ ਹੋਵੇਗਾ ਕਿ ਇਹ ਹਾਸਿਲ ਕੀਤਾ ਜਾ ਸਕਦਾ ਹੈ, ਪਰ ਜੇ ਨਾ ਹਾਸਿਲ ਹੋਵੇ ਤਾਂ ਇਸ ਦਾ ਦੂਜਾ ਹੱਲ ਵੀ ਹੈ। ਦੂਜੇ ਪਾਸੇ ਸਾਡੇ ਬੁੱਧੀਜੀਵੀਆਂ ਨੇ 'ਬੀ ਪੌਜ਼ੀਟਿਵ 'ਤੇ ਇੰਨਾ ਜ਼ੋਰ ਦਿੱਤਾ ਹੈ ਕਿ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਆਪਣੀ ਜ਼ਿੰਦਗੀ ਵਿੱਚੋਂ ਦਰਕਿਨਾਰ ਕਰ ਦਿੱਤਾ ਹੈ।

ਮਨੁੱਖ ਮਸ਼ੀਨ ਵਾਂਗ ਕੰਮ ਕਰ ਰਿਹਾ ਹੈ, ਪਰ ਮਨੁੱਖ ਮਸ਼ੀਨ ਨਹੀਂ ਹੈ। ਮਨੁੱਖ ਮਸ਼ੀਨ ਕਦੇ ਹੋ ਵੀ ਨਹੀਂ ਸਕਦਾ। ਉਸ ਨੂੰ ਜ਼ਿੰਦਗੀ ਵਿੱਚ ਹਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨ ਲਈ ਮਜ਼ਬੂਤੀ ਦੀ ਲੋੜ ਹੈ। ਜਦੋਂ ਅਸੀਂ ਸਾਰਾ ਜ਼ੋਰ ਸਿਰਫ਼ 'ਬੀ ਪੌਜ਼ੀਟਿਵ' 'ਤੇ ਲਾ ਦਿੰਦੇ ਹਾਂ ਤਾਂ ਉਹ ਕਿਸ ਤਰ੍ਹਾਂ ਨਿਰਾਸ਼ਾ ਨਾਲ ਮੱਥਾ ਲਾਏਗਾ। ਅਸੀਂ ਯਤਨ ਕਰਨ ਤੇ ਉਮੀਦ ਰੱਖਣ 'ਤੇ ਇੰਨਾ ਜ਼ਿਆਦਾ ਜ਼ੋਰ ਦਿੱਤਾ ਹੈ ਕਿ ਨਿਰਾਸ਼ ਹੋ ਜਾਣ ਵੱਲ ਕਦੀ ਧਿਆਨ ਹੀ ਨਹੀਂ ਦਿੱਤਾ।

ਸਾਡੀ ਨੌਜਵਾਨ ਪੀੜ੍ਹੀ ਇਸ ਗੱਲ ਦੀ ਸਭ ਤੋਂ ਵੱਧ ਸ਼ਿਕਾਰ ਹੈ। ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ 'ਬੀ ਪੌਜ਼ੀਟਿਵ' ਸਾਨੂੰ ਸਬਰ ਤੇ ਸ਼ੁਕਰ ਨਹੀਂ ਸਿਖਾਉਂਦਾ। ਸਾਡੀ ਪੁਰਾਣੀ ਪੀੜ੍ਹੀ ਨੇ ਸਬਰ ਤੇ ਸ਼ੁਕਰ ਸਿੱਖਿਆ ਹੈ ਤੇ ਇਸ ਨਾਲ ਜ਼ਿੰਦਗੀ ਬਤੀਤ ਕੀਤੀ ਹੈ। 'ਬੀ ਪੌਜ਼ੀਟਿਵ' ਸਾਨੂੰ ਸਾਰਾ ਜ਼ੋਰ ਲਗਾ ਕੇ ਸਿਰਫ਼ ਜਿੱਤਣਾ ਸਿਖਾਉਂਦਾ ਹੈ। ਯਕੀਨ ਮੰਨੋ ਅੱਜ ਦੇ ਸਮੇਂ ਵਿੱਚ ਸਭ ਤੋਂ ਖ਼ਤਰਨਾਕ ਸ਼ਬਦ 'ਬੀ ਪੌਜ਼ੀਟਿਵ' ਹੈ। ਸਾਨੂੰ ਇਸ ਦੀ ਜਗ੍ਹਾ 'ਤੇ 'ਬੀ ਰਿਅਲਿਸਟਿਕ' ਯਾਨੀ ਯਥਾਰਥਵਾਦੀ ਹੋਣ ਦੀ ਜ਼ਰੂਰਤ ਹੈ। ਸਾਨੂੰ ਸੱਚ ਨੂੰ ਸਮਝਣਾ ਤੇ ਉਸ ਦਾ ਸਾਹਮਣਾ ਕਰਨਾ ਸਿੱਖਣ ਦੀ ਜ਼ਰੂਰਤ ਹੈ।

ਆਸ਼ਾਵਾਦੀ ਹੋਣਾ ਮਾੜੀ ਗੱਲ ਨਹੀਂ, ਪਰ ਸਿਰਫ਼ ਆਸ਼ਾਵਾਦੀ ਹੀ ਹੋਣਾ ਮਾੜੀ ਗੱਲ ਹੈ। ਜ਼ਿੰਦਗੀ ਵਿੱਚ ਜਿੱਤਾਂ ਹਾਰਾਂ ਚੱਲਦੀਆਂ ਹੀ ਰਹਿੰਦੀਆਂ ਹਨ। ਬਹੁਤ ਜ਼ਰੂਰੀ ਹੈ ਕਿ ਮਨੁੱਖ ਇਸ ਗੱਲ ਨੂੰ ਸਮਝ ਲਵੇ ਕਿ ਉਸ ਨੇ ਕੋਸ਼ਿਸ਼ ਕਰਨੀ ਹੈ, ਪਰ ਕੋਸ਼ਿਸ਼ ਦਾ ਸਫਲ ਹੋ ਜਾਣਾ ਜ਼ਰੂਰੀ ਨਹੀਂ ਹੈ। ਕਾਮਯਾਬੀ ਤੇ ਨਾਕਾਮਯਾਬੀ ਦੋਵੇਂ ਹੀ ਮਨੁੱਖ ਨਾਲ ਕਦੇ ਵੀ ਵਾਪਰ ਸਕਦੇ ਹਨ। ਸਾਨੂੰ ਇਸ ਲਈ ਹਰ ਪੱਖੋਂ ਤਿਆਰ ਰਹਿਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ 'ਬੀ ਪੌਜ਼ੀਟਿਵ' ਨੂੰ ਛੱਡ ਕੇ 'ਬੀ ਰਿਅਲਿਸਟਿਕ' ਨੂੰ ਅਪਣਾਈਏ ਤਾਂ ਜੋ ਜ਼ਿੰਦਗੀ ਵਿੱਚ ਆਉਣ ਵਾਲੀ ਹਾਰ ਦਾ ਸਾਹਮਣਾ ਕਰਨਾ ਵੀ ਸਿੱਖੀਏ।

# ਸਰਕਾਰ ਤੇ ਸਮਾਜ ਨਿੱਜੀ ਜੀਵਨ 'ਚ ਦਖ਼ਲਅੰਦਾਜ਼ੀ ਕਿਉਂ ਚਾਹੁੰਦੇ ਹਨ?

ਪੂਰਨ ਚੰਦ ਸਰੀਨ



ਅਕਸਰ ਸਰਕਾਰ ਭਾਵ ਰਾਜਾ ਤੇ ਸਮਾਜ ਭਾਵ ਕੁਟੰਬ ਵਲੋਂ ਅਜਿਹੇ ਫ਼ਰਮਾਨ ਆਉਂਦੇ ਰਹਿੰਦੇ ਹਨ, ਜਿਨ੍ਹਾਂ ਦਾ ਉਦੇਸ਼ ਸੁਝਾਅ ਦੇਣਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਜ਼ੋਰ ਜ਼ਬਰਦਸਤੀ ਲਾਗੂ ਕਰਨਾ ਵੀ ਹੁੰਦਾ ਹੈ, ਜਿਸ ਨੂੰ ਸਿੱਧੇ ਸ਼ਬਦਾਂ 'ਚ ਨਿੱਜੀ ਸੁਤੰਤਰਤਾ ਦੀ ਉਲੰਘਣਾ ਕਰਨਾ ਕਿਹਾ ਜਾਂਦਾ ਹੈ। ਆਧੁਨਿਕ ਵਿਸ਼ਵੀਕਰਨ ਦੇ ਯੁੱਗ 'ਚ ਜਿਸ 'ਚ, ਸੂਚਨਾ ਤੰਤਰ ਅਤੇ ਤਕਨਾਲੋਜੀ ਨੇ, ਦੁਨੀਆ ਹੋਵੇ ਜਾਂ ਸਾਡਾ ਦਿਮਾਗ, ਸਭ ਦੇ ਬੰਦ ਦਰਵਾਜ਼ਿਆਂ ਨੂੰ ਖੋਲ੍ਹ ਦਿੱਤਾ ਹੈ, ਉਸ ਸਮੇਂ ਕੁਝ ਮੁੱਠੀ ਭਰ ਲੋਕ ਜਿਨ੍ਹਾਂ ਦੇ ਹੱਥ ਸੱਤਾ ਲੱਗ ਜਾਂਦੀ ਹੈ, ਅਜਿਹੇ ਸਿਆਸਤਦਾਨ, ਆਰਥਿਕ ਤੌਰ 'ਤੇ ਤਗੜੇ ਜਾਂ ਆਪਣੀ ਦਬੰਗਈ ਨਾਲ ਡਰ ਦਾ ਮਾਹੌਲ ਬਣਾਉਣ 'ਚ ਮਾਹਿਰ ਆਪਣੀ ਮਰਜ਼ੀ ਨਾਲ ਸਾਡੇ ਵਿਸ਼ਾਲ ਦੇਸ਼ 'ਤੇ ਤਾਨਾਸ਼ਾਹੀ ਰਾਜ ਲਾਗੂ ਕਰਨਾ ਚਾਹੁੰਦੇ ਹਨ।

ਇਹ ਸਵਾਲ ਇਸ ਲਈ ਵਿਚਾਰਨਯੋਗ ਹੈ, ਕਿਉਂਕਿ ਸਾਡੇ ਨੇਤਾ ਜਿਨ੍ਹਾਂ 'ਚ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਸਾਰੇ ਆਉਂਦੇ ਹਨ, ਉਹ ਲੋਕਾਂ ਦੇ ਨਿੱਜੀ ਜੀਵਨ 'ਤੇ ਆਪਣਾ ਕਬਜ਼ਾ ਚਾਹੁੰਦੇ ਹਨ। ਉਨ੍ਹਾਂ ਵਲੋਂ ਜਦੋਂ ਅਜਿਹੀਆਂ ਨਸੀਹਤਾਂ ਅਤੇ ਉਨ੍ਹਾਂ ਨੂੰ ਮੰਨਣ ਦੇ ਹੁਕਮ ਆਉਂਦੇ ਹਨ ਅਤੇ ਇੱਥੋਂ ਤੱਕ ਕਿ ਉਹ ਕਾਨੂੰਨ ਤੱਕ ਬਣਾ ਦਿੰਦੇ ਹਨ ਕਿ ਕੋਈ ਕੀ ਖਾਵੇਗਾ, ਕੀ ਪੀਏਗਾ, ਕੀ ਪਹਿਨੇਗਾ, ਕਿਵੇਂ ਉਠੇਗਾ, ਚੱਲੇਗਾ ਅਤੇ ਬੋਲੇਗਾ ਜਾਂ ਦੱਸੇਗਾ ਤਾਂ ਸਮਾਜ ਦੇ ਕੱਟੜਪੰਥੀਆਂ ਦੀ ਅਜਿਹੇ 'ਚ ਪੌਂ ਬਾਰਾਂ ਹੋ ਜਾਂਦੀ ਹੈ, ਕਿਉਂਕਿ ਉਨ੍ਹਾਂ ਨੂੰ ਸੱਤਾਧਾਰੀਆਂ ਦੀ ਸ਼ਹਿ ਮਿਲੀ ਹੁੰਦੀ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਨੌਜਵਾਨ ਵਰਗ ਆਪਣੇ ਹੀ ਰੂੜ੍ਹੀਵਾਦੀ ਪਰਿਵਾਰ ਦੇ ਕੰਟਰੋਲ ਦੀਆਂ ਬੇੜੀਆਂ ਤੋੜ ਕੇ ਕਿਤੇ ਹੋਰ ਚਲੇ ਜਾਣਾ ਬਿਹਤਰ ਸਮਝਦਾ ਹੈ। ਉਹ ਵਿਰੋਧ ਸਹਿ ਕੇ ਵੀ ਪੜ੍ਹਾਈ ਅਤੇ ਨੌਕਰੀ ਲਈ ਦੂਰ ਚਲੇ ਜਾਂਦੇ ਹਨ ਅਤੇ ਪਰਿਵਾਰ ਨਾਲ ਥੋੜ੍ਹਾ ਜਿਹਾ ਵੀ ਰਿਸ਼ਤਾ ਨਹੀਂ ਰੱਖਣਾ ਚਾਹੁੰਦੇ, ਕਿਉਂਕਿ ਉੱਥੇ ਬੰਦਿਸ਼ਾਂ ਤੋਂ ਇਲਾਵਾ ਕੁਝ ਨਹੀਂ ਅਤੇ ਇੱਥੇ ਜਿਊਣ ਅਤੇ ਉਡਾਨ ਭਰਨ ਲਈ ਖੁੱਲ੍ਹਾ ਆਸਮਾਨ ਹੁੰਦਾ ਹੈ।

## ਸਮਾਜਿਕ ਰੋਕਾਂ

ਸਾਡੇ ਇਕ ਸੀਨੀਅਰ ਕੇਂਦਰੀ ਮੰਤਰੀ ਬਿਆਨ ਦਿੰਦੇ ਹਨ ਕਿ ਨੌਜਵਾਨ ਵਰਗ ਭਟਕ ਗਿਆ ਹੈ, ਉਸ ਨੂੰ ਕੰਟਰੋਲ 'ਚ ਰੱਖਣਾ ਹੋਵੇਗਾ। ਵਿਆਹ ਕੀਤੇ ਬਿਨਾਂ ਨਾਲ ਰਹਿਣਾ ਉਨ੍ਹਾਂ ਦੀ ਕਲਪਨਾ 'ਚ ਹੀ ਨਹੀਂ। ਹਕੀਕਤ ਇਹ ਹੈ ਕਿ ਅੱਜ ਦਾ ਨੌਜਵਾਨ ਆਪਣੇ ਹੀ ਪਰਿਵਾਰ 'ਚ ਮਾਂ ਨਾਲ ਪਿਤਾ ਦਾ ਮਾੜਾ ਵਤੀਰਾ ਤੇ ਕੁੱਟਮਾਰ ਵੇਖ ਕੇ ਅਤੇ ਉਨ੍ਹਾਂ ਦੇ ਕਦੇ ਵੱਖ ਨਾ ਹੋ ਸਕਣ ਦੀ ਭਿਆਨਕਤਾ ਕਾਰਨ, ਡਰਨ ਲੱਗਾ ਹੈ ਕਿ ਵਿਆਹ ਕਰਵਾ ਲਿਆ ਤਾਂ ਤਲਾਕ ਲੈਣ 'ਚ ਹੀ ਜ਼ਿੰਦਗੀ ਗਰਕ ਹੋ ਜਾਵੇਗੀ। ਹਾਲਾਂਕਿ ਐੱਲ.ਜੀ.ਬੀ.ਟੀ. ਕਾਨੂੰਨ ਹੈ, ਪਰ ਉਹ ਉਨ੍ਹਾਂ ਨੂੰ ਹਜ਼ਮ ਨਹੀਂ ਹੋ ਰਿਹਾ। ਜੇਕਰ ਇਸ ਵਰਗ ਦੇ ਲੋਕ ਇਕ ਪਰਿਵਾਰ ਵਾਂਗ ਰਹਿਣਾ ਚਾਹੁੰਦੇ ਹਨ ਤਾਂ ਇਨ੍ਹਾਂ ਥੋੜ੍ਹੇ ਜਿਹੇ ਲੋਕਾਂ ਨੂੰ ਨਾਲ ਰਹਿਣ ਦਿਓ, ਕਿਉਂ ਉਨ੍ਹਾਂ ਨੂੰ ਖ਼ਤਰਾ ਸਮਝਦੇ ਹੋ। ਖਾਣ-ਪੀਣ, ਪਹਿਰਾਵੇ ਨੂੰ ਲੈ ਕੇ ਹੀ ਨਹੀਂ, ਕਿਹੜੀ ਫ਼ਿਲਮ ਦੇਖੋ, ਕਿਹੜਾ ਸੰਗੀਤ ਸੁਣੋ ਜਾਂ ਕੋਈ ਕਲਾਕਾਰ, ਪੇਂਟਰ ਜਾਂ ਮੂਰਤੀਕਾਰ ਕਿਹੋ ਜਿਹੀਆਂ ਕਲਾਕ੍ਰਿਤੀਆਂ ਬਣਾਏ, ਇਹ ਸਭ ਜੇਕਰ ਸ਼ਾਸਨ ਨਿਰਧਾਰਿਤ ਕਰੇਗਾ, ਤਾਂ ਇਹ ਤਾਨਾਸ਼ਾਹੀ ਨਹੀਂ ਤਾਂ ਹੋਰ ਕੀ ਹੋਵੇਗਾ?

ਇਹੀ ਉਦਾਹਰਨ ਵੇਖ ਲਓ, ਸਾਡੇ ਕਈ ਸੂਬਿਆਂ 'ਚ ਪੂਰੀ ਅਸਫਲਤਾ ਦੇ ਬਾਵਜੂਦ ਸ਼ਰਾਬ 'ਤੇ ਪਾਬੰਦੀ ਹੈ। ਇਹ ਸਹੀ ਹੈ ਕਿ ਸ਼ਰਾਬ ਕੋਈ ਚੰਗਾ ਨਸ਼ਾ ਨਹੀਂ ਹੈ ਪਰ ਕੁਝ ਲੋਕਾਂ ਲਈ ਸੀਮਤ ਮਾਤਰਾ 'ਚ ਸੇਵਨ ਕਰ ਇਹ ਖ਼ੁਸ਼ ਰਹਿਣ ਦਾ ਸਾਧਨ ਹੈ। ਇਨ੍ਹਾਂ ਰਾਜਾਂ 'ਚ ਨਕਲੀ ਸ਼ਰਾਬ ਅਤੇ ਉਸ ਨਾਲ ਮਰਨ ਵਾਲਿਆਂ ਦੀਆਂ ਖ਼ਬਰਾਂ ਨਿੱਤ ਦਿਨ ਮਿਲਦੀਆਂ ਰਹਿੰਦੀਆਂ ਹਨ। ਪਿੱਛੇ ਇਕ ਰਾਜ ਨੇ ਪੁਲਿਸ ਨੂੰ ਕਿਹਾ ਕਿ ਉਹ ਲੋਕਾਂ ਦੇ ਘਰਾਂ 'ਚ ਕਿਸੇ ਵੀ ਸਮੇਂ ਦਾਖ਼ਲ ਹੋ ਕੇ ਪਤਾ ਲਗਾਏ ਕਿ ਕਿਤੇ ਕੁਝ ਗ਼ਲਤ ਕੰਮ ਤਾਂ ਨਹੀਂ ਹੋ ਰਿਹਾ। ਇਸ ਤਰ੍ਹਾਂ ਨਿੱਜਤਾ ਦੀ ਉਲੰਘਣਾ ਕਿਸੇ ਵੀ ਸੱਤਾ ਲਈ ਕੀ ਨਿਆਂਪੂਰਨ ਕਹੀ ਜਾ ਸਕਦੀ ਹੈ? ਪੁਲਿਸ ਨੂੰ ਜੇਕਰ ਕਿਸੇ ਗ਼ੈਰਕਾਨੂੰਨੀ ਸਰਗਰਮੀ ਦਾ ਪਤਾ ਲਗਾਉਣਾ ਹੈ ਤਾਂ ਉਹ ਪੂਰੀ ਤਰ੍ਹਾਂ ਸਮਰੱਥ ਹੈ, ਸਰਕਾਰ ਕਿਉਂ ਉਨ੍ਹਾਂ ਦੇ ਕੰਮ 'ਚ ਆਪਣੀ ਲੱਤ ਅੜਾਉਂਦੀ ਹੈ।

## ਜਾਤ-ਪਾਤ ਅਤੇ ਧਰਮ

ਇਕ ਹੋਰ ਮੁੱਦਾ ਹੈ, ਜੋ ਸ਼ਾਂਤੀ ਪਸੰਦ ਲੋਕਾਂ 'ਚ ਅਕਸਰ ਘਬਰਾਹਟ ਪੈਦਾ ਕਰਦਾ ਰਹਿੰਦਾ ਹੈ। ਉਹ ਹੈ ਜਾਤ ਬਿਰਾਦਰੀ ਅਤੇ ਧਰਮ ਤੇ ਪਰੰਪਰਾਗਤ ਰੀਤੀ-ਰਿਵਾਜਾਂ ਅਤੇ ਮਾਨਤਾਵਾਂ ਦਾ। ਸਾਡੇ ਦੇਸ਼ 'ਚ ਅੱਜ ਤੋਂ ਨਹੀਂ, ਪ੍ਰਾਚੀਨ ਅਤੇ ਪੌਰਾਣਿਕ ਕਾਲ ਤੋਂ ਅੰਤਰਜਾਤੀ ਵਿਆਹ ਹੁੰਦੇ ਰਹੇ ਹਨ ਅਤੇ ਅੰਤਰਧਾਰਮਿਕ ਵਿਆਹਾਂ ਦੀ ਵੀ ਗਿਣਤੀ ਘੱਟ ਨਹੀਂ ਹੈ। ਅੱਜ ਅਜਿਹੇ ਹਜ਼ਾਰਾਂ ਜੋੜੇ ਹੋਣਗੇ, ਜੋ ਦੂਜੀ ਜਾਤ ਦੇ ਲੜਕੇ ਜਾਂ ਲੜਕੀ ਨਾਲ ਵਿਆਹ ਕਰਨ ਤੋਂ ਬਾਅਦ ਆਪਣੇ ਹੀ ਮਾਤਾ-ਪਿਤਾ ਅਤੇ ਹੋਰ ਪਰਿਵਾਰ ਵਾਲਿਆਂ ਦੇ ਗ਼ੁੱਸੇ ਦਾ ਸਾਹਮਣਾ ਕਰ ਰਹੇ ਹੋਣਗੇ। ਇਹ ਨੌਜਵਾਨ ਆਪਣੇ ਮਾਪਿਆਂ ਜਾਂ ਭਰਾ-ਭੈਣ ਦਾ ਚਿਹਰਾ ਵੇਖਣ ਤੱਕ ਨੂੰ ਤਰਸ ਜਾਂਦੇ ਹਨ, ਪਰ ਖ਼ਾਨਦਾਨ ਦੀ ਨਕਲੀ ਇੱਜ਼ਤ ਦੀਆਂ ਬੇੜੀਆਂ 'ਚ ਜਕੜੇ ਇਹ ਲੋਕ ਪੱਥਰ ਵਾਂਗ ਉਮਰ ਭਰ ਨਹੀਂ ਪਸੀਜਦੇ। ਕੌਣ ਬਣੇਗਾ ਕਰੋੜਪਤੀ 'ਚ ਅਜਿਹੇ ਅਨੇਕਾਂ ਪਤੀਆਂ ਤੇ ਪਤਨੀਆਂ ਦੀ ਦਾਸਤਾਨ ਵੇਖਣ ਨੂੰ ਮਿਲਦੀ ਰਹੀ ਹੈ ਕਿ ਕਿਵੇਂ ਦੂਜੀ ਜਾਤੀ ਜਾਂ ਧਰਮ ਦੇ ਵਿਅਕਤੀ ਨਾਲ ਵਿਆਹ ਕਰਵਾਉਣ 'ਤੇ ਉਹ ਬੇਕਸੂਰ ਹੁੰਦੇ ਹੋਏ ਵੀ ਅਪਰਾਧੀ ਵਰਗੀ ਜ਼ਿੰਦਗੀ ਜੀਅ ਰਹੇ ਹਨ। ਸਮਾਜਿਕ ਚੇਤਨਾ, ਭਾਈਚਾਰਾ, ਸਮਾਨਤਾ ਅਤੇ ਸੁਰੱਖਿਆ ਦਾ ਸੰਬੰਧ ਸਾਡੇ ਸੰਵਿਧਾਨ 'ਚ ਵੀ ਬਹੁਤ ਡੂੰਘਾਈ ਨਾਲ ਸਮਝਾਇਆ ਗਿਆ ਹੈ।

ਕਿਸੇ ਨੂੰ ਕਿਸੇ ਦੇ ਨਿੱਜੀ ਜੀਵਨ 'ਚ ਦਖ਼ਲ-ਅੰਦਾਜ਼ੀ ਕਰਨ ਦਾ ਅਧਿਕਾਰ ਨਹੀਂ ਹੈ। ਵਿਅਕਤੀ ਨੂੰ ਉਸ ਦੀ ਸਰੀਰਕ ਅਤੇ ਮਾਨਸਿਕ ਸਮਰੱਥਾ ਅਤੇ ਖ਼ੁਦ ਦੇ ਵਿਵੇਕ 'ਤੇ ਆਧਾਰਿਤ ਫ਼ੈਸਲੇ ਲੈਣ ਦੀ ਆਜ਼ਾਦੀ ਹੈ। ਉਹ ਆਪਣੀ ਮਰਜ਼ੀ ਅਤੇ ਜਿਸ ਤਰ੍ਹਾਂ ਰਹਿਣ ਨਾਲ ਉਸ ਨੂੰ ਖ਼ੁਸ਼ੀ ਮਿਲਦੀ ਹੋਵੇ, ਉਹ ਅਜਿਹਾ ਕਰ ਸਕਦਾ ਹੈ। ਇਹ ਗੱਲ ਬਹੁਤ ਸਾਫ਼ ਸ਼ਬਦਾਂ 'ਚ ਨਾ ਸਿਰਫ਼ ਸੰਵਿਧਾਨ 'ਚ ਕਹੀ ਗਈ ਹੈ, ਸਗੋਂ ਸਕੂਲ-ਕਾਲਜ ਦੇ ਸਿਲੇਬਸ 'ਚ ਵੀ ਇਹੀ ਕੁਝ ਦੱਸਿਆ ਗਿਆ ਹੈ। ਹੁਣ ਜਾਂ ਤਾਂ ਇਹ ਸਭ ਗ਼ਲਤ ਹੈ, ਜੋ ਸਾਨੂੰ ਸਿਖਾਇਆ-ਪੜ੍ਹਾਇਆ ਗਿਆ ਹੈ ਜਾਂ ਫਿਰ ਇਹ ਕੁਝ ਕੁ ਲੋਕਾਂ ਦੀ ਸਾਜ਼ਿਸ਼ ਹੈ, ਜੋ ਚਾਹੁੰਦੇ ਹਨ ਕਿ ਨੌਜਵਾਨ ਤੇ ਸਿੱਖਿਅਤ ਜਨਤਾ ਉਨ੍ਹਾਂ ਦੀ ਕਠਪੁਤਲੀ ਬਣ ਕੇ ਰਹੇ। ਇਹ ਨਾ ਤਾਂ ਹੋ ਸਕਦਾ ਹੈ ਅਤੇ ਨਾ ਹੀ ਕਦੇ ਸੰਭਵ ਹੋ ਸਕੇਗਾ ਕਿ ਕੋਈ ਦੇਸ਼ ਆਪਣੇ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਗ਼ੁਲਾਮ ਬਣਾ ਕੇ ਰੱਖੇ ਅਤੇ ਉਹ ਕੁਝ ਵੀ ਨਾ ਕਹਿਣ, ਚੁੱਪਚਾਪ ਸੁਣਦੇ ਅਤੇ ਮੰਨਦੇ ਰਹਿਣ। ਹੈਰਾਨੀ ਨਹੀਂ ਹੋਵੇਗੀ ਕਿ ਜੇਕਰ ਸਰਕਾਰ ਅਤੇ ਕੁਝ ਕੱਟੜਪੰਥੀ ਨਾ ਸੁਧਰਨ ਤਾਂ ਨੌਜਵਾਨ ਆਪਣੀ ਏਕਤਾ ਅਤੇ ਆਧੁਨਿਕ ਵਿਗਿਆਨਕ ਸੋਚ ਦੇ ਬਲਬੂਤੇ ਇਨ੍ਹਾਂ ਦਾ ਪੂਰਨ ਤੌਰ 'ਤੇ ਵਿਰੋਧ ਕਰਨ ਲਈ ਸੰਘਰਸ਼ ਕਰਨ ਲਈ ਨਿਕਲ ਪੈਣ?

ਈ-ਮੇਲ : pooranchandsarin@gmail.com




# ਕਿੱਥੇ ਗਈਆਂ ਚਿੜੀਆਂ



'ਕਿੱਥੇ ਗਈਆਂ ਚਿੜੀਆਂ ਬੇਬੇ ਕਿੱਥੇ ਗਏ ਰੁੱਖ, ਕਿੰਨਾ ਸਮਾਂ ਬੀਤ ਗਿਆ, ਕੋਈ ਚਿੜੀ ਨਜ਼ਰ ਨਹੀਂ ਆਉਂਦੀ। ਪਤਾ ਨ੍ਹੀਂ ਖਬਰੇ ਕਿਹੜੇ ਮੁਲਕ ਪਰਤ ਗਈਆਂ ਬੇਬੇ? ਮੈਂ ਚਿੜੀਆਂ ਨਾਲ ਖੇਡਣਾ ਏ ਬੇਬੇ, ਮੈਨੂੰ ਚਿੜੀਆਂ ਲਿਆ ਕੇ ਦਿਓ।'

'ਫਤਹਿ ਪੁੱਤ ਜ਼ਿੱਦ ਨਾ ਕਰ, ਆ ਜਦੋਂ ਦੇ ਮੋਬਾਈਲਾਂ ਵਾਲੇ ਉੱਚੇ-ਉੱਚੇ ਟਾਵਰ ਲੱਗੇ ਨੇ ਨਾ, ਉਦੋਂ ਦੀਆਂ ਚਿੜੀਆਂ ਨਜ਼ਰ ਆਉਣੋਂ ਹਟ ਗਈਆਂ। ਪਹਿਲਾਂ ਤਾਂ ਬਹੁਤ ਹੁੰਦੀਆਂ ਸੀ । ...ਤੇ ਆਹ ਰੁੱਖ, ਜਿਨ੍ਹਾਂ ਨੂੰ ਅਸੀਂ ਬਹੁਤ ਮਿਹਨਤਾਂ ਨਾਲ ਪਾਲਦੇ ਹਾਂ, ਜਿਨ੍ਹਾਂ ਦੀਆਂ ਛਾਵਾਂ ਦਾ ਗਰਮੀਆਂ 'ਚ ਅਨੰਦ ਮਾਣਦੇ ਹਾਂ, ਜਿਨ੍ਹਾਂ ਤੋਂ ਅਸੀਂ ਆਕਸੀਜਨ ਲੈਂਦੇ ਹਾਂ, ਜਿਨ੍ਹਾਂ ਦੀਆਂ ਲੱਕੜਾਂ ਦਾ ਅਸੀਂ ਬਾਲਣ ਬਣਾਉਂਦੇ ਹਾਂ, ਜਿਨ੍ਹਾਂ ਦੇ ਟਾਹਣਿਆਂ ਨਾਲ ਕੁੜੀਆਂ ਪੀਂਘਾਂ ਪਾ ਕੇ ਝੂਟਦੀਆਂ ਨੇ ਤੇ ਅੱਜ ਮਨੁੱਖ ਉਨ੍ਹਾਂ ਦਾ ਹੀ ਵੈਰੀ ਹੋ ਗਿਆ ਹੈ। ਉਨ੍ਹਾਂ ਨੂੰ ਥਾਂ-ਥਾਂ ਵੱਢ ਰਿਹਾ ਹੈ। ਕਿਤੇ ਰੁੱਖਾਂ ਨੂੰ ਵੱਢ ਕੇ ਸੜਕਾਂ ਚੌੜੀਆਂ ਹੋ ਰਹੀਆਂ, ਕਿਤੇ ਫੈਕਟਰੀਆਂ ਬਣ ਰਹੀਆਂ ਨੇ।' 'ਫਤਹਿ ਪੁੱਤ ਕੀ ਦੱਸਾਂ ਤੈਨੂੰ? ਹੁਣ ਤਾਂ ਸਾਹ ਲੈਣਾ ਵੀ ਔਖਾ ਹੋਇਆ ਪਿਆ ਏ। ਥਾਂ-ਥਾਂ ਪ੍ਰਦੂਸ਼ਣ ਫੈਲਿਆ ਹੋਣ ਕਰਕੇ ਹਵਾਵਾਂ ਵੀ ਪ੍ਰਦੂਸ਼ਿਤ ਹੋ ਗਈਆਂ ਨੇ। ਉੱਤੋਂ ਆਹ ਗੰਧਲੇ ਪਾਣੀ? ਲੋਕਾਂ ਨੇ ਕੂੜਾ ਸੁੱਟ-ਸੁੱਟ ਕੇ ਪਾਣੀ ਵੀ ਗੰਧਲੇ ਕਰ ਦਿੱਤੇ ਨੇ। ਤਾਂ ਹੀ ਤਾਂ ਬਿਮਾਰੀਆਂ ਵਧ ਰਹੀਆਂ ਹਨ। ਸਭ ਕੁਝ ਦਿਨੋ-ਦਿਨ ਖਤਮ ਹੁੰਦਾ ਜਾ ਰਿਹਾ ਹੈ। ਫਤਹਿ ਪੁੱਤ ਮੇਰੀ ਉਮਰ ਤਾਂ ਹੁਣ ਸਾਥ ਨਹੀਂ ਦਿੰਦੀ।

**ਲੇਖਕ : ਧੰਜਲ ਜ਼ੀਰਾ, ਮੋਬਾ: 98885-02020**




ਇਕ ਵਾਰੀ ਪੰਛੀਆਂ ਦੇ ਸਕੂਲ ਵਿਚ ਹੁਨਰ ਨੂੰ ਉਭਾਰਨ ਲਈ ਖੁੱਲ੍ਹੀ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ। ਸਾਰੇ ਪੰਛੀਆਂ ਨੇ ਕੁਝ ਨਾ ਕੁਝ ਕਰਕੇ ਵਿਖਾਉਣਾ ਸੀ। ਸਾਰੇ ਪੰਛੀ ਜ਼ੋਰ-ਸ਼ੋਰ ਨਾਲ ਤਿਆਰੀ ਕਰਨ ਵਿਚ ਲੱਗ ਗਏ। ਇਕ ਨਿੱਕੀ ਕੋਇਲ ਨੂੰ ਗਾਉਣ ਦਾ ਬਹੁਤ ਸ਼ੌਕ ਸੀ ਪਰ ਉਹ ਸਭ ਦੇ ਸਾਹਮਣੇ ਆਉਣ ਤੋਂ ਸ਼ਰਮਾਉਂਦੀ ਸੀ। ਉਹ ਉਤਸ਼ਾਹਤ ਤਾਂ ਸੀ ਪਰ ਅੰਦਰੋਂ ਡਰਦੀ ਸੀ। ਉਸ ਨੇ ਘਰ ਜਾ ਕੇ ਆਪਣੀ ਮੰਮੀ ਨੂੰ ਸਾਰੀ ਗੱਲ ਦੱਸੀ ਅਤੇ ਕਹਿਣ ਲੱਗੀ, 'ਮੈਂ ਤਾਂ ਨਿੱਕੀ ਜਿਹੀ ਹਾਂ, ਸਾਰੇ ਮੇਰੇ ਉੱਤੇ ਹੱਸਣਗੇ। ਮੇਰਾ ਤਾਂ ਰੰਗ ਵੀ ਕਾਲਾ ਹੈ।' ਇਹ ਕਹਿ ਕੇ ਉਹ ਰੋਣ ਲੱਗ ਪਈ। 'ਨਹੀਂ ਬੇਟਾ, ਆਪਣੇ-ਆਪ ਉੱਤੇ ਵਿਸ਼ਵਾਸ ਰੱਖੋ। ਤੁਸੀਂ ਕੁਝ ਵੀ ਕਰ ਸਕਦੇ ਹੋ। ਪੂਰੀ ਤਿਆਰੀ ਕਰਕੇ ਪ੍ਰਤੀਯੋਗਤਾ ਵਿਚ ਹਿੱਸਾ ਲਵੋ, ਤੁਸੀਂ ਜ਼ਰੂਰ ਜਿੱਤੋਗੇ।' ਮੰਮੀ ਨੇ ਕਿਹਾ।

ਅਗਲੇ ਦਿਨ ਕੋਇਲ ਨੇ ਸਕੂਲ ਵਿਚ ਪੂਰੇ ਵਿਸ਼ਵਾਸ ਨਾਲ ਗਾਇਆ। ਉਸ ਦਾ ਗਾਣਾ ਸਭ ਨੂੰ ਬਹੁਤ ਪਸੰਦ ਆਇਆ ਅਤੇ ਉਹ ਪਹਿਲਾ ਇਨਾਮ ਜਿੱਤ ਗਈ। ਉਸ ਦਿਨ ਤੋਂ ਬਾਅਦ ਕੋਇਲ ਕਦੇ ਵੀ ਨਾ ਡਰੀ ਅਤੇ ਸਭ ਦੇ ਸਾਹਮਣੇ ਸ਼ਰਮਾਉਣ ਤੋਂ ਹਟ ਗਈ। ਹੁਣ ਉਸ ਵਿਚ ਆਤਮਵਿਸ਼ਵਾਸ ਭਰ ਗਿਆ।

ਬੱਚਿਓ, ਪਰਮਾਤਮਾ ਨੇ ਹਰ ਜੀਵ ਨੂੰ ਆਪਣੇ-ਆਪ ਵਿਚ ਸੰਪੂਰਨ ਬਣਾਇਆ ਹੈ। ਦੂਜਿਆਂ ਨਾਲ ਨਕਾਰਾਤਮਿਕ ਤੁਲਨਾ ਕਦੇ ਨਾ ਕਰੋ। ਆਪਣੀ ਮਿਹਨਤ ਉੱਤੇ ਵਿਸ਼ਵਾਸ ਕਰਦੇ ਹੋਏ ਅੱਗੇ ਵਧਦੇ ਜਾਓ, ਤਾਂ ਹੀ ਸਫਲਤਾ ਮਿਲਦੀ ਹੈ।

**- ਨਰਿੰਦਰ ਪਾਲ ਕੌਰ**
**ਗੁਰੂ ਨਾਨਕ ਨਗਰ, ਪਟਿਆਲਾ**

# ਕੀ ਤੁਸੀਂ ਮਨੁੱਖੀ ਸਰੀਰ ਬਾਰੇ ਇਹ ਗੱਲਾਂ ਜਾਣਦੇ ਹੋ ?



- ਮਨੁੱਖ ਦੀ ਖੋਪੜੀ ਵਿਚ 29 ਹੱਡੀਆਂ ਹੁੰਦੀਆਂ ਹਨ।
- ਮਨੁੱਖੀ ਦਿਲ ਔਸਤਨ ਜੀਵਨ ਵਿਚ 182 ਮਿਲੀਅਨ ਲਿਟਰ ਖ਼ੂਨ ਦਾ ਸੰਚਾਲਨ ਕਰਦਾ ਹੈ।
- ਮਨੁੱਖ ਦੇ ਪੇਟ ਵਿਚ ਬਣਦਾ ਤੇਜ਼ਾਬ ਏਨਾ ਤੇਜ਼ ਹੁੰਦਾ ਹੈ ਕਿ ਇਸ ਵਿਚ ਰੇਜ਼ਰ ਬਲੇਡ ਵੀ ਘੁਲ ਸਕਦਾ ਹੈ।
- ਮਨੁੱਖੀ ਦਿਮਾਗ ਪੂਰੇ ਸਰੀਰ ਦੀ 20 ਫੀਸਦੀ ਆਕਸੀਜਨ ਅਤੇ ਊਰਜਾ ਵਰਤਦਾ ਹੈ।
- ਮਨੁੱਖੀ ਦਿਮਾਗ 'ਚ 80 ਫੀਸਦੀ ਪਾਣੀ ਹੁੰਦਾ ਹੈ।
- ਮਨੁੱਖ ਦੇ ਕੰਨ ਅਤੇ ਨੱਕ ਹਮੇਸ਼ਾ ਵਧਦੇ ਰਹਿੰਦੇ ਹਨ।
- ਜਿਵੇਂ ਹਰੇਕ ਵਿਅਕਤੀ ਦੇ ਉਂਗਲਾਂ ਦੇ ਵਿਲੱਖਣ ਨਿਸ਼ਾਨ ਹੁੰਦੇ ਹਨ, ਉਸੇ ਤਰ੍ਹਾਂ ਹਰ ਵਿਅਕਤੀ ਦੇ ਜੀਭ ਦੇ ਨਿਸ਼ਾਨ ਵੀ ਵਿਲੱਖਣ ਹੁੰਦੇ ਹਨ।
- ਮਨੁੱਖੀ ਅੱਖ 10 ਮਿਲੀਅਨ ਵੱਖ-ਵੱਖ ਰੰਗਾਂ ਵਿਚ ਫਰਕ ਕਰ ਸਕਦੀ ਹੈ।
- ਨਵਜਾਤ ਬੱਚੇ ਨੂੰ ਸਿਰਫ ਕਾਲਾ ਤੇ ਸਫੈਦ ਰੰਗ ਹੀ ਦਿਖਾਈ ਦਿੰਦਾ ਹੈ।
- ਅੱਖ ਦਾ ਕੋਰਨੀਆ ਸਰੀਰ ਦਾ ਅਜਿਹਾ ਹਿੱਸਾ ਹੈ, ਜਿਸ ਵਿਚ ਖ਼ੂਨ ਦਾ ਦੌਰਾ ਨਹੀਂ ਹੁੰਦਾ। ਕੋਰਨੀਆ ਨੂੰ ਆਕਸੀਜਨ ਸਿੱਧੀ ਹਵਾ ਵਿਚੋਂ ਮਿਲਦੀ ਹੈ।


# ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।

**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।


## ਰਸਤਾ ਲੱਭੋ



## ਬਿੰਦੂ ਮਿਲਾਓ






ਲੇਖਕ : ਡਾ. ਬਿਕਰਮਜੀਤ ਪੁਰਬਾ

ਨਵੀਂ ਸੋਚ ਮਨੁੱਖ ਨੂੰ ਬਹੁਤ ਉੱਪਰ ਤੱਕ ਲੈ ਕੇ ਜਾ ਸਕਦੀ ਹੈ। ਨਵੇਂ ਸਾਲ ਵਿੱਚ ਸਾਨੂੰ ਨਵੇਂ ਮੌਕੇ ਅਤੇ ਨਵੀਂ ਪ੍ਰੇਰਨਾ ਮਿਲਦੀ ਹੈ, ਜਿਸ ਦੇ ਹੌਸਲੇ ਸਦਕਾ ਤੁਸੀਂ ਅੱਗੇ ਵਧ ਸਕਦੇ ਹੋ। ਨਵੇਂ ਸਾਲ ਵਿੱਚ ਜੋ ਤੁਸੀਂ ਸੁਪਨੇ ਸੋਚੇ ਹਨ ਉਨ੍ਹਾਂ ਨੂੰ ਤੁਸੀਂ ਇਸ ਸਾਲ ਵਿੱਚ ਪੂਰੇ ਕਰ ਸਕਦੇ ਹੋ। ਵਿਅਕਤੀ ਜੇਕਰ ਸੋਚ ਲਵੇ ਕਿ ਮੈਂ ਇਹ ਮੁਕਾਮ ਹਾਸਲ ਕਰਨਾ ਹੈ ਤਾਂ ਪੂਰੀ ਕਾਇਨਾਤ ਵੀ ਉਸ ਦਾ ਸਾਥ ਦੇਣ ਲੱਗਦੀ ਹੈ। ਨਵਾਂ ਸਾਲ ਨਾ ਸਿਰਫ਼ ਇੱਕ ਨਵੀਂ ਸ਼ੁਰੂਆਤ ਹੈ ਬਲਕਿ ਇਹ ਸਾਨੂੰ ਅੱਗੇ ਵਧਣ ਤੇ ਹਰ ਰੋਜ਼ ਕੁੱਝ ਨਵਾਂ ਸਿਖਣ ਦੀ ਪ੍ਰੇਰਨਾ ਵੀ ਦਿੰਦਾ ਹੈ। ਪਿਛਲੇ ਸਾਲ ਅਸੀਂ ਜੋ ਵੀ ਕੀਤਾ, ਜੋ ਕੁਝ ਸਿੱਖਿਆ, ਸਫਲ ਹੋਏ ਜਾਂ ਅਸਫਲ ਰਹੇ, ਉਸ ਨੂੰ ਛੱਡ ਕੇ ਇਹ ਨਵਾਂ ਸਾਲ ਸਾਨੂੰ ਨਵੀਂ ਉਮੀਦ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ।

ਨਵੇਂ ਸਾਲ ਦੀ ਆਮਦ 'ਤੇ ਜੋ ਤੁਹਾਡੇ ਸੁਪਨੇ ਹਨ ਉਨ੍ਹਾਂ ਬਾਰੇ ਸੋਚੋ ਕਿ ਇਹ ਕਿਵੇਂ ਪੂਰੇ ਕੀਤੇ ਜਾ ਸਕਦੇ ਹਨ ਜਾਂ ਇਨ੍ਹਾਂ ਨੂੰ ਪੂਰੇ ਕਰਨ ਲਈ ਸਾਨੂੰ ਕਿਹੜੀ ਊਰਜਾ ਦੀ ਲੋੜ ਹੈ। ਇਹ ਊਰਜਾ ਸਾਨੂੰ ਕਿੱਥੋਂ ਮਿਲ ਸਕਦੀ ਹੈ। ਇਹ ਸ਼ਕਤੀ ਸਾਨੂੰ ਸਾਡੀਆਂ ਮਹਾਨ ਸ਼ਖ਼ਸੀਅਤਾਂ ਨਾਲ ਰਹਿ ਕੇ ਜਾਂ ਉਨ੍ਹਾਂ ਦੇ ਵਿਚਾਰ ਸੁਣ ਕੇ ਮਿਲ ਸਕਦੀ ਹੈ। ਸਾਡੇ ਜੋ ਮਾਰਗਦਰਸ਼ਕ ਹਨ ਉਨ੍ਹਾਂ ਦੇ ਦਿਖਾਏ ਰਾਹਾਂ 'ਤੇ ਚੱਲ ਕੇ ਸਾਡੇ ਸੁਪਨੇ ਪੂਰੇ ਕੀਤੇ ਜਾ ਸਕਦੇ ਹਨ।

ਸੁਪਨੇ ਦੇਖਣ ਦਾ ਸਭ ਨੂੰ ਹੱਕ ਹੈ, ਪਰ ਇਹ ਪੂਰੇ ਕਿਵੇਂ ਕਰਨੇ ਹਨ, ਸਿਰਫ਼ ਉੱਧਰ ਧਿਆਨ ਦੇਣ ਦੀ ਜ਼ਰੂਰਤ ਹੈ। ਮਨੁੱਖ ਆਪਣੀ ਜ਼ਿੰਦਗੀ ਵਿੱਚ ਵੱਖ-ਵੱਖ ਸੁਪਨੇ ਵੇਖਦਾ ਹੈ। ਕੋਈ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਬਣਨਾ ਚਾਹੁੰਦਾ ਹੈ ਤੇ ਕਿਸੇ ਦਾ ਸੁਪਨਾ ਕਿਸੇ ਉਦੇਸ਼ ਦੀ ਪ੍ਰਾਪਤੀ ਹੁੰਦਾ ਹੈ। ਸੁਪਨੇ ਮਨੁੱਖ ਦੇ ਜੀਵਨ ਨੂੰ ਸੰਪੂਰਨ ਬਣਾਉਂਦੇ ਹਨ। ਦੁਨੀਆ ਦੇ ਹਰ ਕੰਮ ਦੀ ਸ਼ੁਰੂਆਤ ਮਨੁੱਖੀ ਦਿਮਾਗ਼ ਦੀ ਦੇਣ ਹੈ। ਪਹਿਲਾਂ ਕੋਈ ਵਿਚਾਰ ਦਿਮਾਗ਼ ਦਾ ਹਿੱਸਾ ਬਣਦਾ ਹੈ, ਫਿਰ ਉਸ ਨੂੰ ਸਾਕਾਰ ਕਰਨ ਲਈ ਯੋਜਨਾ ਬਣਾਉਣੀ ਪੈਂਦੀ ਹੈ। ਕਿਹਾ ਜਾਂਦਾ ਹੈ ਕਿ ਸੁਪਨੇ ਉਹ ਹੀ ਸਾਕਾਰ ਹੁੰਦੇ ਹਨ ਜੋ ਖੁੱਲ੍ਹੀਆਂ ਅੱਖਾਂ ਨਾਲ ਦੇਖੇ ਜਾਂਦੇ ਹਨ। ਇਸ ਦਾ ਅਰਥ ਇਹ ਹੈ ਕਿ ਸੁੱਤਾ ਰਹਿਣ ਵਾਲਾ ਵਿਅਕਤੀ ਜ਼ਿੰਦਗੀ ਵਿੱਚ ਉਨ੍ਹਾਂ ਸੁਪਨਿਆਂ ਨੂੰ ਸਿਰਫ਼ ਨੀਂਦ ਦੀ ਆਗੋਸ਼ ਵਿੱਚ ਹੀ ਮਹਿਸੂਸ ਕਰਦਾ ਹੈ। ਜਦਕਿ ਜਾਗਣ ਵਾਲਾ ਆਪਣੀ ਸਖ਼ਤ ਮਿਹਨਤ ਅਤੇ ਦ੍ਰਿੜ ਨਿਸ਼ਚੇ ਸਦਕਾ ਉਨ੍ਹਾਂ ਸੁਪਨਿਆਂ ਨੂੰ ਮੂਰਤ ਰੂਪ ਪ੍ਰਦਾਨ ਕਰਦਾ ਹੈ।

ਸੁਪਨਿਆਂ ਦੀ ਉਡਾਣ ਮਨੁੱਖ ਨੂੰ ਦਿਨ-ਰਾਤ ਪ੍ਰੇਰਿਤ ਕਰਦੀ ਹੈ, ਉਸ ਉਚਾਈ 'ਤੇ ਪਹੁੰਚਣ ਦੀ ਜੋ ਉਹ ਪ੍ਰਾਪਤ ਕਰਨਾ ਚਾਹੁੰਦਾ ਹੈ। ਇਨ੍ਹਾਂ ਨੂੰ ਸਾਕਾਰ ਕਰਨ ਲਈ ਸਕਾਰਾਤਮਕ ਲੋਕਾਂ ਨਾਲ ਰਹਿਣ ਦੀ ਲੋੜ ਹੈ। ਇਹ ਲੋਕ ਤੁਹਾਨੂੰ ਸਹੀ ਰਸਤਾ ਦਿਖਾਉਣ ਅਤੇ ਤੁਹਾਨੂੰ ਪ੍ਰੇਰਿਤ ਕਰਦੇ ਰਹਿਣਗੇ। ਸਕਾਰਾਤਮਕ ਸੋਚ ਵਾਲੇ ਦੋਸਤ ਮਿੱਤਰ, ਰਿਸ਼ਤੇਦਾਰ ਜਾਂ ਪਰਿਵਾਰਕ ਮੈਂਬਰ ਤੁਹਾਡੇ ਸੁਪਨਿਆਂ ਨੂੰ ਸਾਕਾਰ ਰੂਪ ਦੇਣ ਵਿੱਚ ਅਪ੍ਰਤੱਖ ਜਾਂ ਪ੍ਰਤੱਖ ਰੂਪ ਵਿੱਚ ਸਹਾਈ ਹੁੰਦੇ ਹਨ। ਉਹ ਤੁਹਾਡੀ ਹਰ ਛੋਟੀ ਸਫਲਤਾ 'ਤੇ ਤੁਹਾਡਾ ਉਤਸ਼ਾਹ ਵਧਾਉਂਦੇ ਹਨ ਅਤੇ ਹਰ ਅਸਫਲਤਾ 'ਤੇ ਤੁਹਾਡੀ ਸਹਾਇਤਾ ਕਰਦੇ ਹਨ ਤਾਂ ਜੋ ਤੁਸੀਂ ਨਿਰਾਸ਼ ਨਾ ਹੋ ਜਾਵੋ। ਆਤਮ-ਵਿਸ਼ਵਾਸ ਅਤੇ ਲਗਨ ਨਾਲ ਅਸੰਭਵ ਵੀ ਸੰਭਵ ਹੋ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰੁਕਾਵਟਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਬਾਰ-ਬਾਰ ਕਰਨਾ ਪੈਂਦਾ ਹੈ, ਪਰ ਅਸਲ ਵਿੱਚ ਜਿੱਤ ਦਾ ਤਾਜ ਵੀ ਉਸ ਦੇ ਸਿਰ ਹੀ ਸਜਦਾ ਹੈ ਜੋ ਮੁਸ਼ਕਲਾਂ ਤੋਂ ਘਬਰਾਉਂਦਾ ਨਹੀਂ, ਬਲਕਿ ਅਸਫਲਤਾ ਨੂੰ ਆਪਣੀ ਸਕਾਰਾਤਮਕ ਸੋਚ ਸਦਕਾ ਇੱਕ ਹੋਰ ਮੌਕੇ ਦੀ ਭਾਲ ਦੇ ਰੂਪ ਵਿੱਚ ਹੀ ਦੇਖਦਾ ਹੈ। ਕਹਿੰਦੇ ਹਨ ਕਿ ਇੱਕ ਵਾਰ ਕਿਸੇ ਨੇ ਥਾਮਸ ਐਡੀਸਨ ਨੂੰ ਪੁੱਛਿਆ ਕਿ ਉਸ ਨੂੰ ਨਿਰਾਸ਼ਾ ਨਹੀਂ ਹੋਈ ਕਿਉਂਕਿ ਉਹ 10000 ਵਾਰ ਅਸਫਲ ਰਹਿਣ ਤੋਂ ਬਾਅਦ ਬਲਬ ਬਣਾ ਸਕਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਨਹੀਂ ਸਗੋਂ ਮੈਨੂੰ ਇਹ ਪਤਾ ਲੱਗਿਆ ਕਿ 10000 ਤਰੀਕੇ ਅਜਿਹੇ ਹਨ ਜਿਨ੍ਹਾਂ ਨਾਲ ਇਹ ਨਹੀਂ ਬਣ ਸਕਦਾ। ਉਨ੍ਹਾਂ ਦਾ ਆਤਮ-ਵਿਸ਼ਵਾਸ ਅਤੇ ਸਕਾਰਾਤਮਕ ਸੋਚ ਹੀ ਉਨ੍ਹਾਂ ਨੂੰ ਸਫਲ ਬਣਾ ਸਕੀ। ਜੇ ਕੋਈ ਮਨੁੱਖ ਨਿਰਾਸ਼ਾ ਦੇ ਹਨੇਰੇ ਵਿੱਚ ਡੁੱਬ ਜਾਵੇ ਤਾਂ ਉਹ ਕਦੇ ਵੀ ਸਫਲਤਾ ਦਾ ਸੁਆਦ ਨਹੀਂ ਲੈ ਸਕੇਗਾ।

ਮਨੁੱਖ ਦੀ ਇਕਾਗਰਤਾ ਤੁਹਾਨੂੰ ਸਫਲ ਇਨਸਾਨ ਬਣਾਉਂਦੀ ਹੈ। ਇਕਾਗਰਤਾ ਸੁਪਨਿਆਂ ਦੀ ਉਡਾਣ ਨੂੰ ਹੋਰ ਉੱਚਾ ਚੁੱਕਦੀ ਹੈ। ਜਦੋਂ ਤੁਹਾਡਾ ਮਨ ਆਪਣੇ ਉਦੇਸ਼ ਦੀ ਪੂਰਤੀ ਹਿੱਤ ਇਕਾਗਰ ਹੋ ਜਾਂਦਾ ਹੈ ਤਾਂ ਸਫਲ ਹੋਣ ਦੀਆਂ ਸੰਭਾਵਨਾਵਾਂ ਹੋਰ ਵਧ ਜਾਂਦੀਆਂ ਹਨ। ਇਸ ਲਈ ਪਹਿਲਾਂ ਛੋਟੇ-ਛੋਟੇ ਟੀਚੇ ਨਿਸ਼ਚਿਤ ਕਰਦੇ ਹੋਏ ਇਨ੍ਹਾਂ ਪੜਾਵਾਂ ਨੂੰ ਪਾਰ ਕਰਦੇ ਜਾਓ। ਇੱਕ ਦਿਨ ਆਪਣੀ ਮੰਜ਼ਿਲ 'ਤੇ ਜ਼ਰੂਰ ਪਹੁੰਚ ਜਾਓਗੇ। ਅੰਗਰੇਜ਼ੀ ਕੈਲੰਡਰ ਅਨੁਸਾਰ ਪਹਿਲੀ ਜਨਵਰੀ ਨੂੰ ਨਵੇਂ ਸਾਲ ਦੀ ਸ਼ੁਰੂਆਤ ਹੁੰਦੀ ਹੈ। ਇਸ ਲਈ ਇਸ ਦਿਨ ਨੂੰ ਪੂਰੇ ਵਿਸ਼ਵ 'ਚ ਤਿਉਹਾਰ ਵਾਂਗ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਨਵਾਂ ਸਾਲ ਸਾਨੂੰ ਨਵੀਆਂ ਉਮੀਦਾਂ, ਨਵੇਂ ਸੁਪਨੇ, ਨਵੇਂ ਟੀਚੇ ਤੇ ਨਵੇਂ ਵਿਚਾਰ ਦਿੰਦਾ ਹੈ, ਇਸ ਲਈ ਅਸੀਂ ਨਵੇਂ ਸਾਲ ਦਾ ਸਵਾਗਤ ਬੜੇ ਉਤਸ਼ਾਹ ਅਤੇ ਖ਼ੁਸ਼ੀ ਨਾਲ ਕਰਦੇ ਹਾਂ। ਸਾਨੂੰ ਜ਼ਿੰਦਗੀ ਵਿੱਚ ਬੀਤੇ ਸਮੇਂ ਨੂੰ ਲੈ ਕੇ ਉਦਾਸ ਨਹੀਂ ਹੋਣਾ ਚਾਹੀਦਾ। ਜੋ ਬੀਤ ਗਿਆ ਹੈ ਉਸ ਬਾਰੇ ਸੋਚਣ ਦੀ ਬਜਾਏ ਆਉਣ ਵਾਲੇ ਮੌਕਿਆਂ ਦਾ ਸੁਆਗਤ ਕਰੋ ਤੇ ਉਨ੍ਹਾਂ ਦੁਆਰਾ ਜੀਵਨ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਆਓ! ਸਾਰੇ ਇਸ ਨਵੇਂ ਸਾਲ ਵਿੱਚ ਪਿਛਲੇ ਸਾਲ ਦੀਆਂ ਅਪਣੀਆਂ ਗ਼ਲਤੀਆਂ ਤੋਂ ਸਿੱਖਦੇ ਹੋਏ ਕੋਈ ਨਵਾਂ ਸੰਕਲਪ ਜਾਂ ਸਹੁੰ ਚੁੱਕੀਏ ਅਤੇ ਪੂਰੀ ਊਰਜਾ ਨਾਲ ਆਪਣੇ ਕੰਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੀਏ ਜਿਸ ਨਾਲ ਸਾਨੂੰ ਸਫਲਤਾ ਹਾਸਲ ਹੋਵੇ।

# ਹੱਸਦਿਆਂ ਦੇ ਘਰ ਵੱਸਦੇ

ਲੇਖਕ : ਪਿਆਰਾ ਸਿੰਘ ਗੁਰਨੇ ਕਲਾਂ
ਸੰਪਰਕ: 9956-21188

ਖ਼ੁਸ਼ੀਆਂ ਵਿੱਚ ਨਿਵੇਸ਼ ਕਰੋਗੇ ਤਾਂ ਹਾਸੇ ਫੁੱਟਣਗੇ। ਉੱਗਣਾ ਉਹੀ ਹੁੰਦਾ ਹੈ ਜੋ ਬੀਜੋਗੇ। ਦੁੱਖਾਂ ਵਿੱਚ ਨਿਵੇਸ਼ ਕਰਨ 'ਤੇ ਉੱਗਣਾ ਰੋਣੇ ਨੇ ਹੀ ਹੁੰਦਾ ਹੈ। ਖ਼ੁਸ਼ੀ ਦਾ ਸਬੰਧ ਜਿਊਣ ਨਾਲ ਹੁੰਦਾ ਹੈ ਤੇ ਰੋਣ ਦਾ ਸਬੰਧ ਮੌਤ ਨਾਲ। ਖ਼ੁਸ਼ ਰਹਿਣ ਨਾਲ ਜਿਊਣ ਦੇ ਸਾਲ ਵਧਦੇ ਹਨ। ਜ਼ਿੰਦਾਦਿਲੀ ਜਿਊਣ ਦੀ ਉਮਰ ਵਿੱਚ ਵਾਧਾ ਕਰਦੀ ਹੈ। ਜਿਹੋ ਜਿਹਾ ਔਰਾ ਆਪਣੇ ਆਲੇ ਦੁਆਲੇ ਸਿਰਜੋਗੇ ਉਹੀ ਔਰਾ ਆਲੇ ਦੁਆਲੇ ਬਣ ਜਾਣਾ ਹੈ। ਹਾਸਿਆਂ ਦਾ ਚੌਗਿਰਦਾ ਜ਼ਿੰਦਗੀ ਜ਼ਿੰਦਾਬਾਦ ਬਣਾ ਦਿੰਦਾ ਹੈ।

ਲਾਲਚ ਦੀ ਕੋਈ ਜੂਹ ਨਹੀਂ ਹੁੰਦੀ ਤੇ ਸਬਰ ਦਾ ਕੋਈ ਠਿਕਾਣਾ ਨਹੀਂ ਹੁੰਦਾ। ਸਬਰ ਪਾਣੀ ਦੇ ਤੁਪਕੇ 'ਤੇ ਵੀ ਆ ਸਕਦਾ ਹੈ ਤੇ ਲਾਲਚ ਦਾ ਰੱਜ ਸਮੁੰਦਰ ਡੀਕ ਲੈਣ 'ਤੇ ਵੀ ਨਹੀਂ ਆਉਂਦਾ। ਲਾਲਚ ਰੋਣ ਦੀ ਯਾਤਰਾ ਹੈ ਤੇ ਸਬਰ ਹਾਸਿਆਂ ਦਾ ਲੰਮੇਰਾ ਰਾਹ। ਚਮਕਦੀ ਦੁਨੀਆ ਲਾਲਚ ਦੀ ਅਣਬੁਝੀ ਤੇ ਧੁਖਦੀ ਅੱਗ ਹੈ। ਨਾ ਅੱਗ ਨੇ ਬੁਝਣਾ ਹੈ ਤੇ ਨਾ ਲਾਲਚ ਨੇ ਮੁੱਕਣਾ ਹੈ। ਸਬਰ- ਸੰਤੋਖ ਸੁੱਖ ਦਾ ਸਿੰਘਾਸਨ ਹੈ ਜਿਸ 'ਤੇ ਬੈਠਾ ਹਰ ਬੰਦਾ ਮਹਾਰਾਜਾ ਹੁੰਦਾ ਹੈ।

ਜ਼ਿੰਦਗੀ ਨਾਨ ਸਟਾਪ ਬਣੀ ਪਈ ਹੈ। ਧੀਰਜ, ਠਰ੍ਹੰਮਾ ਤੇ ਠਹਿਰਾਅ ਇਹਦੀਆਂ ਰੁਕਣਗਾਹਾਂ ਨਹੀਂ ਰਹੀਆਂ। ਇੱਕ ਖ਼ੁਸ਼ੀ ਇਹਦੀ ਸੰਤੁਸ਼ਟੀ ਨਹੀਂ ਬਣਦੀ। ਮਨੁੱਖ ਖ਼ੁਸ਼ੀਆਂ ਦੀ ਪ੍ਰਾਪਤੀ ਦੇ ਰਾਹ ਦਾ ਲੰਮੇਰਾ ਪਾਂਧੀ ਬਣ ਗਿਆ ਹੈ। ਨਤੀਜਾ ਜ਼ਿੰਦਗੀ ਆਰਾਮ ਤੇ ਸੁੱਖ ਦੀ ਕਤਲਗਾਹ ਬਣਦੀ ਜਾ ਰਹੀ ਹੈ। ਖ਼ੁਸ਼ੀ ਇੱਕ ਹੋਣ ਵਿੱਚ ਹੈ ਨਾ ਕਿ ਖਿੰਡਾਅ ਵਿੱਚ। ਖਿੰਡੇ ਪੰਧ ਤੇ ਖਿੰਡੇ ਮਨ ਨਾਲ ਕਦੇ ਨਿਸ਼ਾਨਾ ਨਹੀਂ ਲਗਾਇਆ ਜਾ ਸਕਦਾ। ਇਕਾਗਰਤਾ ਦੁੱਖਾਂ ਦਾ ਅੰਤ ਬਿੰਦੂ ਹੁੰਦੀ ਹੈ।

ਜ਼ਿੰਦਗੀ ਛੋਟੇ ਛੋਟੇ ਅਹਿਸਾਸਾਂ ਦਾ ਜੋੜ ਹੁੰਦੀ ਹੈ। ਇਹੀ ਅਹਿਸਾਸ ਜ਼ਿੰਦਗੀ ਦੀ ਲੋਅ ਨੂੰ ਮੱਠਾ ਮੱਠਾ ਮਘਦਾ ਰੱਖਦੇ ਹਨ। ਅਹਿਸਾਸ ਕਦੇ ਤੋੜਦੇ ਨੇ ਕਦੇ ਜੋੜਦੇ ਨੇ, ਕਦੇ ਖਿਲਾਰਦੇ ਨੇ, ਕਦੇ ਸਮੇਟਦੇ ਨੇ, ਕਦੇ ਗੁਣਾ ਹੁੰਦੇ ਹਨ ਤੇ ਕਦੇ ਵੰਡੇ ਜਾਂਦੇ ਹਨ। ਇਨ੍ਹਾਂ ਵਿੱਚ ਵਹਿੰਦੀ ਜ਼ਿੰਦਗੀ ਸ਼ਾਨਦਾਰ ਰੂਪ ਧਾਰਨ ਕਰ ਲੈਂਦੀ ਹੈ। ਬਚਪਨ ਵਿੱਚ ਤਿਤਲੀਆਂ ਫੜਨਾ ਬਹੁਤ ਵੱਡਾ ਅਹਿਸਾਸ ਹੈ। ਵੱਡੇ ਹੋ ਕੇ ਵੀ ਖ਼ਿਆਲੀ ਤਿਤਲੀਆਂ ਫੜਨਾ ਖ਼ੁਸ਼ੀ ਦਾ ਵੱਡਾ ਸੋਮਾ ਬਣ ਸਕਦਾ ਹੈ। ਅਹਿਸਾਸਾਂ ਨੂੰ ਜਿਊਂਦੇ ਰੱਖੋਗੇ ਤਾਂ ਤੁਸੀਂ ਫੁੱਲਾਂ ਵਾਂਗ ਖਿੜੇ ਰਹੋਗੇ।

ਨਿੱਕੇ-ਨਿੱਕੇ ਰੋਸੇ ਜ਼ਿੰਦਗੀ ਨੂੰ ਮੱਠਾ ਮੱਠਾ ਮਘਾਈ ਰੱਖਦੇ ਹਨ। ਰੁੱਸਣ ਦਾ ਹੱਕ ਉਹਨੂੰ ਹੈ ਜਿਹਨੂੰ ਮੰਨ ਜਾਣ ਦਾ ਹੁਨਰ ਆਉਂਦਾ ਹੈ। ਰਿਸ਼ਤਿਆਂ ਵਿਚਲੇ ਵੱਡੇ- ਵੱਡੇ ਰੋਸੇ ਜ਼ਿੰਦਗੀ ਨੂੰ ਦੋਜਖ਼ ਬਣਾ ਦਿੰਦੇ ਹਨ। ਜ਼ਿੰਦਗੀ ਰੇਗਣ ਲੱਗਦੀ ਹੈ। ਘਰ ਹਾਸਿਆਂ ਤੋਂ ਵਿਰਵੇ ਹੋ ਜਾਂਦੇ ਹਨ। ਘਰ ਹੱਸਣਾ ਭੁੱਲ ਜਾਂਦੇ ਹਨ। ਹਰ ਬੰਦੇ ਦੀ ਇੱਕ ਸਲਤਨਤ ਹੁੰਦੀ ਹੈ ਤੇ ਉਹ ਉਸ ਸਲਤਨਤ ਦਾ ਮਹਾਰਾਜਾ। ਇਸ ਸਲਤਨਤ 'ਤੇ ਮਾਣ ਕਰਨਾ ਖ਼ੁਸ਼ੀਆਂ ਦਾ ਸਿੱਧਾ ਰਾਹ ਹੈ। ਕਿਸੇ ਦੀ ਵੱਡੀ ਸਲਤਨਤ ਵੱਲ ਝਾਕ ਕੇ ਆਪਣੇ ਰਾਜ ਨੂੰ ਛੋਟਾ ਨਾ ਕਰੋ। ਤੁਹਾਡਾ ਆਪਣਾ ਦਾਇਰਾ ਤੇ ਆਪਣੀ ਸਮਰੱਥਾ ਹੈ। ਦੂਜਿਆਂ ਦੀ ਸਲਤਨਤ ਵਿੱਚ ਬੇਵਜਾ ਵੱਜਣ ਦੀ ਲੋੜ ਨਹੀਂ ਤੇ ਆਪਣੀ ਸਲਤਨਤ ਵਿੱਚ ਬਿਨਾਂ ਵਜ੍ਹਾ ਪ੍ਰਵੇਸ਼ 'ਤੇ ਪਾਬੰਦੀ ਲਾ ਦਿਓ। ਖ਼ੁਦ ਦੀ ਸਲਤਨਤ 'ਤੇ ਮਾਣ ਕਰਨਾ ਤੁਹਾਡੇ ਲਈ ਸਿੱਧਾ ਹਾਸਿਆਂ ਦੀ ਖੇਤੀ ਹੈ।

ਹਵਾ ਨਾਲ ਰੁੱਸਣਾ ਬੰਦ ਕਰੋ। ਪੱਤਿਆਂ ਨੇ ਕੁਦਰਤ ਦੇ ਨਿਯਮਾਂ ਮੁਤਾਬਿਕ ਹਿੱਲਣਾ ਹੈ, ਤੁਹਾਨੂੰ ਕੀ ਇਤਰਾਜ਼ ਹੈ? ਲਹਿਰਾਂ ਨੇ ਸਮੁੰਦਰ ਦੀ ਹਿੱਕ 'ਤੇ ਨੱਚ ਕੇ ਸ਼ੋਰ ਮਚਾਉਣਾ ਹੈ, ਤੁਹਾਨੂੰ ਕੀ ਈਰਖਾ ਹੈ? ਹਰ ਸ਼ਹਿ ਦੀ ਆਪਣੀ ਆਜ਼ਾਦੀ ਹੈ ਤੇ ਆਪਣੀ ਚਾਲ। ਤੁਹਾਡੀ ਆਪਣੀ ਮਸਤੀ ਤੇ ਮੌਜ ਹੈ। ਆਪਣੀ ਮੌਜ ਨੂੰ ਬਿਨਾਂ ਵਜ੍ਹਾ ਦੂਜਿਆਂ ਦੀ ਮਸਤੀ ਨਾਲ ਨਾ ਟਕਰਾਉਣ ਦਿਓ। ਦੁੱਖਾਂ ਦਾ ਮਾਈਨਸ ਹੋਣਾ ਹਾਸਿਆਂ ਦਾ ਜੋੜ ਹੁੰਦਾ ਹੈ। ਹੋਸ਼ ਨਾਲੋਂ ਮਸਤੀ ਹਮੇਸ਼ਾ ਚੰਗੀ ਹੁੰਦੀ ਹੈ। ਬਹੁਤੀ ਸਿਆਣਪ ਬੰਦੇ ਨੂੰ ਉਂਗਲਾਂ ਤੋੜਨ ਲਗਾ ਦਿੰਦੀ ਹੈ। ਮਸਤ ਰਹਿ ਕੇ ਜਿਊਣਾ ਲੰਬੀ ਜ਼ਿੰਦਗੀ ਜਿਊਣ ਦਾ ਹੁਨਰ ਹੈ।

ਰਿਸ਼ਤੇ ਜ਼ਿੰਦਗੀ ਦੇ ਦੁੱਖ ਸੁੱਖ ਦਾ ਸੰਤੁਲਨ ਕਰਦੇ ਹਨ। ਰਿਸ਼ਤੇ ਨਿੱਘੇ ਹਨ ਤਾਂ ਘਰ ਹੱਸਦਾ ਹੈ। ਰਿਸ਼ਤੇ ਕੁੜੱਤਣ ਭਰੇ ਹੋਣ ਤਾਂ ਘਰ ਰੋਂਦਾ ਹੈ। ਹਰ ਰਿਸ਼ਤੇ ਦਾ ਇੱਕ ਵਿਲੱਖਣ ਰੋਲ ਹੁੰਦਾ ਹੈ। ਮੂੰਹ ਜਿਹਾ ਬਣਾ ਕੇ ਰਿਸ਼ਤੇ ਦਾ ਸਵਾਦ ਖ਼ਰਾਬ ਨਾ ਕਰਿਆ ਕਰੋ। ਹਰ ਇੱਕ ਨੂੰ ਮਿਲਦੇ ਸਮੇਂ ਚਿਹਰੇ 'ਤੇ ਮੁਸਕਰਾਹਟ ਪਹਿਨ ਲਿਆ ਕਰੋ। ਰਿਸ਼ਤਾ ਘਰ ਸਿਰਜਦਾ ਹੈ। ਜਿਹੜੇ ਘਰ ਕਲੇਸ਼ ਦੀ ਫੈਕਟਰੀ ਬਣ ਜਾਣ, ਉਸ ਘਰ ਦੇ ਹਾਸੇ, ਸੁੱਖ ਤੇ ਚੈਨ ਖੰਭ ਲਾ ਕੇ ਉੱਡ ਜਾਂਦੇ ਹਨ। ਬਰਕਤਾਂ ਉਸ ਘਰ ਤੋਂ ਮੁੱਖ ਮੋੜ ਲੈਂਦੀਆਂ ਹਨ। ਛੋਟੀਆਂ ਛੋਟੀਆਂ ਗੱਲਾਂ ਨੂੰ ਦਿਲ ਵਿੱਚ ਰਿੜਕੀ ਜਾਣਾ ਦਿਮਾਗ਼ ਦੀ ਬਿਮਾਰੀ ਹੈ। ਮਨ ਦੇ ਪਾਏ ਖਿਲਾਰੇ ਇਕੱਠੇ ਕਰਦਾ ਮਨੁੱਖ ਜ਼ਿੰਦਗੀ ਦਾ ਚੈਨ ਤੇ ਸੁੱਖ ਖੋ ਬੈਠਦਾ ਹੈ। ਸਮਝ ਇਹ ਹੋਵੇ ਕਿ ਕਿਹੜਾ ਖਿਲਾਰਾ ਹੂੰਝਿਆ ਜਾ ਸਕਦਾ ਹੈ। ਸੁੱਖ ਦੀਆਂ ਬਾਗਾਂ ਮਨੁੱਖ ਦੇ ਆਪਣੇ ਹੱਥ ਹੋਣੀਆਂ ਚਾਹੀਦੀਆਂ ਹਨ। ਮਨ ਤੇ ਦਿਮਾਗ਼ ਗੰਦ ਮੁਕਤ ਬਣਾ ਲਵੋ। ਦੁਨੀਆ ਦਾ ਸਭ ਤੋਂ ਵੱਡਾ ਗੰਦ ਇਨ੍ਹਾਂ ਦੋਵਾਂ ਅੰਦਰ ਇਕੱਠਾ ਹੁੰਦਾ ਹੈ। ਇਹ ਗੰਦ ਹਾਸਿਆਂ 'ਤੇ ਬੈਰੀਅਰ ਲਗਾ ਦਿੰਦਾ ਹੈ ਤੇ ਰੋਣ ਦੇ ਰਾਹ ਬਣਾ ਦਿੰਦਾ ਹੈ। ਮਨ ਦੇ ਹੱਸਣ ਨਾਲ ਸਾਰਾ ਜੱਗ ਠਹਾਕਾ ਮਾਰ ਕੇ ਹੱਸਦਾ ਹੈ। ਰੋਂਦੇ ਮਨ ਕਿਸੇ ਧਰਵਾਸ ਦੇ ਯੋਗ ਨਹੀਂ ਰਹਿੰਦੇ। ਹੱਸਦੇ ਮਨ ਦੀਆਂ ਉਡਾਰੀਆਂ ਦੀ ਦੂਰੀ ਅਸੀਮ ਹੁੰਦੀ ਹੈ। ਗੰਦ ਨਾਲ ਭਰੇ ਦਿਮਾਗ਼ ਤੇ ਮਨ ਵਿੱਚ ਹਾਸੇ ਲਈ ਥਾਂ ਨਹੀਂ ਬਚਦੀ।

ਦੁਨੀਆ ਦਾ ਸਭ ਤੋਂ ਵੱਡਾ ਆਨੰਦ ਕਿਰਤ ਦੇ ਨਿਭਾਅ ਵਿੱਚ ਹੈ। ਕਿਰਤ ਵਿਚਲੀ ਬੇਈਮਾਨੀ ਬੰਦੇ ਨੂੰ ਦੁਖੀ ਕਰਦੀ ਹੈ। ਜਿਹੜੀਆਂ ਕੌਮਾਂ ਕਿਰਤੀ ਹਨ ਉਨ੍ਹਾਂ ਦੇ ਹਾਸੇ ਦੇ ਸੂਚਕ ਦੀ ਉਚਾਈ ਬਹੁਤ ਜ਼ਿਆਦਾ ਹੁੰਦੀ ਹੈ। ਕਿਰਤੀ ਨਾ ਹੋਣਾ ਵਿਹਲਾ ਹੋਣਾ ਹੁੰਦਾ ਹੈ। ਵਿਹਲੜ ਮਨ ਨੇ ਸ਼ਰਾਰਤ ਕਰਕੇ ਦੁੱਖ ਸਿਰਜ ਹੀ ਲੈਣਾ ਹੈ। ਸਕੂਨ ਦਾ ਖੁਰਨਾ ਕਿਰਤ ਤੋਂ ਮੁਨਕਰ ਹੋਣ ਕਰਕੇ ਹੈ। ਤੁਹਾਡੀ ਸਮੱਸਿਆ ਤੁਹਾਡੀ ਸੋਚ ਦੇ ਹਾਣ ਦੀ ਹੁੰਦੀ ਹੈ। ਹੱਲ ਵੀ ਸਮੱਸਿਆ ਨੂੰ ਤੁਹਾਡੀ ਸੋਚ ਨੇ ਹੀ ਕਰਨਾ ਹੈ। ਦੂਸਰੇ ਦੀ ਸੋਚ ਸਲਾਹ ਹੁੰਦੀ ਹੈ, ਹੱਲ ਨਹੀਂ। ਸੋਚ ਦਾ ਬੰਦ ਹੋਣਾ ਦੁੱਖ ਦਾ ਪੈਦਾ ਹੋਣਾ ਹੁੰਦਾ ਹੈ। ਸੋਚ ਦੀ ਰੇਸ 'ਤੇ ਪੈਰ ਰੱਖ ਕੇ ਹਾਸਿਆਂ ਦੀ ਸਪੀਡ ਵਧਾਈ ਜਾ ਸਕਦੀ ਹੈ ਤੇ ਰੋਣ 'ਤੇ ਬਰੇਕਾਂ ਲਗਾਈਆਂ ਜਾ ਸਕਦੀਆਂ ਹਨ।

ਮਨੁੱਖ ਦੀ ਦੁਬਿਧਾ ਇਹ ਹੈ ਕਿ ਜੋ ਚੀਜ਼ ਅੰਦਰ ਹੈ ਉਹ ਉਹਨੂੰ ਬਾਹਰ ਲੱਭਦਾ ਹੈ। ਸਵਰਗ ਮਨੁੱਖ ਦੇ ਅੰਦਰ ਹੈ ਪਰ ਲੱਭ ਉਹ ਸਵਰਗ ਨੂੰ ਬਾਹਰ ਰਿਹਾ ਹੈ। ਨਤੀਜਾ ਜ਼ਿੰਦਗੀ ਦੁੱਖਾਂ ਦੀ ਸਲਤਨਤ ਬਣਦੀ ਜਾ ਰਹੀ ਹੈ। ਇਸੇ ਦੁਬਿਧਾ ਕਰਕੇ ਧਾਰਮਿਕ ਦੁਨੀਆ ਨੇ ਮਨੁੱਖ ਲਈ ਐਸੀ ਦੁਨੀਆ ਸਿਰਜ ਦਿੱਤੀ ਹੈ ਕਿ ਸੁੱਖ ਦੁੱਖ ਕਾਂਡਾਂ ਵਿੱਚ ਵੰਡੇ ਹੋਏ ਹਨ। ਅਗਲੇ ਜਨਮ ਦੇ ਸੁੱਖ ਵਿੱਚ ਮਨੁੱਖ ਦਾ ਇਹ ਜਨਮ ਦੁੱਖ ਕੁੰਡ ਬਣਦਾ ਜਾ ਰਿਹਾ ਹੈ। ਇਸੀ ਜਨਮ ਵਿੱਚ ਢੰਗ ਨਾਲ ਜੀ ਲਵੋ, ਅਗਲੇ ਜਨਮ ਤੋਂ ਟਿੰਡੀਆਂ ਲੈਣੀਆਂ ਹਨ। ਭਵਿੱਖ ਦੇ ਸੁੰਦਰ ਜੀਵਨ ਦੀ ਕਾਮਨਾ ਕਰਕੇ ਮਨੁੱਖ ਆਧੁਨਿਕ ਜੀਵਨ ਨੂੰ ਨਰਕ ਬਣਾ ਰਿਹਾ ਹੈ। ਜ਼ਿੰਦਗੀ ਨਰਕ ਸਵਰਗ ਦਾ ਨਹੀਂ, ਸੁੱਖ ਦੁੱਖ ਦਾ ਜੋੜ ਹੈ। ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਹਾਸਿਆਂ ਦੇ ਫਾਰਮੂਲੇ ਲਗਾਓ। ਰੋਣ ਦੇ ਫਾਰਮੂਲੇ ਜ਼ਿੰਦਗੀ ਲਈ ਨਰਕ ਹਨ। ਸੋ, ਆਓ ਹਾਸਿਆਂ 'ਤੇ ਜੋੜ ਤੇ ਗੁਣਾ ਦਾ ਫਾਰਮੂਲਾ ਲਗਾ ਕੇ ਜ਼ਿੰਦਗੀ ਨੂੰ ਸਕੂਨ ਨਾਲ ਭਰਪੂਰ ਬਣਾਈਏ ਅਤੇ ਰੋਣ 'ਤੇ ਘਟਾ ਤੇ ਵੰਡ ਦਾ ਫਾਰਮੂਲਾ ਲਗਾ ਕੇ ਜ਼ਿੰਦਗੀ 'ਚੋਂ ਰੋਣੇ ਨੂੰ ਮਨਫੀ ਕਰੀਏ।






# ਇੱਕ ਕੱਪ ਚਾਹ

ਕੀ ਤੁਹਾਨੂੰ ਵੀ ਲਗਦਾ ਹੈ ਕਿ ਚਾਹ ਨਾ ਪੀਣ ਨਾਲ ਤੁਸੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹੋ? ਚਾਹ 'ਤੇ ਕੀਤੀਆਂ ਗਈਆਂ ਇਹ ਵੱਖ-ਵੱਖ ਖੋਜਾਂ ਇਕ ਵਾਰ ਤੁਹਾਨੂੰ ਸੋਚਣ 'ਤੇ ਮਜਬੂਰ ਕਰ ਦੇਣਗੀਆਂ ਕਿ ਕੀ ਤੁਹਾਡਾ ਸੋਚਣਾ ਸਹੀ ਹੈ। ਇਹ ਸਾਰੀਆਂ ਖੋਜਾਂ ਦੱਸਦੀਆਂ ਹਨ ਕਿ ਜੇ ਹਰ ਰੋਜ਼ 3-4 ਕੱਪ ਚਾਹ ਦਾ ਸੇਵਨ ਕੀਤਾ ਜਾਵੇ ਤਾਂ ਸਿਹਤ ਨੂੰ ਕੋਈ ਵੀ ਨੁਕਸਾਨ ਨਹੀਂ ਹੁੰਦਾ। ਆਓ ਜਾਣਦੇ ਹਾਂ ਉਹ ਫਾਇਦੇ, ਜੋ ਚਾਹ ਪੀਣ ਨਾਲ ਮਿਲਦੇ ਹਨ।

**ਔਰਤਾਂ ਕੈਂਸਰ ਨੂੰ ਕਹਿਣ ਨਾਂਹ**

ਹਾਲ ਹੀ ਵਿਚ ਕੀਤੀ ਗਈ ਇਕ ਖੋਜ ਵਿਚ ਪਤਾ ਲੱਗਾ ਹੈ ਕਿ ਜੋ ਔਰਤਾਂ ਹਰ ਰੋਜ਼ 2-3 ਕੱਪ ਚਾਹ ਦਾ ਸੇਵਨ ਕਰਦੀਆਂ ਹਨ, ਉਨ੍ਹਾਂ ਨੂੰ ਓਵੇਰੀਅਨ ਕੈਂਸਰ ਹੋਣ ਦਾ ਖ਼ਤਰਾ ਉਨ੍ਹਾਂ ਔਰਤਾਂ ਨਾਲੋਂ ਬਹੁਤ ਘੱਟ ਹੁੰਦਾ ਹੈ, ਜੋ ਚਾਹ ਦਾ ਸੇਵਨ ਨਹੀਂ ਕਰਦੀਆਂ। ਖੋਜ ਕਰਤਾਵਾਂ ਦਾ ਕਹਿਣਾ ਹੈ ਕਿ ਹਰ ਰੋਜ਼ 3-4 ਕੱਪ ਚਾਹ ਪੀਣ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ।

**ਕੌਫੀ ਨਾਲੋਂ ਘੱਟ ਕੈਫੀਨ**

ਜੇ ਤੁਸੀਂ ਕੌਫੀ ਨੂੰ ਚਾਹ ਨਾਲੋਂ ਬਿਹਤਰ ਸਮਝ ਕੇ ਇਕ ਤੋਂ ਦੋ ਕੱਪ ਹਰ ਰੋਜ਼ ਪੀ ਰਹੇ ਹੋ ਤਾਂ ਸਾਵਧਾਨ ਹੋ ਜਾਓ, ਕਿਉਂਕਿ ਕੌਫੀ ਚਾਹ ਨਾਲੋਂ ਕਿਤੇ ਜ਼ਿਆਦਾ ਤੁਹਾਡੇ ਦਿਲ ਲਈ ਖ਼ਤਰਨਾਕ ਹੈ। ਕੌਫੀ ਵਿਚ 135 ਮਿ: ਗ੍ਰਾ: ਕੈਫੀਨ ਹੁੰਦਾ ਹੈ, ਜਦ ਕਿ ਚਾਹ ਵਿਚ ਸਿਰਫ ਇਸ ਦਾ 30-40 ਫੀਸਦੀ ਮਿ: ਗ੍ਰਾ: ਹੀ ਹੁੰਦਾ ਹੈ, ਜੋ ਸਿਹਤ ਲਈ ਓਨੀ ਨੁਕਸਾਨਦਾਇਕ ਨਹੀਂ ਹੈ, ਜਿੰਨੀ ਕੌਫੀ।

**ਹੱਡੀਆਂ ਨੂੰ ਵੀ ਕਰਦੀ ਹੈ ਮਜ਼ਬੂਤ**

ਕੁਝ ਚਾਹ ਪੀਣ ਵਾਲੇ ਲੋਕਾਂ 'ਤੇ 10 ਸਾਲ ਤੱਕ ਖੋਜ ਕੀਤੀ ਗਈ ਅਤੇ ਉਸ ਵਿਚ ਪਾਇਆ ਗਿਆ ਕਿ ਜੋ ਲੋਕ ਦੁੱਧ ਵਾਲੀ ਚਾਹ ਪੀਂਦੇ ਹਨ, ਉਨ੍ਹਾਂ ਦੀਆਂ ਹੱਡੀਆਂ ਉਨ੍ਹਾਂ ਲੋਕਾਂ ਨਾਲੋਂ ਜ਼ਿਆਦਾ ਮਜ਼ਬੂਤ ਹੁੰਦੀਆਂ ਹਨ, ਜੋ ਲੋਕ ਚਾਹ ਨਹੀਂ ਪੀਂਦੇ।

**ਇਮਿਊਨ ਸਿਸਟਮ ਵੀ ਹੁੰਦਾ ਹੈ ਬਿਹਤਰ**

ਜੋ ਲੋਕ ਹਰ ਰੋਜ਼ 4-5 ਕੱਪ ਚਾਹ ਪੀਂਦੇ ਹਨ, ਉਨ੍ਹਾਂ ਨੂੰ ਪੇਟ ਨਾਲ ਜੁੜੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਘੱਟ ਹੁੰਦਾ ਹੈ ਅਤੇ ਨਾਲ ਹੀ ਉਨ੍ਹਾਂ ਦਾ ਇਮਿਊਨ ਸਿਸਟਮ ਵੀ ਬਿਹਤਰ ਹੁੰਦਾ ਹੈ।

**ਮੈਟਾਬੋਲਿਜ਼ਮ ਲਈ ਬਿਹਤਰ**

ਜੇ ਤੁਸੀਂ ਮੋਟੇ ਹੋ ਅਤੇ ਤਰ੍ਹਾਂ-ਤਰ੍ਹਾਂ ਦੇ ਉਪਾਅ ਕਰ ਕੇ ਥੱਕ ਗਏ ਹੋ ਤਾਂ ਹੁਣ ਜ਼ਰਾ ਇਕ ਵਾਰ ਰੋਜ਼ 2-3 ਕੱਪ ਚਾਹ ਪੀਣ ਦੀ ਆਦਤ ਪਾ ਲਓ। ਕੁਝ ਹੀ ਸਮੇਂ ਵਿਚ ਤੁਹਾਨੂੰ ਬਿਹਤਰ ਨਤੀਜੇ ਦੇਖਣ ਨੂੰ ਮਿਲਣਗੇ। ਸਿਰਫ ਗ੍ਰੀਨ ਟੀ ਹੀ ਨਹੀਂ, ਸਗੋਂ ਜੇ ਤੁਸੀਂ ਖਾਣੇ ਤੋਂ ਬਾਅਦ ਸਾਧਾਰਨ ਚਾਹ ਦਾ ਸੇਵਨ ਵੀ ਕਰਦੇ ਹੋ ਤਾਂ ਉਸ ਨਾਲ ਵੀ ਤੁਹਾਡੇ ਸਰੀਰ ਦਾ ਮੈਟਾਬੋਲਿਜ਼ਮ ਸਿਸਟਮ ਬਿਹਤਰ ਹੋ ਜਾਂਦਾ ਹੈ।

**ਹਾਈਡ੍ਰੇਟਿਡ ਰਹਿਣ ਵਿਚ ਵੀ ਕਰਦੀ ਹੈ ਮਦਦ**

ਚਾਹ ਵਿਚ ਸ਼ਾਮਿਲ ਕੈਫੀਨ ਸਿਹਤ ਲਈ ਉਦੋਂ ਤੱਕ ਖ਼ਤਰਨਾਕ ਨਹੀਂ ਹੁੰਦਾ, ਜਦੋਂ ਤੱਕ ਤੁਸੀਂ ਚਾਹ ਦਾ ਸੇਵਨ ਬਹੁਤ ਜ਼ਿਆਦਾ ਮਾਤਰਾ ਵਿਚ ਨਹੀਂ ਕਰਦੇ। ਖੋਜ ਕਰਤਾਵਾਂ ਦਾ ਮੰਨਣਾ ਹੈ ਕਿ ਹਰ ਰੋਜ਼ 3 ਕੱਪ ਚਾਹ ਪੀਣ ਨਾਲ ਸਰੀਰ ਵਿਚ ਪਾਣੀ ਦੀ ਮਾਤਰਾ ਬਣੀ ਰਹਿੰਦੀ ਹੈ, ਜਿਸ ਕਰਕੇ ਸੁਸਤੀ ਨਹੀਂ ਪੈਂਦੀ ਅਤੇ ਤੁਸੀਂ ਪੂਰਾ ਦਿਨ ਅਨਰਜੇਟਿਕ ਬਣੇ ਰਹਿੰਦੇ ਹੋ।

**ਕੈਲੋਰੀ ਨਹੀਂ ਹੁੰਦੀ**

ਜ਼ਿਆਦਾ ਕੈਲੋਰੀ ਸਾਡੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ ਅਤੇ ਤੁਹਾਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਚਾਹ ਵਿਚ ਬਿਲਕੁਲ ਵੀ ਕੈਲੋਰੀ ਨਹੀਂ ਹੁੰਦੀ, ਜਦ ਤੱਕ ਉਸ ਵਿਚ ਖੰਡ ਨਾ ਪਾਈ ਜਾਵੇ। ਫਿਰ ਡਾਈਟਿੰਗ ਕਰਨ ਵਾਲੇ ਲੋਕਾਂ ਨੂੰ ਵੀ ਚਾਹ ਤੋਂ ਡਰਨ ਦੀ ਲੋੜ ਨਹੀਂ ਹੈ।

**ਚਾਹ ਵਧਾਉਂਦੀ ਹੈ ਰੋਗ ਪ੍ਰਤੀਰੋਧਕ ਸਮਰੱਥਾ**

ਚਾਹ ਵਿਚ ਐਂਟੀਆਕਸੀਡੈਂਟ ਤੱਤ ਹੁੰਦੇ ਹਨ। ਇਹ ਉਹ ਤੱਤ ਹਨ, ਜੋ ਸਾਡੇ ਸਰੀਰ ਨੂੰ ਪ੍ਰਦੂਸ਼ਿਤ ਹਵਾ ਵਿਚ ਜਾਣ 'ਤੇ ਕਈ ਤਰ੍ਹਾਂ ਦੇ ਰੋਗਾਂ ਤੋਂ ਬਚਾਉਂਦੇ ਹਨ।

ਇਹ ਸੱਚ ਹੈ ਕਿ ਚਾਹ ਦੇ ਅਨੇਕ ਫਾਇਦੇ ਹਨ ਪਰ ਕੁਝ ਛੋਟੀਆਂ-ਛੋਟੀਆਂ ਗੱਲਾਂ ਦਾ ਖਿਆਲ ਨਾ ਰੱਖਿਆ ਜਾਵੇ ਤਾਂ ਇਸ ਦੇ ਬਹੁਤ ਸਾਰੇ ਨੁਕਸਾਨ ਵੀ ਹੋ ਸਕਦੇ ਹਨ। ਇਸ ਲਈ ਚਾਹ ਦਾ ਸੇਵਨ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਦੇ ਹੋਏ ਹੀ ਕਰੋ।

- ਚਾਹ ਵਿਚ ਖੰਡ ਦੀ ਵਰਤੋਂ ਨਾ ਦੇ ਬਰਾਬਰ ਕਰੋ।
- ਇਕ ਦਿਨ ਵਿਚ 3 ਕੱਪ ਤੋਂ ਜ਼ਿਆਦਾ ਚਾਹ ਦਾ ਸੇਵਨ ਨਾ ਕਰੋ।
- ਛੋਟੇ ਬੱਚਿਆਂ ਨੂੰ ਚਾਹ ਨਾ ਦਿਓ।
- ਜ਼ਿਆਦਾ ਗਰਮ ਚਾਹ ਦਾ ਸੇਵਨ ਨਾ ਕਰੋ।
- ਚਾਹ ਦੇ ਨਸ਼ੇ ਦੇ ਆਦੀ ਨਾ ਬਣੋ।
- ਹਰ ਰੋਜ਼ ਚਾਹ ਦਾ ਸੇਵਨ ਨਾ ਕਰੋ।

## ਨਿਰੋਗ ਰਹਿਣ ਦਾ ਰਾਜ਼

# ਗੂੜ੍ਹੀ ਨੀਂਦ

ਲੇਖਕ : ਨੀਤੂ ਗੁਪਤਾ



ਗੂੜ੍ਹੀ ਨੀਂਦ ਨਾ ਆਉਣੀ ਅੱਜ ਵੱਡੇ ਸ਼ਹਿਰਾਂ ਦੀ ਮੁੱਖ ਸਮੱਸਿਆ ਬਣਦੀ ਜਾ ਰਹੀ ਹੈ। ਇਸ ਲਈ ਸਰੀਰ ਥੱਕਿਆ-ਥੱਕਿਆ ਜਿਹਾ ਅਤੇ ਸੁਭਾਅ ਚਿੜਚਿੜਾ ਬਣ ਜਾਂਦਾ ਹੈ, ਜਿਸ ਦਾ ਮੁੱਖ ਪ੍ਰਭਾਵ ਨੀਂਦ ਅਤੇ ਸਿਹਤ 'ਤੇ ਪੈਂਦਾ ਹੈ। ਜਿਨ੍ਹਾਂ ਲੋਕਾਂ ਨੂੰ ਗੂੜ੍ਹੀ ਨੀਂਦ ਨਸੀਬ ਹੁੰਦੀ ਹੈ, ਉਨ੍ਹਾਂ ਦੇ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਆਰਾਮ ਮਿਲਦਾ ਹੈ। ਗੂੜ੍ਹੀ ਨੀਂਦ ਨਾਲ ਖਰਚ ਹੋਈ ਸ਼ਕਤੀ ਮੁੜ ਪ੍ਰਾਪਤ ਹੁੰਦੀ ਹੈ। ਇਸ ਲਈ ਨੀਂਦ ਨੂੰ ਨਿਰੋਗ ਰਹਿਣ ਦਾ ਰਾਜ਼ ਮੰਨਿਆ ਜਾਂਦਾ ਹੈ। ਤੁਸੀਂ ਵੀ ਮਜ਼ਾ ਲੈ ਸਕਦੇ ਹੋ ਗੂੜ੍ਹੀ ਨੀਂਦ ਦਾ, ਇਨ੍ਹਾਂ ਕੁਝ ਨੁਸਖਿਆਂ ਨੂੰ ਅਪਣਾ ਕੇ-

- ਸਵੇਰੇ ਛੇਤੀ ਉੱਠਣਾ ਅਤੇ ਰਾਤ ਨੂੰ ਛੇਤੀ ਸੌਣਾ ਚਾਹੀਦਾ ਹੈ।
- ਸਵੇਰੇ ਉੱਠ ਕੇ ਖੁੱਲ੍ਹੀ ਹਵਾ ਵਿਚ ਘੁੰਮਣ ਜਾਣਾ ਅਤੇ ਕੁਝ ਕਸਰਤ ਕਰਨਾ ਵਧੀਆ ਹੈ।
- ਸੌਣ ਤੋਂ ਪਹਿਲਾਂ ਵਿਚਾਰਾਂ ਨੂੰ ਦੂਰ ਛੱਡ ਕੇ ਸੌਣਾ ਚਾਹੀਦਾ ਹੈ ਅਤੇ ਮਨ ਨੂੰ ਪ੍ਰਸੰਨਚਿੱਤ ਰੱਖਣਾ ਚਾਹੀਦਾ ਹੈ।
- ਰਾਤ ਨੂੰ ਸੌਣ ਤੋਂ 2-3 ਘੰਟੇ ਪਹਿਲਾਂ ਭੋਜਨ ਕਰਨਾ ਚੰਗਾ ਹੁੰਦਾ ਹੈ, ਤਾਂ ਕਿ ਸੌਣ ਤੱਕ ਭੋਜਨ ਪਚ ਕੇ ਪੇਟ ਹਲਕਾ ਮਹਿਸੂਸ ਕਰ ਸਕੇ।
- ਹੱਥ, ਪੈਰ ਅਤੇ ਮੂੰਹ ਨੂੰ ਠੰਢੇ ਪਾਣੀ ਨਾਲ ਧੋ ਕੇ ਬਿਸਤਰ 'ਤੇ ਜਾਣਾ ਚਾਹੀਦਾ ਹੈ।
- ਸੌਣ ਵਾਲੀ ਜਗ੍ਹਾ ਹਵਾਦਾਰ, ਸਾਫ਼ ਅਤੇ ਸ਼ੁੱਧ ਹੋਣੀ ਚਾਹੀਦੀ ਹੈ।
- ਸੌਣ ਸਮੇਂ ਮਨ ਨੂੰ ਇਕਾਗਰ ਚਿੱਤ ਕਰਨ ਲਈ ਹਲਕਾ ਸੰਗੀਤ ਸੁਣੋ, ਪੱਤ੍ਰਿਕਾ ਪੜ੍ਹੋ ਜਾਂ ਕੋਈ ਪੁਸਤਕ ਪੜ੍ਹੋ, ਜਿਸ ਨਾਲ ਨੀਂਦ ਚੰਗੀ ਆਉਂਦੀ ਹੈ।
- ਖਾਣਾ ਖਾਣ ਤੋਂ ਬਾਅਦ ਕੁਝ ਸਮਾਂ ਜ਼ਰੂਰ ਟਹਿਲੋ। ਥੋੜ੍ਹੀ ਥਕਾਨ ਹੋਣ 'ਤੇ ਨੀਂਦ ਛੇਤੀ ਆ ਜਾਂਦੀ ਹੈ।
- ਰਾਤ ਨੂੰ ਸੌਣ ਵਾਲੇ ਕੱਪੜੇ ਢਿੱਲੇ ਅਤੇ ਸੂਤੀ ਪਹਿਨੋ, ਤਾਂ ਕਿ ਸੌਣ ਵਿਚ ਕੋਈ ਪ੍ਰੇਸ਼ਾਨੀ ਹੋਵੇ। ਤੰਗ ਕੱਪੜੇ ਨੀਂਦ ਵਿਚ ਰੁਕਾਵਟ ਪਾਉਂਦੇ ਹਨ।
- ਆਪਣੇ ਸਰੀਰ ਨੂੰ ਨੀਂਦ ਦੀਆਂ ਗੋਲੀਆਂ ਜਾਂ ਕਿਸੇ ਨਸ਼ੀਲੀ ਚੀਜ਼ ਦੇ ਆਦੀ ਨਾ ਬਣਾਓ। ਇਨ੍ਹਾਂ ਦੇ ਲਗਾਤਾਰ ਸੇਵਨ ਨਾਲ ਸਰੀਰ ਨੂੰ ਕਈ ਨੁਕਸਾਨ ਪਹੁੰਚਦੇ ਹਨ।
- ਸੌਣ ਸਮੇਂ ਧਿਆਨ ਦਿਓ ਕਿ ਜਿਸ ਕਰਵਟ ਵਿਚ ਆਰਾਮ ਮਿਲੇ, ਉਸੇ ਕਰਵਟ ਵਿਚ ਸੌਂਵੋ, ਨਹੀਂ ਤਾਂ ਸੁਪਨੇ ਵੀ ਜ਼ਿਆਦਾ ਆਉਂਦੇ ਹਨ ਅਤੇ ਸਰੀਰ ਦੀਆਂ ਕਿਰਿਆਵਾਂ ਠੀਕ ਕੰਮ ਨਹੀਂ ਕਰਦੀਆਂ।
- ਸੌਣ ਸਮੇਂ ਜ਼ਿਆਦਾ ਉੱਚਾ ਸਿਰਹਾਣਾ ਰੱਖ ਕੇ ਨਾ ਸੌਂਵੋ।
- ਰਾਤ ਨੂੰ ਭਾਰੀ ਭੋਜਨ, ਜ਼ਿਆਦਾ ਮਸਾਲੇ ਵਾਲੇ ਪਦਾਰਥ ਦਾ ਸੇਵਨ ਨਾ ਕਰੋ।
- ਧਿਆਨ ਰੱਖੋ ਕਿ ਸੌਣ ਵਾਲੇ ਕਮਰੇ ਵਿਚ ਜ਼ਿਆਦਾ ਰੌਸ਼ਨੀ ਨਾ ਹੋਵੇ, ਨਾ ਹੀ ਜ਼ਿਆਦਾ ਆਸ-ਪਾਸ ਤੋਂ ਸ਼ੋਰ ਸੁਣਾਈ ਦਿੰਦਾ ਹੋਵੇ। ਇਹ ਦੋਵੇਂ ਚੀਜ਼ਾਂ ਵੀ ਨੀਂਦ ਆਉਣ ਵਿਚ ਰੁਕਾਵਟ ਪਾਉਂਦੀਆਂ ਹਨ।
- ਸੌਣ ਵਾਲੇ ਗੱਦੇ ਜ਼ਿਆਦਾ ਨਰਮ ਜਾਂ ਸਖ਼ਤ ਨਹੀਂ ਹੋਣੇ ਚਾਹੀਦੇ।
- ਸੌਣ ਤੋਂ ਪਹਿਲਾਂ ਗਰਮ ਦੁੱਧ ਪੀਣ ਨਾਲ ਵੀ ਨੀਂਦ ਚੰਗੀ ਆਉਂਦੀ ਹੈ।

# ਸਰਦੀਆਂ ਵਿਚ ਰੋਗਾਂ ਤੋਂ ਬਚਾਅ

ਲੇਖਕ : ਭਾਸ਼ਣਾ ਬਾਂਸਲ



ਸਰਦੀ ਦੀ ਰੁੱਤ ਨੂੰ ਸਿਹਤਵਰਧਕ ਮੰਨਿਆ ਗਿਆ ਹੈ, ਕਿਉਂਕਿ ਇਸ ਮੌਸਮ ਵਿਚ ਪਾਚਣ ਸਮਰੱਥਾ ਵਧ ਜਾਂਦੀ ਹੈ। ਭਾਰੀ ਅਤੇ ਮਸਾਲੇਦਾਰ ਭੋਜਨ ਵੀ ਅਸਾਨੀ ਨਾਲ ਪਚ ਜਾਂਦਾ ਹੈ। ਸਰੀਰਕ ਸ਼ਕਤੀ ਵੀ ਵਧ ਜਾਂਦੀ ਹੈ। ਡਾਕਟਰ ਵੀ ਇਸ ਰੁੱਤ ਵਿਚ ਪੌਸ਼ਟਿਕ ਅਤੇ ਭਾਰੀ ਭੋਜਨ ਲੈਣ ਦੀ ਸਲਾਹ ਦਿੰਦੇ ਹਨ ਪਰ ਕਈ ਲੋਕ ਆਪਣੀ ਸਿਹਤ ਬਣਾਉਣ ਦੇ ਚੱਕਰ ਵਿਚ ਅਜਿਹਾ ਭੋਜਨ ਲੈਂਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ ਚੌਪਟ ਹੋ ਜਾਂਦੀ ਹੈ।

ਇਨ੍ਹਾਂ ਦਿਨਾਂ ਵਿਚ ਪੀਣ ਵਾਲੇ ਪਦਾਰਥ ਜਿਵੇਂ ਚਾਹ, ਕੌਫੀ ਦੀ ਜ਼ਿਆਦਾ ਵਰਤੋਂ ਸਿਹਤ ਪੱਖੋਂ ਚੰਗੀ ਨਹੀਂ ਮੰਨੀ ਜਾਂਦੀ। ਇਨ੍ਹਾਂ ਨੂੰ ਜ਼ਿਆਦਾ ਮਾਤਰਾ ਵਿਚ ਲੈਣ ਨਾਲ ਮਨ ਅਤੇ ਦਿਮਾਗ 'ਤੇ ਗ਼ਲਤ ਪ੍ਰਭਾਵ ਪੈਂਦਾ ਹੈ। ਜੋ ਲੋਕ ਸਿਗਰਟਨੋਸ਼ੀ ਕਰਦੇ ਹਨ, ਉਨ੍ਹਾਂ ਦੇ ਵਿਚਾਰ ਅਨੁਸਾਰ ਸਿਗਰਟਨੋਸ਼ੀ ਕਰਨ ਨਾਲ ਠੰਢ ਨਹੀਂ ਲਗਦੀ, ਇਸੇ ਕਾਰਨ ਉਹ ਸਰਦੀ ਵਿਚ ਜ਼ਿਆਦਾ ਸਿਗਰਟਨੋਸ਼ੀ ਕਰਦੇ ਹਨ, ਜਿਸ ਨਾਲ ਧੂੰਆਂ ਫੇਫੜਿਆਂ ਅਤੇ ਸਾਹ ਦੀ ਨਲੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਖੰਘ ਦਾ ਰੋਗ ਉਸ ਵਿਅਕਤੀ ਨੂੰ ਬੁਰੀ ਤਰ੍ਹਾਂ ਜਕੜ ਲੈਂਦਾ ਹੈ। ਸਰਦੀ ਵਿਚ ਸਿਗਰਟਨੋਸ਼ੀ ਬਹੁਤ ਨੁਕਸਾਨਦਾਇਕ ਹੈ।

ਸਰਦੀ ਵਿਚ ਬਹੁਤੇ ਵਿਅਕਤੀਆਂ ਨੂੰ ਜ਼ੁਕਾਮ ਤੋਂ ਪ੍ਰੇਸ਼ਾਨ ਹੁੰਦੇ ਦੇਖਿਆ ਗਿਆ ਹੈ। ਇਹ ਬਿਮਾਰੀ ਆਮ ਤੌਰ 'ਤੇ ਅਲੱਗ-ਅਲੱਗ ਰਹਿਣ-ਸਹਿਣ ਅਤੇ ਗ਼ਲਤ ਖਾਣ-ਪੀਣ ਨਾਲ ਹੁੰਦੀ ਹੈ। ਪੇਸ਼ ਹਨ ਸਰਦੀ ਵਿਚ ਰੋਗਾਂ ਤੋਂ ਬਚਣ ਲਈ ਕੁਝ ਵਿਸ਼ੇਸ਼ ਸੁਝਾਅ।

- ਸਰਦੀ ਵਿਚ ਕੋਸੇ ਪਾਣੀ ਨਾਲ ਰੋਜ਼ਾਨਾ ਇਸ਼ਨਾਨ ਕਰਨਾ ਬਹੁਤ ਲਾਭਦਾਇਕ ਹੈ। ਠੰਢ ਲੱਗਣ ਕਾਰਨ ਇਸ਼ਨਾਨ ਕਰਨਾ ਨਾ ਛੱਡੋ।
- ਮੈਲੇ ਕੱਪੜੇ ਨਾ ਪਹਿਨੋ। ਅੰਦਰੂਨੀ ਕੱਪੜਿਆਂ ਨੂੰ ਹਰ ਰੋਜ਼ ਬਦਲੋ।
- ਨੰਗੇ ਪੈਰ ਕਦੇ ਨਾ ਚੱਲੋ। ਪੈਰਾਂ ਨੂੰ ਜੁਰਾਬਾਂ ਨਾਲ ਢਕ ਕੇ ਹੀ ਰੱਖੋ।
- ਚਾਹ, ਕੌਫੀ ਦਾ ਜ਼ਿਆਦਾ ਸੇਵਨ ਨਾ ਕਰੋ।
- ਠੰਢ ਦੇ ਪ੍ਰਕੋਪ ਤੋਂ ਬਚਣ ਲਈ ਊਨੀ ਅਤੇ ਗਰਮ ਕੱਪੜੇ ਪਹਿਨੋ।
- ਖੰਘ-ਜ਼ੁਕਾਮ ਹੋਣ 'ਤੇ ਤੁਰੰਤ ਇਲਾਜ ਕਰਾਓ, ਕਿਉਂਕਿ ਇਹ ਰੋਗ ਪੁਰਾਣੇ ਹੋ ਜਾਣ ਤਾਂ ਗੰਭੀਰ ਸਮੱਸਿਆ ਪੈਦਾ ਹੋ ਸਕਦੀ ਹੈ।
- ਰਾਤ ਨੂੰ ਗਰਮ ਦੁੱਧ ਦੇ ਨਾਲ ਖਜੂਰ ਖਾਣਾ ਬਹੁਤ ਲਾਭਦਾਇਕ ਹੈ।
- ਭੋਜਨ ਵਿਚ ਅਦਰਕ ਦੀ ਵਰਤੋਂ ਵੀ ਲਾਭਦਾਇਕ ਹੈ।

# ਊਰਜਾ ਲਈ ਖਾਓ ਖਜੂਰ

ਲੇਖਕ : ਸੁਨੀਤਾ ਗਾਬਾ

ਕੁਦਰਤੀ ਰੂਪ ਨਾਲ ਪੱਕੀ ਹੋਈ ਖਜੂਰ ਫਲ ਕਹਾਉਂਦੀ ਹੈ ਅਤੇ ਅੱਧ-ਪੱਕੀ ਖਜੂਰ ਨੂੰ ਸੁਕਾ ਲਿਆ ਜਾਵੇ ਤਾਂ ਉਹ ਸੁੱਕਾ ਮੇਵਾ ਛੁਹਾਰਾ ਕਹਾਉਂਦਾ ਹੈ। ਖਜੂਰ ਵੀ ਕਈ ਨਾਵਾਂ ਨਾਲ ਜਾਣੀ ਜਾਂਦੀ ਹੈ ਜਿਵੇਂ ਪਿੰਡ ਖਜੂਰ, ਛੁਹਾਰਾ ਆਦਿ। ਖਜੂਰ ਕੁਦਰਤੀ ਤੌਰ 'ਤੇ ਪੌਸ਼ਟਿਕ ਆਹਾਰ ਹੈ। ਇਸ ਨੂੰ ਗਰੀਬਾਂ ਦਾ ਮੇਵਾ ਵੀ ਕਿਹਾ ਜਾਂਦਾ ਹੈ। ਖਜੂਰ ਦੇ ਹੋਰ ਵੀ ਕਈ ਲਾਭ ਹੁੰਦੇ ਹਨ। ਖਜੂਰ ਦੀ ਗਿਟਕ ਤੋਂ ਤੇਲ ਬਣਾ ਕੇ ਕਈ ਦਵਾਈਆਂ ਵਿਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਰਮ ਪੱਤੇ ਚਟਾਈ, ਟੋਕਰੀ, ਆਸਣ, ਛੱਜ ਆਦਿ ਬਣਾਉਣ ਦੇ ਕੰਮ ਆਉਂਦੇ ਹਨ। ਖਜੂਰ ਵਿਟਾਮਿਨ 'ਏ', 'ਬੀ', 'ਸੀ' ਨਾਲ ਭਰਪੂਰ ਹੁੰਦੀ ਹੈ। ਖਜੂਰ ਖਾਣ ਵਿਚ ਮਿੱਠੀ, ਖ਼ੂਨ ਸਾਫ਼ ਕਰਨ ਵਾਲੀ ਹੁੰਦੀ ਹੈ। ਆਯੁਰਵੈਦਿਕ ਦ੍ਰਿਸ਼ਟੀਕੋਣ ਵਿਚ ਖਜੂਰ ਵਿਚ 70 ਫੀਸਦੀ ਕੁਦਰਤੀ ਸ਼ੱਕਰ ਹੁੰਦੀ ਹੈ। ਕੁਦਰਤੀ ਰੂਪ ਨਾਲ ਮਿੱਠੀ ਹੋਣ ਨਾਲ ਸਰੀਰ ਨੂੰ ਤਤਕਾਲ ਊਰਜਾ ਪ੍ਰਾਪਤ ਹੁੰਦੀ ਹੈ। ਥਕਾਵਟ ਦੂਰ ਕਰਨ ਲਈ ਖਜੂਰ ਦਾ ਸੇਵਨ ਬਹੁਤ ਲਾਭਦਾਇਕ ਹੁੰਦਾ ਹੈ। ਜੋ ਬੱਚੇ ਬਿਸਤਰ ਗਿੱਲਾ ਕਰਦੇ ਹਨ ਜਾਂ ਜਿਨ੍ਹਾਂ ਨੂੰ ਭੁੱਖ ਨਹੀਂ ਲਗਦੀ, ਉਨ੍ਹਾਂ ਨੂੰ ਖਜੂਰ ਦੁੱਧ ਵਿਚ ਉਬਾਲ ਕੇ ਠੰਢੀ ਕਰ ਕੇ ਦੇਣ ਨਾਲ ਭੁੱਖ ਵਧਦੀ ਹੈ ਅਤੇ ਬੱਚੇ ਬਿਸਤਰ ਗਿੱਲਾ ਨਹੀਂ ਕਰਦੇ। ਅਜਿਹੇ ਵਿਚ ਖਜੂਰ ਦੀ ਗਿਟਕ ਨੂੰ ਪਹਿਲਾਂ ਕੱਢ ਲਓ। ਮੂਤਰ ਰੁਕਾਵਟ ਅਤੇ ਮੂਤਰ ਦਾਹ ਵਿਚ ਖਜੂਰ ਦਾ ਸੇਵਨ ਰਾਮਬਾਣ ਦਾ ਕੰਮ ਕਰਦਾ ਹੈ। ਔਰਤਾਂ ਵਿਚ ਮਾਸਕ ਧਰਮ ਦੀ ਗੜਬੜੀ ਵਿਚ ਵੀ ਇਸ ਦਾ ਸੇਵਨ ਲਾਭਦਾਇਕ ਹੈ। ਖਜੂਰ ਦਾ ਸੇਵਨ ਦੰਦਾਂ ਨੂੰ ਵੀ ਮਜ਼ਬੂਤ ਬਣਾਉਂਦਾ ਹੈ। ਖਜੂਰ ਦੇ ਸੇਵਨ ਤੋਂ ਬਾਅਦ ਪਾਣੀ ਨਾ ਪੀਓ। ਖਜੂਰ ਖਰੀਦਦੇ ਸਮੇਂ ਧਿਆਨ ਦਿਓ ਕਿ ਖਜੂਰ ਜ਼ਿਆਦਾ ਕਾਲੀ, ਸੁੱਕੀ ਅਤੇ ਛੋਟੀ ਨਾ ਹੋਵੇ। ਅੱਖਾਂ ਦੇ ਰੋਗੀਆਂ ਨੂੰ ਇਸ ਦਾ ਸੇਵਨ ਨਹੀਂ ਕਰਨਾ ਚਾਹੀਦਾ। ਯਾਦ ਰੱਖੋ ਕਿ ਖਜੂਰ ਦਾ ਨਿਯਮਤ ਸੇਵਨ ਦਿਮਾਗ ਨੂੰ ਤਾਜ਼ਗੀ ਅਤੇ ਤਰਾਵਟ ਪ੍ਰਦਾਨ ਕਰਦਾ ਹੈ। ਚੱਕਰ ਆਦਿ ਆਉਣ 'ਤੇ ਵੀ ਖਜੂਰ ਤੇਜ਼ੀ ਨਾਲ ਅਨਰਜੀ ਦਿੰਦੀ ਹੈ।



ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਨੌਕਰੀ



ਇੱਕ ਤਾਂ ਹਾੜ ਦੇ ਦਿਨਾਂ ਦੀ ਗਰਮੀਂ ਨੇ ਲੋਕਾਂ ਨੂੰ ਮੱਕੀ ਦੇ ਦਾਣਿਆਂ ਵਾਂਗ ਭੁੰਨ ਛੱਡਿਆ ਸੀ ਅਤੇ ਦੂਜਾ ਬਿਜਲੀ ਵੀ ਲੋਕਾਂ ਨਾਲ ਲੁਕਮੀਚੀ ਖੇਡ ਰਹੀ ਸੀ। ਕਦੇ ਦੋ ਘੰਟੇ ਆ ਜਾਇਆ ਕਰੇ ਤੇ ਕਦੇ ਚਾਰ ਘੰਟੇ ਇੱਕ ਭੋਰਾ ਚਮਕਾਰਾ ਵੀ ਨਾ ਮਾਰੇ। ਗਰਮੀ ਅਤੇ ਬਿਜਲੀ ਦੇ ਸਤਾਏ ਲੋਕ ਸੱਥ ਵੱਲ ਨੂੰ ਤੜਕ ਸਾਰ ਹੀ ਵਹੀਰਾਂ ਘੱਤ ਲੈਂਦੇ। ਨੱਕੋ ਨੱਕ ਭਰੀ ਸੱਥ 'ਚ ਆ ਕੇ ਬਾਬਾ ਚੰਨਣ ਸਿਉਂ ਆਵਦੇ ਹਾਣੀ ਸੁਦਾਗਰ ਸਿਉਂ ਨੂੰ ਕਹਿੰਦਾ, "ਕਿਉਂ ਸਦਾਗਰ ਸਿਆਂ! ਜੇ ਬਿਜਲੀ ਤੇ ਗਰਮੀਂ ਦਾ ਪੰਜ ਸੱਤ ਦਿਨ ਹੋਰ ਇਉਂ ਈਂ ਚੱਜ ਹਾਲ ਰਿਹਾ ਤਾਂ ਲੋਕ ਜੈਨੂੰ ਘਮਿਆਰ ਦੀ ਆਵੀ 'ਚ ਪਏ ਕੱਚੇ ਪਿੱਲੇ ਭਾਂਡਿਆਂ ਅਰਗੇ ਹੋ ਜਾਣਗੇ ਭੁੱਜ ਕੇ। ਅੰਦਰ ਪਿਆ ਪਾਣੀ ਵੀ ਪਾਂਧੀ ਲੁਆਰ ਦੇ ਆਹਰਣ ਆਂਗੂੰ ਤਪ ਜਾਂਦਾ।"

ਤਾਸ਼ ਖੇਡੀ ਜਾਂਦਾ ਸੀਤਾ ਮਰਾਸੀ ਕਹਿੰਦਾ, "ਗਰਮੀਂ 'ਚ ਪਾਣੀ ਨੇ ਤਾਂ ਬਾਬਾ ਤੱਤਣਾ ਈਂ ਤਪਣਾ, ਪੰਦਰਾਂ ਦਿਨਾਂ ਦਾ ਸਾਰਾ ਪਿੰਡ ਤਪਿਆ ਪਿਆ ਕਰਕੇ ਪਾਂਧੀ ਲੁਆਰ ਦੇ ਆਹਰਣ 'ਤੇ ਵੀ ਵਾਰੀ ਨੀ੍ਹ ਆਉਂਦੀ। ਸਾਰਾ ਪਿੰਡ ਸੇਲੇ ਬਰਛੇ ਗੰਧਾਲੀਆਂ ਬਣਾਈ ਜਾਂਦੈ।"

ਬਾਬੇ ਚੰਨਣ ਸਿਉਂ ਨੇ ਹੈਰਾਨੀ ਨਾਲ ਪੁੱਛਿਆ, "ਬਰਛੇ ਗੰਧਾਲੀਆਂ ਕੀ ਕਰਨੇ ਐ ਲੋਕਾਂ ਨੇ। ਸਤਾਏ ਤਾਂ ਲੋਕ ਗਰਮੀਂ ਦੇ ਪਏ ਐ। ਸੇਲੇ ਬਰਛੇ ਕੀ ਕਰਨਗੇ ਗਰਮੀ ਨੂੰ ਬਈ, ਕੁ ਰੱਬ 'ਚ ਮੋਰੀ ਕਰਕੇ ਮੀਂਹ ਪੁਆਉਣ ਦੀ ਕੋਈ ਸਕੀਮ ਬਣਾਉਂਦੇ ਐ?"

ਨਾਥਾ ਅਮਲੀ ਬਾਬੇ ਚੰਨਣ ਸਿਉਂ ਨੂੰ ਕਹਿੰਦਾ, "ਬਰਛੇ ਗੰਧਾਲੀਆਂ ਨਾਲ ਕਿਤੇ ਬਾਬਾ ਬਿਜਲੀ ਆਲੇ ਨਾ ਢਾਹੁਣੇ ਢੂਹਣੇ ਹੋਣ ਬਈ ਬਿਜਲੀ ਦਾ ਕੱਟ ਮਾਰ ਦਿੰਦੇ ਐ।"

ਸੀਤੇ ਮਰਾਸੀ ਨੇ ਫੇਰ ਲਈ ਵਾਰੀ, "ਬਿਜਲੀ ਆਲੇ ਕਿਉਂ ਢਾਹੁਣੇ ਐਂ, ਆਹ ਜਿਹੜੇ ਰਾਤ ਬਰਾਤੇ ਕਿਸੇ ਨਾ ਕਿਸੇ ਦੇ ਘਰੇ ਨਿੱਤ ਈ ਚੋਰ ਆ ਵੜਦੇ ਐ, ਉਨ੍ਹਾਂ ਵਾਸਤੇ ਬੰਦੋਬਸਤ ਕਰਦੇ ਐ। ਕਈ ਦਿਨ ਹੋ ਗੇ ਓਧਰਲੇ ਗੁਆੜ ਆਲੇ ਹਾਕਮ ਫੌਜੀ ਕੀ ਸਬ੍ਹਾਤ ਦੇ ਤਖਤਿਆਂ 'ਚ ਕਿਤੇ ਬਿੱਲੀਆਂ ਲੜਦੀਆਂ-ਲੜਦੀਆਂ ਠਾਹ ਦੇਣੇ ਵੱਜੀਆਂ। ਤਖਤੇ ਇੱਕਦਮ ਬੰਦ ਹੋ ਗੇ। ਫੌਜੀ ਦੇ ਘਰ ਆਲੀ ਨੇ ਰੌਲਾ ਪਾ 'ਤਾ ਬਈ ਘਰੇ ਚੋਰ ਵੜ ਗੇ, ਚੋਰ ਵੜ ਗੇ। ਆਥਣ ਜਾ ਹੋਇਆ ਵਿਆ ਸੀ। ਲੋਕਾਂ ਨੇ ਫੌਜੀ ਦਾ ਘਰ ਇਉਂ ਘੇਰ ਲਿਆ ਜਿਮੇਂ ਛਪਾਰ ਦੇ ਮੇਲੇ 'ਤੇ ਚੰਡੋਲ ਤੋਂ ਡਿੱਗੀ ਬੌਰਨੀ ਦੁਆਲੇ ਲੋਕ 'ਕੱਠੇ ਹੋਏ ਵੇ ਹੋਣ। ਫੌਜੀ ਦੀ ਬਹੂ ਦਰਵਾਜੇ ਆਲੀ ਬੈਠਕ ਦੇ ਖੂੰਜੇ ਨਾਲ ਇਉਂ ਠਠਿੰਬਰੀ ਖੜ੍ਹੀ ਜਿਮੇਂ ਠੱਕੇ ਦੀ ਮਾਰੀ ਬੱਕਰੀ ਤੰਦੂਰ ਨਾਲ ਲੱਗੀ ਖੜ੍ਹੀ ਹੁੰਦੀ ਐ। ਸੂਬੇਦਾਰ ਖਜਾਨ ਸਿਉਂ ਦਨਾਲੀ ਰਫਲ ਲੈ ਕੇ ਕੋਠੇ ਉੱਤੋਂ ਦੀ ਹਾਕਮ ਫੌਜੀ ਕੇ ਘਰੇ ਆ ਉੱਤਰਿਆ। ਉੱਤਰਦਾ ਈ ਫੌਜੀ ਦੇ ਘਰ ਆਲੀ ਨੂੰ ਕਹਿੰਦਾ 'ਕਿਹੜੇ ਅੰਦਰ ਵੜੇ ਐ ਭਾਈ ਬੰਦੇ'? ਅਕੇ ਫੌਜਣ ਨੇ ਸਬ੍ਹਾਤ ਵੱਲ ਹੱਥ ਕਰਕੇ ਦੋਮੇਂ ਹੱਥ ਕੰਨਾਂ 'ਤੇ ਧਰ ਲੇ ਬਈ ਸੂਬੇਦਾਰ ਹੁਣ ਫੈਰ ਕਰੂ। ਜਦੋਂ ਸੂਬੇਦਾਰ ਨੇ ਸਬ੍ਹਾਤ ਵੱਲ ਨੂੰ ਰਫਲ ਸਿੱਧੀ ਕੀਤੀ ਤਾਂ ਸੁਰਜਨ ਬੁੜ੍ਹਾ ਸੂਬੇਦਾਰ ਨੂੰ ਕਹਿੰਦਾ 'ਨਾ ਬਈ ਨਾ ਖਜਾਨ ਸਿਆਂ ਰੌਂਦ ਨਾ ਚਲਾਈਂ। ਆਪਾਂ ਨੇੜੇ ਹੋ ਕੇ ਪੁੱਛਦੇ ਆਂ ਬਈ ਅੰਦਰ ਕੋਈ ਹੈ ਵੀ ਕੁ ਨਹੀਂ'। ਲੋਕ ਫੌਜੀ ਕੇ ਘਰੇ ਗੰਡਾਸੇ ਟਕੂਏ ਲਈ ਖੜ੍ਹੇ ਉੱਚੀ ਉੱਚੀ ਬੋਲਣ ਬਈ ਚੋਰਾਂ ਨੂੰ ਬਾਹਰ ਕੱਢੋ ਸਹੀ। ਘਰ ਦੇ ਵੇਹੜੇ 'ਚ ਘਸਮਾਨ ਪਈ ਜਾਂਦਿਆਂ ਤੋਂ ਬਿੱਲੀਆਂ ਇੱਕ ਵਾਰ ਫੇਰ ਲੜਦੀਆਂ ਲੜਦੀਆਂ ਜਦੋਂ ਤਖਤਿਆਂ 'ਚ ਵੱਜੀਆਂ ਤਾਂ ਤਖਤੇ ਖੁੱਲ੍ਹ ਗੇ। ਸਬ੍ਹਾਤ ਦੇ ਤਖਤੇ ਖੁੱਲਦੇ ਸਾਰ ਹੀ ਲੋਕਾਂ ਦੇ 'ਕੱਠ ਦਾ ਪਤਾ ਨਾ ਲੱਗਿਆ ਬਾਬਾ ਕਿੱਧਰ ਭੱਜ ਗੇ ਡਰਦੇ। ਇੱਕ ਦੂਜੇ 'ਚ ਅੜ੍ਹਕ ਅੜ੍ਹਕ ਈ ਡਿੱਗੀ ਗਏ। ਲੋਕ ਫੌਜੀ ਦੇ ਵੇਹੜੇ 'ਚ ਇੱਕ ਦੂਜੇ ਦੇ ਹੇਠਾਂ ਉੱਤੇ ਇਉਂ ਪਏ ਜਿਮੇਂ ਦਾਣਾ ਮੰਡੀ 'ਚ ਕਣਕ ਦੀਆਂ ਬੋਰੀਆਂ ਦਾ ਢੇਰ ਮਾਰਿਆ ਹੋਵੇ। ਇੱਕ ਸਕਿੰਟ 'ਚ ਲੋਕ ਇਉਂ ਖਿੰਡ ਗੇ ਜਿਮੇਂ ਨੇਰ੍ਹੀ ਕੱਖਾਂ ਨੂੰ 'ੜਾ ਕੇ ਲੈ ਗੀ ਹੋਵੇ। ਜਦੋਂ ਤਖਤੇ ਇੱਕਦਮ ਖੁੱਲ੍ਹੇ ਤਾਂ ਸੂਬੇਦਾਰ ਖਜਾਨ ਸਿਉਂ ਦਸ ਕਰਮਾਂ 'ਤੇ ਜਾ ਡਿੱਗਿਆ। ਪੱਗ ਸੂਬੇਦਾਰ ਦੀ ਨਲਕੇ ਆਲੀ ਪਾਣੀ ਦੀ ਖੇਲ 'ਚ ਪਈ। ਬਿੱਲੀਆਂ ਲੜਦੀਆਂ ਲੜਦੀਆਂ ਜਦੋਂ ਬਾਹਰ ਵੇਹੜੇ ਵਿੱਚਦੀ ਭੱਜੀਆਂ ਤਾਂ ਫੇਰ ਜਾ ਕੇ ਪਤਾ ਲੱਗਿਆ ਬਈ ਚੋਰ ਕਾਹਨੂੰ ਵੜੇ ਸੀ ਇਹ ਤਾਂ ਬਿੱਲੀਆਂ ਸੀ ਅੰਦਰ। ਫੇਰ ਲੋਕਾਂ ਦੇ ਸਾਹ 'ਚ ਸਾਹ ਆਇਆ।"

ਮਾਹਲਾ ਨੰਬਰਦਾਰ ਕਹਿੰਦਾ, "ਕੋਠਿਆਂ ਆਲੇ ਸ਼ਕਾਇਤੀਆਂ ਦੇ ਗਿੰਦਰ ਦੀ ਲੱਤ ਵੀ ਫਿਰ ਓੱਥੇ ਈ ਟੁੱਟੀ ਹੋਣੀ ਐਂ। ਕਿੰਨੇ ਈਂ ਦਿਨ ਹੋ ਗੇ ਹਜੇ ਗੁਪਤੇ ਦੇ ਹੱਥਪਤਾਲ 'ਚ ਪਿਆ।"




ਪਿੰਡੋਂ ਬਾਹਰ ਕੋਠਿਆਂ 'ਚ ਰਹਿੰਦੇ ਗਿੰਦਰ ਕੇ ਪਰਿਵਾਰ ਨੂੰ ਸਾਰਾ ਪਿੰਡ ਸ਼ਿਕਾਇਤੀਆਂ ਦਾ ਲਾਣਾ ਕਹਿੰਦਾ ਸੀ ਕਿਉਂਕਿ ਉਨ੍ਹਾਂ ਦੇ ਟੱਬਰ ਦੇ ਜੀਅ-ਜੀਅ ਨੂੰ ਬਿਨਾਂ ਗੱਲ ਤੋਂ ਈ ਹਰ ਕਿਸੇ ਦੀ ਸ਼ਕਾਇਤ ਕਰਨ ਦੀ ਆਦਤ ਸੀ ਜਿਸ ਕਰਕੇ ਪਿੰਡ ਦੇ ਲੋਕ ਉਨ੍ਹਾਂ ਨੂੰ ਸ਼ਿਕਾਇਤੀਆਂ ਦੇ ਨਾਂਅ ਨਾਲ ਜਾਣਦੇ ਸਨ।

ਸੀਤਾ ਮਰਾਸੀ ਕਹਿੰਦਾ, "ਹੁਣ ਨੂੰ ਤਾਂ ਯਾਰ ਜੁੜ ਜਾਣੀ ਚਾਹੀਦੀ ਸੀ। ਅੱਠ ਦਸ ਦਿਨ ਹੋ ਗੇ ਏਸ ਗੱਲ ਨੂੰ ਤਾਂ।"

ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਤੁਸੀਂ ਜੁੜਣ ਦੀ ਗੱਲ ਕਰਦੇ ਐ ਮੈਨੂੰ ਤਾਂ ਇਉਂ ਲੱਗਦਾ ਬਈ ਕਿਤੇ ਹੱਥਪਤਾਲ 'ਚੋਂ ਦੂਜੀ ਮਨਾ ਤੜਾ ਕੇ ਆ ਜੇ।"

ਬਾਬੇ ਚੰਨਣ ਸਿਉਂ ਨੇ ਪੁੱਛਿਆ, "ਕਿਉਂ ਕੀ ਗੱਲ ਹੋ ਗੀ। ਤੁਰਿਆ ਤਾਂ ਉਹਤੋਂ ਜਾਂਦਾ ਨੀ੍ਹ, ਦੂਜੀ ਕਿਮੇਂ ਤੜਾ ਲੂ ਬਈ। ਮੰਜੇ 'ਤੇ ਪਏ ਦੀ ਓ ਈਂ ਟੁੱਟ ਜੂ ਹੈਂਅ। ਲੱਤਾਂ ਕੁ ਕੰਚ ਦੇ ਗਲਾਸ ਐ ਬਈ ਤੱਤੀ ਚਾਹ ਪਾਇਆਂ ਤੋਂ ਈ ਤਿੜਕ ਜਾਣਗੇ।"

ਨਾਥਾ ਅਮਲੀ ਕਹਿੰਦਾ, "ਦੂਜੀ ਵੀ ਤੜਾਊਗਾ ਈ ਹੋਰ ਕੀ ਕਰੂ, ਸ਼ਕੈਤਾਂ ਕਰਨ ਦੀ ਆਦਤ ਤਾਂ ਜਾਂਦੀ ਨੀ੍ਹ। ਜੇ ਹੱਥਪਤਾਲ 'ਚ ਵੀ ਕਿਤੇ ਕਿਸੇ ਦੀ ਸ਼ਕੈਤ ਸ਼ਕੂਤ ਕਰ 'ਤੀ ਤਾਂ ਪੰਗਾ ਪੈਣਾ ਈਂ ਪੈਣਾ।"

ਸੀਤਾ ਮਰਾਸੀ ਕਹਿੰਦਾ, "ਓੱਥੇ ਵੀ ਪ੍ਰਭਾ ਕਰ 'ਤੀ ਸ਼ਕੈਤ। ਜੇ ਆਦਤੀ ਬੰਦੇ ਆਦਤ ਛੱਡ ਦੇਣ ਤਾਂ ਵਾਰੇਸ਼ਾਹ ਝੂਠਾ ਹੋ ਜੂ।"

ਕਰਮੇ ਮੈਂਬਰ ਨੇ ਪੁੱਛਿਆ, "ਹੱਥਪਤਾਲ 'ਚ ਕੀਹਦੀ ਸ਼ਕੈਤ ਕਰ 'ਤੀ?"

ਨਾਥਾ ਅਮਲੀ ਕਹਿੰਦਾ, "ਡਾਕਦਾਰ ਦੀ।"

ਬੁੱਘਰ ਦਖਾਣ ਕਹਿੰਦਾ, "ਉਹਦੀਆਂ ਤਾਂ ਪਹਿਲਾਂ ਈ ਬਾਹਲੀਆਂ ਸ਼ਕਾਇਤਾਂ ਹੁੰਦੀਐਂ। ਕੋਈ ਕਹਿੰਦਾ ਉਹਨੂੰ ਬੋਲਣਾ ਨੀ੍ਹ ਆਉਂਦਾ, ਕੋਈ ਕਹਿੰਦਾ ਹਰੇਕ ਦੇ ਗਲ ਪੈਂਦਾ। ਕੋਈ ਕਹੀ ਜਾਂਦਾ ਆਪ ਨੂੰ ਹੀਰਾ ਸਮਝਦਾ, ਦੂਜਿਆਂ ਨੂੰ ਕਹੂ ਕਾਣੀ ਕੌਡੀਉਂ ਖੋਟਾ।"

ਮਾਹਲਾ ਨੰਬਰਦਾਰ ਕਹਿੰਦਾ, "ਅਕਲ ਤਾਂ ਧੇਲੇ ਦੀ ਨੀ੍ਹ, ਆਵਦੇ ਆਪ ਨੂੰ ਸਮਝੂ ਬਈ ਖਣੀ ਮੈਂ ਈਂ ਸਿਆਣਾ ਸਾਰਿਆਂ ਤੋਂ।'

ਨਾਥਾ ਅਮਲੀ ਨੰਬਰਦਾਰ ਦੀ ਗੱਲ ਸੁਣ ਕੇ ਨੰਬਰਦਾਰ ਨੂੰ ਕਹਿੰਦਾ, "ਕਈ ਬੰਦੇ ਤਾਂ ਨੰਬਰਦਾਰਾ ਉਹਨੂੰ ਗਾਲ ਕੱਢਣ ਦੇ ਮਾਰੇ ਈ ਬਲਾਉਂਦੇ ਐ। ਆਹ ਆਪਣੇ ਪਿੰਡ ਆਲੇ ਜੰਗੇ ਰਾਹੀ ਦੇ ਮੁੰਡੇ ਲੱਖੇ ਦਾ ਕੁਸ ਦੁਖਦਾ ਦਖਦਾ ਤਾਂ ਹੁੰਦਾ ਨੀ੍ਹ ਤੇ ਨਾ ਈ ਓਹਨੇ ਕੋਈ ਦੁਆ ਬੂਟੀ ਕਰਾਉਣੀ ਹੁੰਦੀ ਐ, ਪਰ ਉਹਦੀ ਬੇਜਤੀ ਕਰਨ ਦਾ ਮਾਰਾ ਨਿੱਤ ਈ ਟੈਲੀਫੂਨ ਕਰਕੇ ਕਹੂ 'ਜੇ ਬਥਾੜਾ ਨੀ੍ਹ ਚੰਗਾ ਤਾਂ ਜਬਾਨ ਤਾਂ ਚੰਗੀ ਕਰ ਲਾ। ਗੰਦ ਨਾਲ ਲਿਬੜੀ ਵੀ ਸੂਰ ਦੀ ਪੂਛ ਅਰਗੀ ਬਣਾ ਕੇ ਜੀਭ, ਹਰੇਕ ਨੂੰ ਈਂ ਹਲਕੀ ਕੁੱਤੀ ਆਂਗੂੰ ਬੋਲਦੈਂ, ਸਾਲਾ ਚਰੜਗੁੱਗ ਜਾ ਨਾ ਹੋਵੇ ਤਾਂ'।"

ਬਾਬਾ ਚੰਨਣ ਸਿਉਂ ਕਹਿੰਦਾ, "ਨਹੀਂ ਯਾਰ ਆਏਂ ਤਾਂ ਨੀ੍ਹ ਕਹਿੰਦੇ ਹੋਣੇ ਲੋਕ। ਐਨੀ ਬੇਜਤੀ ਕਰਦੇ ਐ ਹੈਂਅ?"

ਨਾਥਾ ਅਮਲੀ ਫੇਰ ਬੋਲਿਆ, "ਤੂੰ ਤਾਂ ਬਾਬਾ ਕਦੇ ਸੁਣਿਐਂ ਨੀ੍ਹ ਬੋਲਦਾ। ਹਰੇਕ ਨੂੰ ਈ ਪੁੱਠਾ ਬੋਲੂ। ਲੋਕ ਵੀ ਗਾਲਾਂ ਕੱਢ-ਕੱਢ ਥੱਕ ਜਾਂਦੇ ਐ ਪਰ ਉਹ ਨੀ੍ਹ ਹਾਰਦਾ। ਪੂਰਾ ਮੋਟਾ ਢੀਠ ਐ।"

ਬਾਬਾ ਚੰਨਣ ਸਿਉਂ ਕਹਿੰਦਾ, "ਫੇਰ ਤਾਂ ਉਹ ਗੱਲ ਐ, ਅਕੇ ਕੇਰਾਂ ਲੋਕ ਕਿਸੇ ਸਾਧ ਨੂੰ ਕਹਿੰਦੇ 'ਬਾਬਾ ਜੀ! ਲੋਕ ਸੋਨੂੰ ਟਿੱਚ ਈ ਸਮਝਦੇ ਐਂ। ਸਾਧ ਮੂਹਰੋਂ ਕਹਿੰਦਾ 'ਮੈਂ ਸਾਰਿਆਂ ਨੂੰ ਟਿੱਚ ਸਮਝਦਾਂ'। ਉਹੀ ਗੱਲ ਫੇਰ ਇਹਦੀ ਐ।"

ਏਨੇ ਚਿਰ ਨੂੰ ਜਿਉਂ ਹੀ ਮੋਦਨ ਮਾਸਟਰ ਸੱਥ 'ਚ ਆਇਆ ਤਾਂ ਬਾਬੇ ਚੰਨਣ ਸਿਉਂ ਨੇ ਮਾਸਟਰ ਨੂੰ ਪੁੱਛਿਆ, "ਕਿਉਂ ਬਈ ਮਾਹਟਰ! ਕਹਿੰਦੇ ਆਪਣੇ ਪਿੰਡ ਆਲੇ ਹੱਥਪਤਾਲ ਆਲੇ ਡਾਕਦਾਰ ਨੂੰ ਜਦੋਂ ਕੋਈ ਫੂਨ ਫਾਨ ਕਰਦਾ ਜਾਂ ਮਿਲ ਕੇ ਕੋਈ ਗੱਲਬਾਤ ਕਰਦਾ ਉਹਨੂੰ ਵੱਢ ਖਾਣੀ ਕੁੱਤੀ ਆਂਗੂੰ ਪੈਂਦਾ, ਏਮੇਂ ਈ ਗੱਲ ਬਈ। ਕਿਸੇ ਵੱਡੇ ਅਸਫਰ ਉਸਫਰ ਨੂੰ ਕਹਿ ਕਹਾ ਕੇ ਬਦਲੀ ਬੁਦਲੀ ਕਰਾ ਕੇ ਓਧਰ ਬਾਡਰ ਬੂਡਰ 'ਤੇ ਸਿੱਟੋ ਪਰ੍ਹੇ।"

ਮਾਸਟਰ ਕਹਿੰਦਾ, "ਉਹਦੇ ਆਲੇ ਤਾਂ ਬਾਬਾ ਜੀ ਚੱਕ 'ਤੇ ਬਗੌੜ ਕੱਲ੍ਹ। ਜਦੋਂ ਨੌਕਰੀ ਤੋਂ ਲਾਹਿਆ ਨਾਹ, ਅਗਲਿਆਂ ਨੇ ਮਾਰਕੇ ਧੱਕੇ ਇਉਂ ਬਾਹਰ ਕੱਢ ਕੱਢਿਆ ਜਿਮੇਂ 'ਖੰਡ ਪਾਠ ਆਲੇ ਘਰੋਂ ਸ਼ਰਾਬੀ ਨੂੰ ਧੱਕੇ ਮਾਰ ਕੇ ਘਰੋਂ ਕੱਢਦੇ ਹੁੰਦੇ ਐ।"

ਨੰਬਰਦਾਰ ਨੇ ਪੁੱਛਿਆ, "ਗੱਲ ਕੀ ਹੋਈ ਸੀ ਬਈ?"

ਨਾਥਾ ਅਮਲੀ ਕਹਿੰਦਾ, "ਗੱਲ ਕੀ ਹੋਣੀ ਸੀ। ਅਗਲਿਆਂ ਨੇ ਵਾਹਸੜੀਏ ਆਂਗੂੰ ਪੂਜ ਕੇ ਰੱਖ 'ਤਾ। ਕਹਿੰਦੇ ਲੈ ਹੁਣ ਜਿੰਨਾਂ ਮਰਜੀ ਭੌਂਕੀਂ ਜਾਹ। ਹੁਣ ਇਉਂ ਤੁਰਿਆ ਫਿਰਦਾ ਹੋਊ ਜਿਮੇਂ ਕਿੱਲਾ ਪਟਾ ਕੇ ਔਂਟਲੀ ਵੀ ਮੱਝ ਤੁਰੀ ਫਿਰਦੀ ਹੁੰਦੀ ਐ।"

ਬਾਬੇ ਚੰਨਣ ਸਿਉਂ ਨੇ ਪੁੱਛਿਆ, "ਓਹਦੇ ਆਲੀ ਕੁਰਸੀ ਤਾਂ ਅਮਲੀਆ ਫਿਰ ਖਾਲੀ ਹੋ ਗੀ ਹੋਣੀ ਐ ਹੁਣ ਕੁ ਨਹੀਂ?"

ਅਮਲੀ ਕਹਿੰਦਾ, "ਅਗਲਿਆਂ ਨੇ ਪਹਿਲਾਂ ਨਮੇਂ ਨਾਲ ਗੱਲਬਾਤ ਕਰਕੇ ਫੇਰ ਈ ਕੱਢੀ ਐ ਕੁੱਤੀ ਪਕਾਹ 'ਚੋਂ। ਨਮੇਂ ਡਾਕਦਾਰ ਦੇ ਆਉਣ ਤੋਂ ਪਹਿਲਾਂ-ਪਹਿਲਾਂ ਈ ਪੰਜੀਰੀ ਦੇ ਕੇ ਤੋਰ 'ਤਾ।"

ਬੁੱਘਰ ਦਖਾਣ ਨੇ ਪੁੱਛਿਆ, "ਹੁਣ ਆਲਾ ਕਿਹੋ ਜਾ ਬਈ ਜਿਹੜਾ ਨਮਾਂ ਆਇਆ?"

ਸੀਤਾ ਮਰਾਸੀ ਕਹਿੰਦਾ, "ਕੀ ਗੱਲਾਂ ਪੁੱਛਦੈਂ ਮਿਸਤਰੀਆ। ਔਲੇ ਦੇ ਮਰੱਬੇ ਜਿੰਨਾਂ ਪੂਰਾ ਗੁਣਾਂਕਾਰੀ ਐ। ਜਦੋਂ ਨਮੇਂ ਡਾਕਦਾਰ ਨੇ ਆ ਕੇ ਫੂਕ ਮਾਰੀ, ਫੇਰ ਤਾਂ ਲੋਕਾਂ ਨੂੰ ਨਮੇਂ ਆਏ ਦਾ ਪੰਜ ਭਾਂਦੋਂ ਨੂੰ ਲਿਆਂਦੇ ਦਰੌਜੇ ਜਿੰਨਾਂ ਚਾਅ ਚੜ੍ਹ ਗਿਆ। ਪਹਿਲੇ ਦਿਨ ਈਂ ਲੋਕਾਂ ਨੇ ਬਲਾ ਬਲਾਕੇ ਸੱਸਰੀ ਕਾਲਾਂ ਗੁੜ 'ਚ ਲਿਬੜੇ ਮਸੰਦ ਅਰਗਾ ਕਰ 'ਤਾ। ਹੁਣ ਓਂਦੇ ਦੀ ਹੱਥਪਤਾਲ 'ਚ ਜਰਗ ਦੇ ਮੇਲੇ ਆਗੂੰ ਰੌਣਕ ਲੱਗੀ ਰਹਿੰਦੀ ਹੈ। ਲੋਕਾਂ ਨੂੰ ਗੱਲ ਕਰਨ ਦਾ ਟੈਮ ਈਂ ਨੀ੍ਹ ਮਿਲਦਾ।"

ਜੱਗੇ ਕਾਮਰੇਡ ਨੇ ਪੁੱਛਿਆ, "ਪਹਿਲਾ ਤਾਂ ਯਾਰ ਐਮੇਂ ਈ ਕੱਢਿਆ। ਉਹ ਕਿੱਧਰ ਨੂੰ ਤੋਰ 'ਤਾ ਬਈ?"

ਨਾਥਾ ਅਮਲੀ ਕਹਿੰਦਾ, "ਕੱਢਣਾ ਕੀਹਨੇ ਸੀ ਕਾਮਰੇਟਾ। ਆਵਦੀਂ ਕਰਤੂਤੀਂ ਨਿੱਕਲਿਆ ਜਦੋਂ ਕਿਸੇ ਨੂੰ ਮੂੰਹ ਨੀ੍ਹ ਸੀ ਬੋਲਦਾ। ਅਗਲਿਆਂ ਨੇ ਇਉਂ ਚੱਕ ਕੇ ਤੋਰ 'ਤਾ ਜਿਮੇਂ ਆਟੇ ਆਲੀ ਪਰਾਂਤ 'ਚੋਂ ਲਿਬੜਿਆ ਵਿਆ ਵੇਲਣਾ ਚੱਕੀ ਦਾ ਹੁੰਦਾ।"

ਗੱਲਾਂ ਕਰੀ ਜਾਂਦਿਆਂ ਤੋਂ ਮਾਘੀ ਚੌਂਕੀਦਾਰ ਸੱਥ 'ਚ ਆ ਕੇ ਬਾਬੇ ਚੰਨਣ ਸਿਉਂ ਨੂੰ ਕਹਿੰਦਾ, "ਬਾਬਾ ਜੀ! ਆਪਣੇ ਬੰਦਿਆਂ ਆਲੇ ਹੱਥਪਤਾਲ 'ਚ ਅੱਜ ਪਿੰਡ ਦਾ 'ਕੱਠ ਐ। ਸੋਨੂੰ ਵੀ ਸਾਰਿਆਂ ਨੂੰ ਓੱਥੇ ਸੱਦਿਆ। ਕਿਸੇ ਵੱਡੇ ਅਸਫਰ ਉਸਫਰ ਨੇ ਆਉਣੈ। ਘੁੱਲੇ ਸਰਪੈਂਚ ਨੇ ਕਿਹਾ ਬਈ ਜਿੰਨੇ ਬੰਦੇ ਸੱਥ 'ਚ ਬੈਠੇ ਐ ਉਨ੍ਹਾਂ ਸਾਰਿਆਂ ਨੂੰ ਕਹਿ ਕੇ ਆਈਂ।"

ਚੌਕੀਂਦਾਰ ਤੋਂ ਸੁਨੇਹਾ ਸੁਣਦੇ ਸਾਰ ਹੀ ਸੱਥ ਵਾਲੇ ਸਾਰੇ ਜਣੇ ਹਸਪਤਾਲ ਵੱਲ ਨੂੰ ਤੁਰ ਪਏ ਜਿਮੇਂ ਕਿਤੇ ਉਹ ਵੋਟਾਂ ਪਾਉਣ ਜਾਂਦੇ ਹੋਣ।

# ਪਰਵਾਸ ਦਾ ਰੁਝਾਨ



ਸੰਸਾਰ ਦੇ ਇਕ ਖਿੱਤੇ ਤੋਂ ਦੂਜੇ ਖਿੱਤੇ ਵਿਚ ਪਰਵਾਸ ਦਾ ਵਰਤਾਰਾ ਪੁਰਾਣੇ ਸਮਿਆਂ ਤੋਂ ਪ੍ਰਚਲਿਤ ਰਿਹਾ ਹੈ । ਮਨੁੱਖ ਦੇ ਸੱਭਿਅਕ ਹੋਣ ਦੇ ਸਮੇਂ ਤੋਂ ਹੀ ਉਸ ਦੇ ਮਨ ਅੰਦਰ ਨਵੀਆਂ ਥਾਵਾਂ, ਦਿਸ਼ਾਵਾਂ ਵੱਲ ਜਾਣ ਦੀ ਇੱਛਾ ਸ਼ਕਤੀ ਪੈਦਾ ਹੁੰਦੀ ਰਹੀ ਹੈ । ਆਰੀਆ ਲੋਕਾਂ ਦਾ ਭਾਰਤ ਵਿਚ ਪ੍ਰਵੇਸ਼ ਇਸੇ ਇੱਛਾ ਸ਼ਕਤੀ ਅਧੀਨ ਪਰਵਾਸ ਸੀ । ਮੁਗ਼ਲਾਂ ਨੇ ਭਾਰਤ 'ਤੇ ਸਿਰਫ਼ ਲੁੱਟ-ਖਸੁੱਟ ਦੀ ਖਾਤਰ ਹਮਲੇ ਕੀਤੇ ਪਰ ਹੌਲੀ-ਹੌਲੀ ਉਹ ਇੱਥੇ ਹੀ ਵਸ ਗਏ । ਪਰਵਾਸ ਅਜਿਹਾ ਸਰੋਕਾਰ ਹੈ, ਜੋ ਮਨੁੱਖ ਨੂੰ ਉਸ ਦੀਆਂ ਇੱਛਾਵਾਂ ਦੀ ਪੂਰਤੀ ਦੀ ਸੰਭਾਵਨਾ ਦਿੰਦਾ ਹੈ । ਇਹ ਅਜਿਹਾ ਰੁਝਾਨ ਹੈ, ਜਿਸ ਵਿਚ ਆਪਣੇ ਲਾਭਾਂ ਨੂੰ ਦੇਖਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਲੱਗਦਾ ਹੈ ਜਿਵੇ ਮਨੋਰਥ ਪਹਿਲਾ ਹੀ ਨਿਸ਼ਚਿਤ ਹੁੰਦੇ ਹਨ । 'ਪਰਵਾਸ' ਸ਼ਬਦ ਅੰਗਰੇਜ਼ੀ ਦੇ ਸ਼ਬਦ ਇਮੀਗ੍ਰੇਸ਼ਨ ਦਾ ਸਮਾਨਾਰਥੀ ਹੈ । ਇਹ ਪਰ+ਵਾਸ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ । 'ਪਰ' ਦਾ ਭਾਵ ਪਰਾਇਆ ਅਤੇ 'ਵਾਸ' ਤੋਂ ਭਾਵ ਹੈ ਵਸਣਾ ਅਰਥਾਤ ਮੂਲ ਸਥਾਨ ਛੱਡ ਕੇ ਕਿਸੇ ਹੋਰ ਸਥਾਨ ਉੱਤੇ ਜਾ ਕੇ ਵਸਣਾ ਪਰਵਾਸ ਹੈ । ਪਰਵਾਸ ਦਾ ਸਿਲਸਿਲਾ ਪੰਜਾਬੀ ਜੀਵਨ ਦਾ ਅਟੁੱਟ ਅੰਗ ਬਣਿਆ ਹੋਇਆ ਹੈ। ਵਿਸ਼ਵ ਦੇ ਸੱਤ ਮਹਾਦੀਪਾਂ 'ਚ ਜਿੱਥੇ ਵੀ ਆਬਾਦੀ ਸੰਭਵ ਹੈ , ਉੱਥੇ ਪੰਜਾਬੀਆਂ ਦੀ ਹੋਂਦ ਉਕਤ ਧਾਰਨਾ ਨੂੰ ਦ੍ਰਿੜਤਾ ਪ੍ਰਦਾਨ ਕਰਦੀ ਹੈ । ਉੱਨੀਵੀਂ ਸਦੀ ਦੇ ਅੰਤ ਵਿਚ ਬਰਤਾਨੀਆ ਸਰਕਾਰ ਵੱਲੋਂ ਨਵੇਂ ਸੁਧਾਰਾਂ ਦੀ ਆੜ ਵਿਚ ਪੰਜਾਬੀ ਕਿਸਾਨਾਂ ਉੱਤੇ ਠੋਸ ਨਵੇਂ ਮਾਮਲਿਆਂ ਤੇ ਕਰਜ਼ਿਆਂ ਨੇ ਤਿੰਨ ਲਾਇਲਾਜ ਬਿਮਾਰੀਆ ਦਿੱਤੀਆਂ ਕਾਲ, ਪਲੇਗ ਤੇ ਗ਼ਰੀਬੀ । ਨੌਜਵਾਨਾਂ ਸਾਹਮਣੇ ਇਨ੍ਹਾਂ ਤਿੰਨਾਂ ਤੋਂ ਛੁਟਕਾਰੇ ਦੇ ਰਾਹ ਵੀ ਤਿੰਨ ਸਨ, ਫ਼ੌਜ ਦੀ ਨੌਕਰੀ, ਬੇਰੁਜ਼ਗਾਰੀ ਤੇ ਪਰਦੇਸ । ਬੇਰੁਜ਼ਗਾਰੀ ਦੀ ਸਮੱਸਿਆ ਤੋਂ ਰਾਹਤ ਪ੍ਰਾਪਤ ਕਰਨ ਲਈ ਨੌਜਵਾਨਾਂ ਨੇ ਪਰਦੇਸ ਪਹਿਲ ਦੇ ਆਧਾਰ 'ਤੇ ਚੁਣਿਆ। 21ਵੀਂ ਸਦੀ ਤੋਂ ਉਪਰੰਤ ਪੱਛਮੀ ਦੇਸ਼ਾਂ ਨੇ ਪੁਆਇੰਟ ਸਿਸਟਮ ਅਧੀਨ ਪਰਵਾਸ ਨੂੰ ਉਤਸ਼ਾਹਿਤ ਕੀਤਾ। ਇਸ ਪ੍ਰਣਾਲੀ ਰਾਹੀਂ ਵਧੇਰੇ ਪੜ੍ਹੇ-ਲਿਖੇ ਨੌਜਵਾਨਾਂ ਨੇ ਪਰਵਾਸ ਧਾਰਨ ਕੀਤਾ। ਗ਼ੁਲਾਮ ਦੇਸ਼ਾਂ ਦੇ ਵਸਨੀਕ ਹੋਣ ਕਾਰਨ ਇਨ੍ਹਾਂ ਨਾਲ ਹੋਰਨਾਂ ਦੇਸ਼ਾਂ ਵਿਚ ਅਤਿ-ਘਟੀਆ ਵਰਤਾਉ ਕੀਤਾ ਜਾਂਦਾ ਸੀ । ਇਸ ਉਪਰੰਤ ਦੂਸਰੇ ਵਿਸ਼ਵ ਯੁੱਧ ਦੌਰਾਨ ਪੱਛਮੀ ਦੇਸ਼ਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਦੀ ਪੂਰਤੀ ਹਿੱਤ ਹੋਰਨਾਂ ਏਸ਼ੀਆਈ ਮੁਲਕਾਂ ਦੇ ਲੋਕਾਂ ਵਾਂਗ ਪੰਜਾਬੀਆਂ ਨੇ ਵੀ ਪੱਛਮੀ ਦੇਸ਼ਾਂ 'ਚ ਪਰਵਾਸ ਧਾਰਿਆ ਪਰ ਪਰਵਾਸੀਆਂ ਦੀ ਵਧਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾ ਨੇ ਕੁਝ ਪਾਬੰਦੀਆਂ ਆਇਦ ਕਰ ਦਿੱਤੀਆਂ । ਮੁੱਢਲੇ ਦੌਰ ਦੇ ਸਮੁੱਚੇ ਪਰਵਾਸੀ ਭਾਰਤੀਆਂ 'ਚੋਂ ਵਧੇਰੇ ਗਿਣਤੀ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਸੀ । ਭਾਰਤ ਦੀ ਆਜ਼ਾਦੀ ਉਪਰੰਤ ਪਰਵਾਸ ਵਿਚ ਵਸੇਬਾ ਕਰ ਕੇ ਕਮਾਈ ਕਰਨਾ ਪੰਜਾਬੀਆ ਲਈ ਵੰਡ ਉਪਰੰਤ ਅਜਿਹਾ ਕਿੱਤਾ ਹੋ ਨਿੱਬੜਿਆ ਹੈ , ਜੋ ਉਨ੍ਹਾਂ ਨੂੰ ਰਵਾਇਤੀ ਤੇ ਨਵ ਵਿਕਸਿਤ ਦੋਵੇਂ ਤਰ੍ਹਾਂ ਦੇ ਕਿੱਤਿਆਂ ਨਾਲੋਂ ਵਧੇਰੇ ਲੁਭਾਉਂਦਾ ਹੈ ।

**-ਪ੍ਰੋ. ਬਿਕਰਮਜੀਤ ਸਿੰਘ ਬਰਨਾਲਾ**

# ਦੇਸੀ ਤੜਕਾ

## ਪਾਲਕ ਪਨੀਰ ਪੀਜ਼ਾ



### ਸਮੱਗਰੀ

| | |
|---|---|
| 1 ਪੀਜ਼ਾ ਬੇਸ | 100 ਗ੍ਰਾਮ ਪਨੀਰ ਕੱਦੂਕਸ਼ ਕੀਤਾ ਹੋਇਆ, |
| 2 ਕਲੀਆਂ ਲਸਣ (ਪੀਸੀ ਹੋਈ), | ਨਮਕ, ਲਾਲ ਮਿਰਚ, |
| 100 ਗ੍ਰਾਮ ਤਾਜ਼ੇ ਪਾਲਕ ਦੇ ਪੱਤੇ (ਸਾਫ਼ ਕੀਤੇ ਹੋਏ), | ਕਾਲੀ ਮਿਰਚ ਪਾਊਡਰ, |
| ਚੀਜ਼ ਸਾਸ, | ਟਮਾਟਰ, |
| 100 ਗ੍ਰਾਮ ਪਨੀਰ (ਛੋਟੇ ਟੁਕੜੇ), | ਲਸਣ ਵਾਲੀ ਸਾਸ (ਟੋਮੈਟੋ ਗਾਰਲਿਕ ਸਾਸ) । |

ਵਿਧੀ : ਪੀਜ਼ਾ ਬੇਸ ਉੱਪਰ ਟਮਾਟਰ-ਲਸਣ ਦੀ ਸਾਸ ਪਾਓ । ਇਸ ਦੇ ਉੱਪਰ ਪਕਾਇਆ ਹੋਇਆ ਪਾਲਕ ਪਾਓ । ਫਿਰ ਚੀਜ਼ ਸਾਸ ਪਾਓ । ਉਸ ਉੱਪਰ ਕੱਦੂਕਸ਼ ਕੀਤਾ ਪਨੀਰ ਪਾਓ । ਇਸ 'ਤੇ ਪਨੀਰ ਦੇ ਟੁਕੜੇ ਅਤੇ ਪਨੀਰ ਫੈਲਾਓ । ਸਭ ਤੋਂ ਉੱਪਰ ਨਮਕ, ਕਾਲੀ ਮਿਰਚ, ਲਾਲ ਮਿਰਚ ਫੈਲਾਓ । ਹੁਣ ਪਹਿਲਾਂ ਤੋਂ ਗਰਮ ਓਵਨ ਵਿਚ ਰੱਖ ਕੇ 15 ਮਿੰਟ ਤੱਕ ਬੇਕ ਕਰੋ । ਪਨੀਰ ਸੁਨਹਿਰਾ ਹੋਣ 'ਤੇ ਤਾਜ਼ੇ ਸਲਾਦ ਨਾਲ ਪਰੋਸੋ ।

## ਬ੍ਰੈੱਡ ਦੇ ਦਹੀਂ ਭੱਲੇ



### ਸਮੱਗਰੀ

- ਬ੍ਰੈੱਡ-8 ਸਲਾਈਸ,
- ਦਹੀਂ-1 ਕਿਲੋ,
- ਵੇਸਣ-200 ਗ੍ਰਾਮ,
- ਹਰੀ ਮਿਰਚ-4,
- ਨਮਕ, ਲਾਲ ਮਿਰਚ,
- ਭੁੰਨਿਆ ਜ਼ੀਰਾ,
- ਹਰਾ ਧਨੀਆ,
- ਪਾਣੀ ਲੋੜ ਅਨੁਸਾਰ।

ਵਿਧੀ : ਸਲਾਈਸਾਂ ਨੂੰ 32 ਟੁਕੜੇ ਕੱਟ ਲਓ। ਵੇਸਣਵਿਚ ਲਾਲ ਮਿਰਚ ਅਤੇ ਨਮਕ ਪਾ ਕੇ ਘੋਲੋ। ਹੁਣ ਕੜਾਹੀ ਵਿਚ ਘਿਓ ਪਾ ਦਿਓ। ਸਲਾਈਸਾਂ ਦੇ ਟੁਕੜਿਆਂਨੂੰ ਵੇਸਣ ਵਿਚ ਭਿਉ ਕੇ ਤਲ ਲਓ। ਜਦੋਂ ਇਹ ਸੁਰਖ ਹੋ ਜਾਣ ਤਾਂ ਉਤਾਰ ਕੇ ਪਾਣੀ ਵਿਚ ਪਾ ਦਿਓ। ਫਿਰ ਦਹੀਂ ਨੂੰ ਚੰਗੀ ਤਰ੍ਹਾਂ ਫੈਂਟੋ ਅਤੇ ਉਸ ਵਿਚ ਨਮਕ ਪਾ ਦਿਓ। ਹੁਣ ਭੱਲੇ ਨਿਚੋੜ ਕੇ ਉਸ ਵਿਚ ਪਾਓ। ਉੱਪਰੋਂ ਬਰੀਕ ਪੀਸੀ ਲਾਲ ਮਿਰਚ, ਭੁੰਨਿਆ ਹੋਇਆ ਜ਼ੀਰਾ, ਹਰਾ ਧਨੀਆ ਅਤੇ ਹਰੀਆਂ ਮਿਰਚਾਂ ਨਾਲ ਸਜਾ ਦਿਓ। ਬ੍ਰੈੱਡ ਦੇ ਦਹੀਂ ਭੱਲੇ ਤਿਆਰ।

# ਤਕਨਾਲੋਜੀ ਟਾਈਮਜ਼

## ਮਾਈਕ੍ਰੋਸਾਫਟ 3 ਅਰਬ ਡਾਲਰ ਦਾ ਨਿਵੇਸ਼ ਕਰੇਗਾ, ਏ.ਆਈ. ਅਤੇ ਕਲਾਊਡ ਕੰਪਿਊਟਿੰਗ 'ਚ ਹੋਵੇਗਾ ਵਿਸਥਾਰ

ਮਾਈਕ੍ਰੋਸਾਫਟ ਨੇ ਭਾਰਤ ਵਿੱਚ ਕਲਾਊਡ ਕੰਪਿਊਟਿੰਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ 3 ਅਰਬ ਅਮਰੀਕੀ ਡਾਲਰ (ਲਗਭਗ 25,700 ਕਰੋੜ ਰੁਪਏ) ਦਾ ਵੱਡਾ ਨਿਵੇਸ਼ ਕਰਨ ਦਾ ਐਲਾਨ ਕੀਤਾ ਹੈ। ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਸੱਤਿਆ ਨਡੇਲਾ ਨੇ ਇਸ ਦੀ ਜਾਣਕਾਰੀ ਨਵੀਂ ਦਿੱਲੀ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ।

ਨਡੇਲਾ ਨੇ ਕਿਹਾ ਕਿ ਮਾਈਕ੍ਰੋਸਾਫਟ 2030 ਤੱਕ ਭਾਰਤ ਵਿੱਚ ਇੱਕ ਕਰੋੜ ਲੋਕਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਹੁਨਰਾਂ ਵਿੱਚ ਪ੍ਰਸ਼ਿਸ਼ਣ ਦੇਵੇਗਾ। ਇਹ ਕੰਪਨੀ ਵੱਲੋਂ ਕਿਸੇ ਇਕੋ ਦੇਸ਼ ਵਿੱਚ ਏ.ਆਈ. ਦੇ ਵਿਕਾਸ ਲਈ ਸਭ ਤੋਂ ਵੱਡਾ ਨਿਵੇਸ਼ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਭਾਰਤ ਨੂੰ ਏ.ਆਈ. ਦੇ ਖੇਤਰ ਵਿੱਚ ਸੰਸਾਰਿਕ ਆਗੂ ਬਣਾਉਣਾ ਹੈ।

ਮਾਈਕ੍ਰੋਸਾਫਟ ਆਪਣੀਆਂ ਕਲਾਊਡ ਕੰਪਿਊਟਿੰਗ ਸੇਵਾਵਾਂ ਅਜ਼ੂਰ ਬ੍ਰਾਂਡ ਦੇ ਤਹਿਤ ਪ੍ਰਦਾਨ ਕਰਦਾ ਹੈ। ਇਸ ਸੇਵਾ ਦੇ ਤਹਿਤ 60 ਤੋਂ ਵੱਧ ਖੇਤਰਾਂ




ਵਿੱਚ 300 ਤੋਂ ਵੱਧ ਡਾਟਾ ਸੈਂਟਰਾਂ ਨੂੰ ਸੰਚਾਲਿਤ ਕੀਤਾ ਜਾ ਰਿਹਾ ਹੈ। ਮਾਈਕ੍ਰੋਸਾਫਟ ਭਾਰਤ ਵਿੱਚ ਨਵੇਂ ਡਾਟਾ ਸੈਂਟਰਾਂ ਦੀ ਸਥਾਪਨਾ ਅਤੇ ਮੌਜੂਦਾ ਸਹੂਲਤਾਂ ਨੂੰ ਅੱਪਗਰੇਡ ਕਰਕੇ ਆਪਣੇ ਗ੍ਰਾਹਕਾਂ ਨੂੰ ਤੇਜ਼ ਅਤੇ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ ਲਈ ਕੰਮ ਕਰੇਗਾ।

ਸੱਤਿਆ ਨਡੇਲਾ ਨੇ ਦੱਸਿਆ ਕਿ ਭਾਰਤ ਵਿਚ ਡਿਜ਼ਿਟਲ ਟਕਸਾਲੀਕਰਨ ਅਤੇ ਕਲਾਊਡ ਸੇਵਾਵਾਂ ਦੀ ਮੰਗ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸੇ ਕਾਰਨ, ਮਾਈਕ੍ਰੋਸਾਫਟ ਨੇ ਭਾਰਤ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰਨ ਦਾ ਫੈਸਲਾ ਲਿਆ ਹੈ।

ਭਾਰਤ ਵਿਚ ਮਾਈਕ੍ਰੋਸਾਫਟ ਦਾ ਇਹ ਨਵਾਂ ਨਿਵੇਸ਼ ਨ ਕੇਵਲ ਅਗਲੇ ਕੁਝ ਸਾਲਾਂ ਵਿੱਚ ਸਥਾਨਕ ਆਰਥਿਕਤਾ ਨੂੰ ਮਜ਼ਬੂਤੀ ਦੇਵੇਗਾ, ਸਗੋਂ ਏ.ਆਈ. ਅਤੇ ਕਲਾਊਡ ਕੰਪਿਊਟਿੰਗ ਖੇਤਰਾਂ ਵਿੱਚ ਨਵੀਂ ਤਕਨੀਕੀ ਸਮਰੱਥਾਵਾਂ ਵੀ ਤਿਆਰ ਕਰੇਗਾ। ਇਸ ਨਾਲ ਨਵੇਂ ਰੋਜ਼ਗਾਰ ਦੇ ਮੌਕੇ ਬਣਨ ਦੀ ਸੰਭਾਵਨਾ ਹੈ ਅਤੇ ਭਾਰਤ ਵਿੱਚ ਨਵਾਚਾਰ ਨੂੰ ਵੀ ਮਜ਼ਬੂਤੀ ਮਿਲੇਗੀ। ਮਾਈਕ੍ਰੋਸਾਫਟ ਦਾ ਇਹ ਵੱਡਾ ਨਿਵੇਸ਼ ਭਾਰਤ ਨੂੰ ਡਿਜ਼ਿਟਲ ਭਵਿੱਖ ਲਈ ਤਿਆਰ ਕਰਨ ਅਤੇ ਗਲੋਬਲ ਪੱਧਰ 'ਤੇ ਡਿਜ਼ਿਟਲ ਤਕਨੀਕੀ ਖੇਤਰ ਵਿੱਚ ਮਜ਼ਬੂਤ ਸਥਿਤੀ ਪ੍ਰਦਾਨ ਕਰਨ ਵਿੱਚ ਯੋਗਦਾਨ ਪਵੇਗਾ।

## ਐਪਲ ਨੇ ਅਮਰੀਕਾ 'ਚ 185 ਕਰਮਚਾਰੀ ਨੌਕਰੀ ਤੋਂ ਕੀਤੇ ਬਰਖਾਸਤ

ਐਪਲ ਨੇ ਆਪਣੇ ਕਾਰਪੋਰੇਟ ਹੈੱਡਕੁਆਰਟਰ 'ਤੇ ਕੰਮ ਕਰਦੇ ਭਾਰਤੀ ਮੂਲ ਦੇ ਕਈ ਕਰਮਚਾਰੀਆਂ ਸਮੇਤ 185 ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਇਹ ਕਰਮਚਾਰੀ ਬਿਨਾਂ ਕਿਸੇ ਨੂੰ ਕੋਈ ਸੁਰਾਗ ਦਿੱਤੇ ਐਪਲ ਦੀ ਨੱਕ ਹੇਠੋਂ ਪੈਸੇ ਬਟੋਰ ਰਹੇ ਸਨ। ਲਾਸ ਏਂਜਲਸ ਕੈਲੀਫੋਰਨੀਆ ਵਿੱਚ ਇੱਕ ਕਾਉਂਟੀ ਜ਼ਿਲ੍ਹਾ ਅਟਾਰਨੀ ਨੇ ਉਸਦੀ ਧੋਖਾਧੜੀ ਦੇ ਬਾਰੇ ਖੁਲਾਸਾ ਕੀਤਾ ਹੈ ਕਿ ਇਹ ਕਰਮਚਾਰੀ ਕੀ ਕਰ ਰਹੇ ਸਨ। ਕੰਪਨੀ ਨੇ ਕਾਰਵਾਈ ਕਰਦਿਆਂ ਅਮਰੀਕਾ 'ਚ 3 ਸਾਲਾਂ ਤੋਂ ਐਪਲ ਨੂੰ ਚੂਨਾ ਲਗਾਉਣ ਵਾਲਿਆਂ ਵਿੱਚ ਭਾਰਤੀਆਂ ਸਮੇਤ 185 ਕਾਮਿਆਂ ਨੂੰ ਨੌਕਰੀਆਂ ਤੋ ਬਰਖ਼ਾਸਤ ਕਰ ਦਿੱਤਾ ਹੈ। ਜਿਸ ਨਾਲ ਇੱਕ ਵੱਡੀ ਧੋਖਾਧੜੀ ਦਾ ਪਰਦਾਫਾਸ਼ ਹੋਇਆ ਹੈ।

ਇਨ੍ਹਾਂ ਵਿੱਚ ਤੇਲਗੂ ਮੂਲ ਦੇ ਭਾਰਤੀ ਵੀ ਸ਼ਾਮਲ ਹਨ। ਇਸ ਸਮੂਹ ਨੇ ਅਮਰੀਕਾ ਵਿੱਚ ਤੇਲਗੂ ਚੈਰਿਟੀ ਸੰਸਥਾਵਾਂ ਦੀ ਵਰਤੋਂ ਕਰਕੇ ਕੰਪਨੀ ਦੀ ਨੀਤੀ ਦਾ ਸ਼ੋਸ਼ਣ ਕੀਤਾ ਅਤੇ ਤਕਨੀਕੀ ਕੰਪਨੀ ਐਪਲ ਨਾਲ ਧੋਖਾਧੜੀ ਕੀਤੀ। ਅਮਰੀਕੀ ਮੀਡੀਆ ਰਿਪੋਰਟਾਂ ਮੁਤਾਬਕ ਇਹ ਕਰਮਚਾਰੀ ਮੈਚਿੰਗ ਗ੍ਰਾਂਟ ਪ੍ਰੋਗਰਾਮ ਰਾਹੀਂ ਕੰਪਨੀ ਨਾਲ ਧੋਖਾਧੜੀ ਕਰ ਰਹੇ ਸਨ ਅਤੇ ਪੈਸੇ ਆਪਣੀ



ਜੇਬ 'ਚ ਪਾ ਰਹੇ ਸਨ। ਜਦੋਂ ਬਹੁਤ ਸਾਰੇ ਅਮਰੀਕੀ ਮੀਡੀਆ ਨੇ ਇਸ ਮਾਮਲੇ 'ਤੇ ਰਿਪੋਰਟ ਕੀਤੀ ਤਾਂ ਇਹ ਸਾਹਮਣੇ ਆਇਆ ਕਿ 3 ਦਸੰਬਰ 2024 ਨੂੰ ਸੈਂਟਾ ਕਲਾਰਾ ਕਾਉਂਟੀ ਜ਼ਿਲ੍ਹਾ ਅਟਾਰਨੀ ਦਫਤਰ ਦੁਆਰਾ ਇਸ ਘੁਟਾਲੇ ਵਿੱਚ ਸ਼ਾਮਲ ਪਹਿਲੀ ਟੀਮ ਵਿੱਚ ਸ਼ਾਮਲ ਲੋਕਾਂ ਦੇ ਨਾਮ ਸਾਹਮਣੇ ਆਏ ਸਨ।

ਬਾਅਦ ਵਿੱਚ ਇਹ ਸਾਹਮਣੇ ਆਇਆ ਕਿ ਐਪਲ ਦੇ ਇਹ ਕਰਮਚਾਰੀ ਵੱਡੇ ਪੱਧਰ 'ਤੇ ਕੰਪਨੀ ਦੇ ਚੈਰਿਟੀ ਪ੍ਰੋਗਰਾਮ ਦੀ ਦੁਰਵਰਤੋਂ ਕਰ ਰਹੇ ਸਨ। ਰਿਪੋਰਟ ਵਿੱਚ ਐਨਬੀਸੀ ਨੇ ਲਾਸ ਏਂਜਲਸ ਦੇ ਅਟਾਰਨੀ ਦਫਤਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਐਪਲ ਨੇ ਆਪਣੇ ਮੈਚਿੰਗ ਗ੍ਰਾਂਟ ਪ੍ਰੋਗਰਾਮ ਦੀ ਦੁਰਵਰਤੋਂ ਕਰਨ ਦੇ ਦੋਸ਼ੀ ਕਈ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ ਹੈ। ਰਿਪੋਰਟ ਅਨੁਸਾਰ ਐਪਲ ਨੇ ਆਪਣੇ ਚੈਰੀਟੇਬਲ ਮੈਚਿੰਗ ਗ੍ਰਾਂਟ ਪ੍ਰੋਗਰਾਮ ਨਾਲ ਸਬੰਧਤ ਧੋਖਾਧੜੀ ਦੀ ਜਾਂਚ ਤੋਂ ਬਾਅਦ ਆਪਣੇ ਕੂਪਰਟੀਨੋ ਹੈੱਡਕੁਆਰਟਰ ਤੋਂ 185 ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇੰਨਾਂ ਸਾਰੇ ਲੋਕਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਐਪਲ ਨਾਲ ਲਗਭਗ 152,000 ਹਜ਼ਾਰ ਡਾਲਰ ਦੀ ਧੋਖਾਧੜੀ ਕੀਤੀ ਅਤੇ ਕਥਿਤ ਇੰਨਾਂ ਧੋਖੇਬਾਜ਼ਾਂ ਵਿੱਚ ਭਾਰਤੀ ਨਾਗਰਿਕ ਵੀ ਸ਼ਾਮਲ ਹਨ। ਜੋ ਕੁਝ ਐਨ.ਜੀ.ਓਜ਼ ਦੇ ਨਾਲ ਮੁਲਾਜ਼ਮਾਂ ਦੀ ਮਿਲੀਭੁਗਤ ਸਾਹਮਣੇ ਆਈ ਹੈ। ਇਨ੍ਹਾਂ ਵਿੱਚੋਂ ਕੁਝ ਐਨ.ਜੀ.ਓ ਦੇ ਭਾਰਤੀ ਤੇਲਗੂ ਭਾਈਚਾਰੇ ਦੇ ਨਾਲ ਸਬੰਧ ਰੱਖਦੇ ਹਨ।

# ਕਾਵਿ ਕਿਆਰੀ

## ਮੇਰੀ ਸ਼ਕਤੀ

ਕਮਜ਼ੋਰੀਏ ਮੇਰੀ ਸ਼ਕਤੀਏ
ਮੇਰੀ ਬੰਦਗੀ ਤੇ ਭਗਤੀਏ
ਮਾਂ, ਭੈਣ, ਪਤਨੀ, ਧੀ ਤੂੰ
ਮੇਰੀ ਦੋਸਤੀ ਜ਼ਿੰਦਗੀ ਤੂੰ
ਮੇਰੀ ਜ਼ਿੰਦਗੀ ਦਾ ਸਾਰ ਤੂੰ
ਮੇਰੀ ਜਿੱਤ ਤੂੰ ਤੇ ਹਾਰ ਤੂੰ
ਮੇਰੀ ਜ਼ਿੰਦਗੀ ਦਾ ਰੰਗ ਤੂੰ
ਰਹਿਣਾ ਹਮੇਸ਼ਾ ਸੰਗ ਤੂੰ
ਐ ਨਦੀਏ ਨੀ ਐ ਧਰਤੀਏ
ਆ ਜ਼ਿੰਦਗੀ ਵੱਲ ਪਰਤੀਏ
ਨੀ ਰਾਣੀਏ ਪਟਰਾਣੀਏ
ਆ ਜ਼ਿੰਦਗੀ ਨੂੰ ਮਾਣੀਏ
ਐ ਤਿਤਲੀਏ ਨੀ ਬੱਦਲ਼ੀਏ
ਨੀ ਭੋਲ਼ੀਏ ਨੀ ਪਗਲੀਏ
ਆ ਜ਼ਿੰਦਗੀ ਨੂੰ ਬਦਲੀਏ
ਕਮਜ਼ੋਰੀਏ ਮੇਰੀ ਸ਼ਕਤੀਏ
ਮੇਰੀ ਬੰਦਗੀ ਤੇ ਭਗਤੀਏ
ਮਾਂ, ਭੈਣ, ਪਤਨੀ, ਧੀ ਤੂੰ
ਮੇਰੀ ਦੋਸਤੀ ਜ਼ਿੰਦਗੀ ਤੂੰ

**ਲੇਖਕ : ਕਰਮਜੀਤ ਸਿੰਘ ਗਰੇਵਾਲ**

## ਕਿਸੇ ਨੂੰ ਦੇਖ ਕੇ

ਕਿਸੇ ਨੂੰ ਦੇਖ ਕੇ ਸੜਿਆ ਨਾ ਕਰ,
ਬਹੁਤੀ ਬੁੜ ਬੁੜ ਕਰਿਆ ਨਾ ਕਰ।
ਸਾਰਾ ਦਿਨ ਹੀ ਲੜਿਆ ਨਾ ਕਰ,
ਜਣੇ ਖਣੇ ਕੋਲ ਖੜ੍ਹਿਆ ਨਾ ਕਰ।
ਝੂਠ ਦਾ ਪਾਣੀ ਭਰਿਆ ਨਾ ਕਰ,
ਸੱਚ ਬੋਲਦਾ ਡਰਿਆ ਨਾ ਕਰ।
ਕੰਮ ਕਰਨ ਤੋਂ ਟਲਿਆ ਨਾ ਕਰ,
ਹਰ ਰੋਜ਼ ਬਹਾਨੇ ਘੜਿਆ ਨਾ ਕਰ।
ਬੇਕਾਰ ਕਿਤਾਬਾਂ ਪੜ੍ਹਿਆ ਨਾ ਕਰ,
ਖ਼ਿਆਲਾਂ ਦੀ ਘੋੜੀ ਚੜ੍ਹਿਆ ਨਾ ਕਰ।
ਹਰ ਦਲਦਲ ਵਿੱਚ ਵੜਿਆ ਨਾ ਕਰ,
ਦਾਮਨ ਨੂੰ ਮੈਲਾ ਕਰਿਆ ਨਾ ਕਰ।
ਕਿਸੇ ਦੀ ਨਿੰਦਾ ਕਰਿਆ ਨਾ ਕਰ,
ਰੋਂਦਾ ਪਿਟਦਾ ਮਰਿਆ ਨਾ ਕਰ।
ਗਿੱਲੀ ਥਾਂ ’ਤੇ ਵਰ੍ਹਿਆ ਨਾ ਕਰ,
ਦਿਲਬਰ ’ਤੇ ਗੁੱਸਾ ਕਰਿਆ ਨਾ ਕਰ।
ਖ਼ੁਦ ਵਿੱਚ ਫੂਕਾਂ ਭਰਿਆ ਨਾ ਕਰ,
ਬਹੁਤੀ ਮੈਂ ਮੈਂ ਕਰਿਆ ਨਾ ਕਰ।
ਮਜ਼ਮਿਆਂ ਅੰਦਰ ਵੜਿਆ ਨਾ ਕਰ,
ਅੰਧ ਭਰੋਸਾ ਕਰਿਆ ਨਾ ਕਰ।

**ਲੇਖਕ : ਪੋਰਿੰਦਰ ਸਿੰਗਲਾ ‘ਢਪਾਲੀ’**
**ਸੰਪਰਕ: 95010-00276**

## ਮਹਿਕ

ਇਕ ਕੂੰਜ ਵਿਦਾ ਹੋਈ
ਇਕ ਪੌਣ ਜੁਦਾ ਹੋਈ
ਫੁੱਲਾਂ ਦੇ ਗਲ ਲੱਗ ਕੇ
ਅੱਜ ਮਹਿਕ ਬੜਾ ਰੋਈ
ਸਭ ਸੁੱਖ ਸਹੂਲਤ ਸੀ
ਮਮਤਾ ਦੀ ਦੌਲਤ ਸੀ
ਹੋਣੀ ਨੇ ਸੀ ਜੋ ਲਿਖਿਆ
ਆਖਿਰ ਨੂੰ ਉਹੀ ਹੋਈ
ਚਾਨਣ ਦੀਆਂ ਝਿੜਕਾਂ ਸੀ
ਬਾਬਲ ਦੀਆਂ ਝਿੜਕਾਂ ਸੀ
ਇਸ ਮਿੱਠੀ ਉਦਾਸੀ ਤੇ
ਹਰ ਰੀਝ ਫਿਦਾ ਹੋਈ
ਇਹ ਵਕਤ ਵੀ ਆਉਣੇ ਸੀ
ਘਰ ਹੋਰ ਬਣਾਉਣੇ ਸੀ
ਜਿੰਦ ਅੱਧੋ ਅੱਧ ਵੰਡਣੀ
ਇਹ ਕੇਹੀ ਸਜ਼ਾ ਹੋਈ
ਇਕ ਹੌਕਾ ਅੱਗ ਵਰਗਾ
ਇਕ ਹੌਕਾ ਜੱਗ ਵਰਗਾ
ਦੋਹਾਂ ਦੇ ਨਸੀਬ ਇੱਕੋ
ਇਹ ਕੇਹੀ ਰਜ਼ਾ ਹੋਈ
ਇਕ ਕੂੰਜ ਵਿਦਾ ਹੋਈ
ਇਕ ਪੌਣ ਜੁਦਾ ਹੋਈ
ਫੁੱਲਾਂ ਦੇ ਗਲ ਲੱਗ ਕੇ
ਅੱਜ ਮਹਿਕ ਬੜਾ ਰੋਈ

**ਲੇਖਕ : ਅਨੂਪ ਵਿਰਕ**

## ਵੇਲਿਓ ਕਵੇਲਿਓ

ਵੇਲਿਓ ਕਵੇਲਿਓ
ਚਿੱਤ ਪਈਆਂ ਫ਼ਿਕਰਾਂ
ਵੇਲਿਓ ਕਵੇਲਿਓ
ਅਖੇ ਮੇਰੀ ਉਘੜੀ
ਵੇਲਿਓ ਕਵੇਲਿਓ
ਕਾਲਜੇ ਨੂੰ ਗਾਲ ਗਾਲ
ਵੇਲਿਓ ਕਵੇਲਿਓ
ਸਾੜ ਸਾੜ ਅੱਖੀਆਂ
ਵੇਲਿਓ ਕਵੇਲਿਓ
ਰਾਤ ਦੇ ਉਨੀਂਦਰੇ
ਵੇਲਿਓ ਕਵੇਲਿਓ
ਕੁੰਡੀ ਮੇਰੀ ਖਿੜਕੀ
ਵੇਲਿਓ ਕਵੇਲਿਓ
ਬੂਹੇ ਧਿੱਕੇ ਝੱਖੜਾਂ
ਵੇਲਿਆਂ ਕਵੇਲਿਆਂ
ਸੱਜਣਾਂ ਦੇ ਆਣ ਦੇ
ਵੇਲਿਆਂ ਕਵੇਲਿਆਂ
ਪਾਏ ਨੇ ਭੁਲੇਖੜੇ

**ਲੇਖਕ : ਕਾਬਲ ਜਾਫ਼ਰੀ**

## ਦੋਸਤਾ

ਤੂੰ ਜਾਨਾਂ ਦਾ ਜਹਾਨ ਹੈ ਦੋਸਤਾ,
ਤੂੰ ਹੱਸਦਾ ਰਹੁ ਤੇ ਵੱਸਦਾ ਰਹੁ।

ਤੂੰ ਸ੍ਰੋਤ ਹੈ ਇਸ਼ਕ-ਮੁਹੱਬਤਾਂ ਦਾ,
ਦੁੱਖ-ਸੁੱਖ ਆਪਣੇ ਵੀ ਦੱਸਦਾ ਰਹੁ।
ਤੂੰ ਜਾਨਾਂ ਦਾ...

ਤੇਰੇ ਨੈਣਾਂ ਦੇ ਵਿੱਚ ਸਮੁੰਦਰ ਹੈ,
ਤੇ ਤੋਰ ਵਿੱਚ ਰਵਾਨੀ ਜਹੀ।

ਅੰਦਰ ਭੁੱਖ ਅਥਾਹ ਪਿਆਰ ਦੀ,
ਪਰ ਫੇਰ ਵੀ ਕੋਈ ਹੈਵਾਨੀ ਨਹੀਂ।

ਮੇਰੇ ਦਿਲ ਦੀਆਂ ਸਾਰੀਆਂ ਤਾਰਾਂ ’ਤੇ,
ਵਾਂਗੂੰ ਕਰੰਟ ਦੇ ਨੱਸਦਾ ਰਹੁ।
ਤੂੰ ਜਾਨਾਂ ਦਾ...

ਤੇਰੀ ਅੱਖ ਨਸ਼ੀਲੀ ਨਾਗਣੀ,
ਹਰ ਵਕਤ ਫੁੰਕਾਰੇ ਮਾਰਦੀ।

ਪਰ ਯਾਰ ਖ਼ੁਦਾ ਦੇ ਵਰਗੇ ’ਤੇ,
ਤਨ-ਮਨ ਸਭੇ ਕੁਝ ਹਾਰਦੀ।

ਇਹ ਮੇਰੇ ਲਈ ਇਬਾਦਤ ਹੈ,
ਭਾਵੇਂ ਨਾਗ ਵਾਂਗਰਾ ਡੱਸਦੀ ਰਹੁ।
ਤੂੰ ਜਾਨਾਂ ਦਾ...

ਤੇਰੇ ਹਾਸੇ ਦੇ ਵਿੱਚ ਸੁੰਦਰਤਾ,
ਪਰ ਰੋਸੇ ਵਿੱਚ ਕਰੂਰਤਾ ਨਹੀਂ।

ਮਿੱਠੇ ਮਿਸ਼ਰੀ ਵਰਗੇ ਬੋਲ ਨੇ,
ਸੁਪਨੇ ਵਿੱਚ ਵੀ ਕਰੂਪਤਾ ਨਹੀਂ।

ਉੱਚੇ ਆਸਮਾਂ ’ਚ ਉੱਡਣਾ ਹੈ ਜੇ,
ਧਰਤੀ ਦੀਆਂ ਤਲੀਆਂ ਝੱਸਦਾ ਰਹੁ।
ਤੂੰ ਜਾਨਾਂ ਦਾ...

ਤੂੰ ਰੁੱਖਾਂ ਦੇ ਵਾਂਗਰ ਸੰਘਣਾ ਹੈਂ,
ਨਾ ਛਾਵਾਂ ਦੇ ਵਿੱਚ ਭੇਦ ਕੋਈ।

ਫ਼ਲ ਤੋੜਨ ਲਈ ਪੱਥਰ ਵੱਜਣ,
ਤਾਂ ਵੀ ਨਹੀਓਂ ਖੇਦ ਕੋਈ।

ਇੰਝ ਖ਼ੁਸ਼ੀਆਂ ਦੇ ਮੋਤੀ ਖਿਲਾਰ ਕੇ,
‘ਮਨਜੀਤ’ ਮੋਹ ਜਾਲ਼ ਵਿੱਚ ਫਸਦਾ ਰਹੁ।

**ਲੇਖਕ : ਮਨਜੀਤ ਕੌਰ ਧੀਮਾਨ**
**ਸੰਪਰਕ: 94646-33059**

## ਸਿਆਣਿਆਂ ਦੇ ਸੱਚ

ਤੇਲ ਮੁੱਕਿਆਂ ਜਾਂਦਾ ਬੁਝ ਦੀਵਾ,
ਭਿੱਜੀ ਬੱਤੀ ਕਰੇ ਭੱਕ ਭੱਕ ਬੇਲੀ।
ਆਵੇ ਗੱਲ ਨਾ ਵੱਟ ਚੁੱਪ ਲਈਏ,
ਕਰੀਏ ਸੱਥ ‘ਚ ਨਾ ਬੱਕ ਬੱਕ ਬੇਲੀ।
ਬਾਲ ਆਪਣੀ ਹੀ ਸੇਕ ਲਈਏ,
ਬੇਗਾਨੀ ਸ਼ਹਿ ਨਾ ਰੱਖੀਏ ਅੱਖ ਬੇਲੀ।
ਜੀਹਦਾ ਲੱਗੇ ਦਾਅ ਲਾ ਜਾਂਦਾ,
ਗੌਂਅ ਕੱਢ ਕੇ ਜਾਂਦਾ ਡੱਸ ਬੇਲੀ।
ਹੁੰਦਾ ਕਿਸੇ ਦਾ ਨਾ ਸਕਾ ਕੋਈ,
ਉੱਡਦੀ ਧੂੜ ਦੀ ਹੁੰਦੇ ਫੱਕ ਬੇਲੀ।
ਕਰ ਕੁਰਕਰੀ ਦੇਵੇ ਵਿੱਚ ਗਲ਼ੇ,
ਦਿੰਦੀ ਬੰਦ ਜੋ ਕਰ ਨੱਕ ਬੇਲੀ।
ਬਿਨ ਪਰਖਿਆਂ ਇਤਬਾਰ ਕੀਤਾ,
ਤੋੜ ਦਿੰਦਾ ਆਖ਼ਰ ਲੱਕ ਬੇਲੀ।
ਉਦੋਂ ਮੱਤ ਨਾ ਟਿਕਾਣੇ ਰਹੇ ‘ਭਗਤਾ’,
ਜਦ ਅੱਖ ‘ਚ ਪੈ ਜਾਏ ਕੱਖ ਬੇਲੀ।

**ਲੇਖਕ : ਬਰਾੜ ‘ਭਗਤਾ ਭਾਈ ਕਾ’**
**+1-604-751-1113**

## ਉਠੋ ਨੌਜਵਾਨੋ

ਰਤਾ ਹੋਰ ਦੇਸਾਂ ਦੇ ਵਲ ਨਜ਼ਰ ਮਾਰੋ
ਉਠੋ ਨੌਜਵਾਨੋ ਤੇ ਹਿੰਮਤ ਨੂੰ ਧਾਰੋ ।
ਕਿਵੇਂ ਨੌਜਵਾਂ ਸੂਰਮੇ ਗਜ ਰਹੇ ਨੇ,
ਆਜ਼ਾਦੀ ਦੇ ਰਣ ਵਿਚ ਕਿਵੇਂ ਸਜ ਰਹੇ ਨੇ,
ਕਿਵੇਂ ਵਤਨ ਅਪਣੇ ਸਵਤੰਤਰ ਬਣਾ ਲਏ ਨੇ ?
ਆਜ਼ਾਦੀ ਦੇ ਵਾਜੇ ਕਿਵੇਂ ਵਜ ਰਹੇ ਨੇ,
ਦੁਖੀ ਵਤਨ ਆਪਣੇ ਦੀ ਹਾਲਤ ਸੰਵਾਰੋ,
ਉਠੋ ਨੌਜਵਾਨੋ ਤੇ ਹਿੰਮਤ ਨੂੰ ਧਾਰੋ ।
ਹਿੰਦੀ ਨੂੰ ਇੱਜ਼ਤ ਨਾ ਹੈ ਮਾਨ ਕਿਧਰੇ ।
ਧੱਕੇ ਨੇ ਕਿਧਰੇ ਤੇ ਅਪਮਾਨ ਕਿਧਰੇ ।
ਇਹ ਹੈਰਾਨ ਕਿਧਰੇ ਪਰੇਸ਼ਾਨ ਕਿਧਰੇ ।
ਦੁੱਖਾਂ ਤੋਂ ਇਸਦੀ ਛੁਟੇ ਜਾਨ ਕਿਧਰੇ ।
ਕਿਵੇਂ ਸ਼ੇਰ ਮਰਦੋ ਇਹ ਹੇਠੀ ਸਹਾਰੋ ?
ਉਠੋ ਨੌਜਵਾਨੋ ਤੇ ਹਿੰਮਤ ਨੂੰ ਧਾਰੋ ।
ਜਿਥੇ ਅਣਖ-ਵਤਨੀ ਜਗਾਈ ਜਵਾਨਾਂ ।
ਇਕੋ ਵੇਰ ਧਰਤੀ ਹਿਲਾਈ ਜਵਾਨਾਂ ।
ਗ਼ੁਲਾਮੀ ਦੀ ਲਾਹਨਤ ਮਿਟਾਈ ਜਵਾਨਾਂ ।
ਤੇ ਕੌਮਾਂ ਦੀ ਇਜ਼ਤ ਬਣਾਈ ਜਵਾਨਾਂ ।
ਹਿੰਦੀ ਜਵਾਨੋ ਉਠੋ ਬਲ ਨੂੰ ਧਾਰੋ ।
ਉਠੋ ਨੌਜਵਾਨੋ ਸਮੇਂ ਨੂੰ ਵਿਚਾਰੋ ।

**ਲੇਖਕ : ਹੀਰਾ ਸਿੰਘ ਦਰਦ**

## ਸੁਫ਼ਨਿਓਂ

ਸੁਫ਼ਨਿਓਂ ਸ਼ਿਕਵਾ ਤੁਹਾਡਾ ਸਮਝਦਾਂ
ਨੀਂਦ ਹੀ ਆਵੇ ਨਾ ਜੇ ਤਾਂ ਕੀ ਕਰਾਂ

ਬਖ਼ਸ਼ੀਆਂ ਤੂੰ ਇਸ ਕਦਰ ਤਨਹਾਈਆਂ
ਚੇਤਿਆਂ 'ਚੋਂ ਵਿਸਰੀਆਂ ਨੇ ਮਹਿਫ਼ਿਲਾਂ

ਸੋਚਦਾਂ ਹੁਣ ਨਾ ਕਰਾਂਗਾ ਇਸ਼ਕ ਮੈਂ
ਹਰ ਦਫ਼ਾ ਹੋ ਜਾਣ ਮਗਰੋਂ ਸੋਚਦਾਂ

ਚੀਰ ਕੇ ਜਦ ਵੇਖਿਆ ਉਸ ਦਿਲ ਮੇਰਾ
ਖ਼ੂਨ ਦੀ ਥਾਂ ਨਿਕਲੀਆਂ ਕੁਝ ਹਸਰਤਾਂ

ਦੂਰ ਹੋ ਕੇ ਪੁੱਛ ਰਿਹੈ ਕੀ ਹਾਲ ਨੇ
ਕੀ ਕਹਾਂ ਉਸ ਨੂੰ ਮੈਂ ਹੁਣ ਕੀ ਨਾ ਕਹਾਂ

ਆ ਗਿਆ ਬੱਦਲ ਵੀ ਓਦੋਂ ਵਰ੍ਹਨ ਲਈ
ਰਾਖ਼ ਹੋ ਚੁੱਕੀਆਂ ਜਦੋਂ ਸਭ ਬਸਤੀਆਂ

**ਲੇਖਕ : ਕਰਨਜੀਤ**

## ਔਰਤ

ਮੈਂ ਸੱਜਣਾ ਪਾਕ ਮੁਹੱਬਤ ਹਾਂ,
ਮੈਨੂੰ ਜਿਸਮਾਂ ਦੇ ਵਿਚ ਤੋਲੀਂ ਨਾ।
ਮੈਂ ਸ਼ਹਿਦ ਦੇ ਨਾਲੋਂ ਵਧ ਮਿੱਠੀ,
ਤੂੰ ਜ਼ਹਿਰ ਹਵਸ ਦਾ ਘੋਲੀਂ ਨਾ।
ਮੈਂ ਘੁਲੀ ਹਵਾ ਵਿਚ ਮਹਿਕ ਜਿਹੀ,
ਤੂੰ ਬੇ-ਪਤ ਦਾ ਰੰਗ ਡੋਲ੍ਹੀਂ ਨਾ।
ਮੈਂ ਸਿਰਜਣਹਾਰੀ ਹਾਂ ਜੱਗ ਦੀ,
ਕੋਈ ਲਫ਼ਜ ਮੰਦਾ ਮੈਨੂੰ ਬੋਲੀਂ ਨਾ।
ਕਰਾਂ ਮੁਹੱਬਤ ਤੈਨੂੰ ਗੂੜ੍ਹੀ ਸੱਜਣਾ ,
ਲਾ ਮਹਿਫਲਾਂ ਮੈਨੂੰ ਰੋਲੀਂ ਨਾ।
ਮੈਂ ਸੱਜਣਾ ਪਾਕ ਮੁਹੱਬਤ ਹਾਂ,
ਮੈਨੂੰ ਜਿਸਮਾਂ ਦੇ ਵਿਚ ਤੋਲੀਂ ਨਾ।

**ਲੇਖਕ : ਹਰਿੰਦਰ ਬੱਲ**

## ਤੇਰੀਆਂ ਗੱਲਾਂ

ਤੇਰੀਆਂ ਗੱਲਾਂ ਮੇਰੀਆਂ ਗੱਲਾਂ
ਜਾਣ ਕੇ ਲੋਕਾਂ ਫੇਰੀਆਂ ਗੱਲਾਂ
ਸਾਡੀਆਂ ਗੱਲਾਂ ਕੱਠੀਆਂ ਗੱਲਾਂ
ਕਰਿਆ ਕਰ ਕੁਝ ਮੱਠੀਆਂ ਗੱਲਾਂ
ਜੀਭ ਦੇ ਹੇਠ ਲੁਕਾਈਆਂ ਗੱਲਾਂ
ਗੱਲਾਂ ਨਾਲ ਰਲਾਈਆਂ ਗੱਲਾਂ
ਓਹਨੂੰ ਸਭ ਸਮਝਾਈਆਂ ਗੱਲਾਂ
ਫੇਰ ਵੀ ਕੰਮ ਨਾ ਆਈਆਂ ਗੱਲਾਂ
ਹੰਝੂਆਂ ਨਾਲ ਰਲਾ ਨਾ ਗੱਲਾਂ
ਕਰਕੇ ਹੁਣ ਪਰਤਾ ਨਾ ਗੱਲਾਂ
ਤੇਰੇ ਨਾਲ ਨਾ ਕਰਦੇ ਗੱਲਾਂ
ਹੋਵਣ ਆਸੇ ਪਾਸੇ ਗੱਲਾਂ
'ਕਾਸਿਮ' ਕਰ ਤੂੰ ਸੱਚੀਆਂ ਗੱਲਾਂ
ਗਲ ਪੈ ਜਾਵਣ ਕੱਚੀਆਂ ਗੱਲਾਂ

**ਲੇਖਕ : ਕਾਸਿਮ ਅਲੀ**

## ਵੇਹੜੇ ਵਿਚ

ਵੇਹੜੇ ਦੇ ਵਿਚ ਕੰਧ ਬਣਾਈ ਬੈਠੇ ਨੇ ।
ਵੇਖੋ ਸੱਜਣ ਵੰਡੀਆਂ ਪਾਈ ਬੈਠੇ ਨੇ ।
ਉਹੋ ਰੁਸ਼ਵਾ ਹੋ ਗਏ ਵਿੱਚ ਜ਼ਮਾਨੇ ਦੇ,
ਜਿਹੜੇ ਆਪਣਾ ਦੀਨ ਭੁਲਾਈ ਬੈਠੇ ਨੇ ।
ਉਹੋ ਖ਼ੈਰਾਂ ਮੰਗਦੇ ਦੇਖੇ ਰੱਬ ਕੋਲੋਂ,
ਲੁੱਟ ਕੇ ਜਿਹੜੇ ਯਾਰ ਖ਼ੁਦਾਈ ਬੈਠੇ ਨੇ ।
ਰੱਬ ਜਾਣੇ ਕੀ ਦੁੱਖ ਉਨ੍ਹਾਂ ਨੂੰ ਹੋਇਆ ਏ,
ਜਿਹੜੇ ਅੱਖ ਚੋਂ ਨੀਰ ਵਗਾਈ ਬੈਠੇ ਨੇ ।
ਧਰਤੀ ਤੇ ਜੋ ਮੰਗਦੇ ਚਾਨਣ ਖ਼ਲਕਤ ਲਈ,
ਦੀਵੇ ਲਹੂ ਦੇ ਨਾਲ ਜਲਾਈ ਬੈਠੇ ਨੇ ।
ਰੱਬ ਉਨ੍ਹਾਂ ਨੂੰ ਇਕ ਦਿਨ ਸੁੱਖ ਵਿਖਾਵੇਗਾ,
ਪੰਡ ਗ਼ਮਾਂ ਦੀ ਜਿਹੜੇ ਚਾਈ ਬੈਠੇ ਨੇ ।
ਜੀਹਨਾਂ ਏਥੇ ਕੀਤੇ ਕੰਮ ਭਲਾਈ ਦੇ,
ਕਰਕੇ ਇੱਜ਼ਤ ਦੂਣ-ਸਵਾਈ ਬੈਠੇ ਨੇ ।
ਸੋਚਾਂ ਦਾ ਮੁੱਲ ਉਨ੍ਹਾਂ ਕੋਲੋਂ ਪੁੱਛ 'ਕੈਫ਼ੀ'
ਅੱਖਰਾਂ ਨਾਲ ਜੋ ਯਾਰੀ ਲਾਈ ਬੈਠੇ ਨੇ ।

**ਲੇਖਕ : ਕਰਮ ਅਲੀ ਕੈਫ਼ੀ**

## ਗ਼ਜ਼ਲ

ਵਾਓ ਨੇ ਹੜੱਪ ਲਈ, ਜਗਾ ਹੁਣ ਵਾਹ ਦੀ।
ਹਾਂ, ਹੂੰ ਵੀ ਭੇਟ ਚੜ੍ਹ ਗਏ ਨੇ ਹੁਣ ਯਾਹ ਦੀ।
ਉਹ, ਏਥੇ ਹੀ ਹੈਗਾ ਜਾਂ ਏਥੇ ਹੀ ਮੌਜੂਦ ਹੈ,
ਧੁਨ ਹੈ ਸੁਣਾਈ ਦਿੰਦੀ ‘ਉਹ’ ਹੈਗਾ ਗਾ ਦੀ।
ਪਾਪਾ ਜੀ, ਪਿਤਾ ਜੀ ਭਲਾ ਹੁਣ ਕੌਣ ਬੋਲਦਾ,
ਤੂਤੀ ਹੋਵੇ ਬੋਲਦੀ, ਜਦੋਂ ਸ਼ਬਦ ‘ਪਾ’ ਦੀ।
ਨੇਰਾ ਹੋਇਆ ਕੋਈ ਜਣਾ ਬੱਤੀ ਨੂੰ ਜਗਾਓ,
ਆਖਦਾ ਏ ਯੁਵੀ, ਦਾਦੂ ਕੈਂਡਲ ਜਲਾ ਦੀ।
ਸਤਿ ਸ੍ਰੀ ਅਕਾਲ ਜੀ ਨਾਲ਼ੇ ਮੱਥਾ ਟੇਕਦਾਂ,
‘ਹਾਏ’ ਨੇ ਤਾਂ ਅਦਬ ਬਣਾਤੀ ਬੇਸੁਆਦੀ।
ਪਤੇ ਦੀ ਹੈ ਗੱਲ, ਕਿਸੇ ਕੋਲ ਨਹੀਂ ਕਰਨੀ,
ਸੌਰੀ ਬੜੇ ਪਾਪਾ ਸੌਰੀ, ਮੈਨੇ ਤੋ ਬਤਾ ਦੀ।
ਘਰ ਇੱਕ ਬਾਈ ਰੱਖੀ, ਸਾਫ਼-ਸਫ਼ਾਈ ਨੂੰ,
ਘਰਵਾਲ਼ੀ ਪੁੱਛੇ ਉਹਨੂੰ, ਪੋਛਾ ਤੋ ਲਗਾ ਦੀ?
ਮੂਲ ਜੋ ਸ਼ਬਦ ਆਪਾਂ, ਖ਼ੁਦ ਹੀ ਵਿਸਾਰਤੇ,
‘ਅਮਨ’ ਪੰਜਾਬੀ ਬੋਲੀ, ਬੋਲੀ ਹੈ ਖ਼ੁਦਾ ਦੀ।

**ਲੇਖਕ : ਅਮਨ ਦਾਤੇਵਾਸੀਆ**
**ਸੰਪਰਕ: 94636-09540**

## ਇੰਟਰਨੈੱਟ

ਦੁਨੀਆਂ ਮੁੱਠੀ ਦੇ ਵਿੱਚ ਬੰਦ
ਕੁਲ ਲੋਕਾਈ ਕਰੇ ਪਸੰਦ।
ਵੱਡਾ ਸੋਮਾ ਗਿਆਨ ਦਾ
ਹੈ ਇਲਮ ਅਕਲਾਂ ਜਾਣਦਾ।

ਘੱਲਣਾ ਸੁਨੇਹਾ ਖੇਲ੍ਹ ਹੈ
ਚਿੱਠੀ ਨਹੀਂ ਈ-ਮੇਲ ਹੈ।
ਦੂਰ ਦੁਰਾਡੇ ਕਰੀਏ ਗੱਲਾਂ
ਵੈੱਬ ਕੈਮਰੇ ਮਾਰੀਆਂ ਮੱਲਾਂ।

ਫੇਸਬੁੱਕ ਵੀ ਬੜੀ ਕਮਾਲ
ਬੁਣਦੀ ਮੇਲ ਜੋਲ ਦਾ ਜਾਲ।
ਟਵਿੱਟਰ ਬਣਿਆ ਲੋਕ ਪਸੰਦ
ਵਰਤੋ ਬਲਾਗ ਹੈ ਲਾਹੇਵੰਦ।

ਖੇਡਾਂ ਫ਼ਿਲਮਾਂ ਤੇ ਸੰਗੀਤ
ਈ-ਸ਼ਾਪਿੰਗ ਦੀ ਪੈ ਗਈ ਰੀਤ।
ਲੈਪਟਾਪ, ਕੰਪਿਊਟਰ, ਮੋਬਾਈਲ
ਇੰਟਰਨੈੱਟ ਦੀ ਚਹਿਲ-ਪਹਿਲ।

ਭਰਿਆ ਸਾਗਰ ਗਿਆਨ ਦਾ
ਮੁਹਤਾਜ ਨਹੀਂ ਪਹਿਚਾਣ ਦਾ।
ਅੱਜ ਬੱਚਾ ਬੱਚਾ ਜਾਣਦਾ
ਇਹਨੂੰ ਜਾਣਦਾ ਹੈ ਮਾਣਦਾ।

ਜਿਹੜਾ ਨਾ ਇਸ ਨੂੰ ਜਾਣਦਾ
ਨਹੀਓਂ ਵਕਤ ਦੇ ਹਾਣ ਦਾ।
ਹੁੰਦੀ ਗੱਲ ਉਸ ਵੇਲੇ ਮਾੜੀ
ਰੁੱਸਦੇ ਘਰ ਦੇ ਰੁੱਸਦੇ ਆੜੀ।

ਲੋੜ ’ਤੇ ਕਰੀਏ ਇਸਤੇਮਾਲ
ਇੰਟਰਨੈੱਟ ’ਤੇ ਨਾ ਉੱਠਣ ਸਵਾਲ।

**ਲੇਖਕ : ਹਰੀ ਕ੍ਰਿਸ਼ਨ ਮਾਇਰ**

## ਕੁਸ਼ਤੀ

ਧੀਏ!
ਤੂੰ ਕੁਸ਼ਤੀ ਨੂੰ ਅਲਵਿਦਾ
ਕਹਿ ਦਿੱਤਾ ਹੈ-
ਨਮ ਅੱਖਾਂ ਨਾਲ।
ਅੱਖਾਂ ਨਮ ਨਾ ਕਰ।
ਤੂੰ ਜ਼ਿੰਦਗੀ ਦੇ ਘੋਲ ਵਿੱਚ ਪੈਰ ਪੱਕੇ
ਕਰ ਲਏ ਨੇ।
ਜ਼ਿੰਦਗੀ ਦੇ ਘੋਲਾਂ ਦੀ ਕੁਸ਼ਤੀ ਤਾਂ
ਤਾਉਮਰ ਚਲਦੀ ਹੈ।
ਏਥੇ ਉਹ ਮੈਡਲ ਨਹੀਂ ਮਿਲਦੇ
ਜੋ ਡਰਾਇੰਗ-ਰੂਮ ਦਾ
ਸ਼ਿੰਗਾਰ ਬਣਦੇ ਨੇ।
ਲੋਕਾਂ ਦੇਖਿਆ ਹੈ ਕਿ
ਨਵੀਂ ਇਮਾਰਤ
ਉਦਘਾਟਨੀ ਸਮਾਰੋਹ ’ਤੇ ਹੀ
ਸ਼ਰਮਿੰਦਾ ਹੋ ਰਹੀ ਸੀ।
ਜਦ ਤੇਰੇ ਹੱਥ ਵਿਚਲੇ ਤਿਰੰਗੇ ਨੂੰ
ਦੇਸ਼ ਦੇ ‘ਰਾਖਿਆਂ’ ਵੱਲੋਂ ਪੈਰਾਂ ਥੱਲੇ
ਕੁਚਲਿਆ ਜਾ ਰਿਹਾ ਸੀ।
ਯਾਦ ਰੱਖੀਂ ਧੀਏ!
ਜਿੱਤ ਉਨ੍ਹਾਂ ਲੋਕਾਂ ਦੀ ਨਹੀਂ ਹੁੰਦੀ
ਜੋ ਵੋਟ ਪਰਚੀ ਨਾਲ ਹੋਰਾਂ ਨੂੰ
ਮਾਤ ਪਾ ਦਿੰਦੇ ਨੇ।
ਜਾਂ ਬਾਹੂਬਲ ਨਾਲ ਦਬਾ ਦਿੰਦੇ ਨੇ
ਸੱਚ ਦੀਆਂ ਆਵਾਜ਼ਾਂ ਨੂੰ।
ਕੁਚਲ ਦਿੰਦੇ ਨੇ ਪਰਵਾਜ਼ਾਂ ਨੂੰ।
ਜਿੱਤ ਉਨ੍ਹਾਂ ਲੋਕਾਂ ਦੀ ਹੁੰਦੀ ਹੈ
ਜੋ ਸੰਘਰਸ਼ਾਂ ’ਚ ਹਾਰ ਨਹੀਂ ਮੰਨਦੇ।
ਬੇਸ਼ਕ ਹਾਰਦੇ ਨੇ
ਪਰ ਉਹ ਕਦੇ ਸਿਰੜ ਨਹੀਂ ਹਾਰਦੇ।
‘ਕੁਸ਼ਤੀ’ ਨੂੰ ਅਲਵਿਦਾ ਆਖਦਿਆਂ
ਤੇਰੀਆਂ ਨਮ ਅੱਖਾਂ ਨਾਲ
ਹੋਰ ਲੱਖਾਂ ਅੱਖਾਂ ਨਮ ਹੋਈਆਂ ਨੇ
ਜੋ ਤੇਰੀ ਜਿੱਤ ਦੀ ‘ਸਾਕਸ਼ੀ’
ਭਰਦੀਆਂ ਨੇ।

**ਲੇਖਕ :ਕੁਲਵਿੰਦਰ ਸਿੰਘ ਮਲੋਟ**
**ਸੰਪਰਕ: 98760-64576**

# ਨਾਰੀ ਸੰਸਾਰ



# ਪੇਕੇ ਮਾਂਵਾਂ ਨਾਲ ਮਾਣ ਭਰਾਵਾਂ ਨਾਲ

ਲੇਖਕ : ਪ੍ਰਵੀਨ ਅਬਰੋਲ
ਮੋਬਾਈਲ : 98782-49944.

ਇਕੋ ਮਾਂ ਦੇ ਪੇਟ ਵਿਚੋਂ ਜਨਮ ਲੈਣ ਵਾਲੇ ਭੈਣ-ਭਰਾਵਾਂ ਦਾ ਰਿਸ਼ਤਾ ਵੀ ਬਹੁਤ ਪਵਿੱਤਰ ਹੁੰਦਾ ਹੈ। ਅੱਜ ਵੀ ਜਦੋਂ ਵਿਆਹ-ਸ਼ਾਦੀ ਦੇ ਸਮੇਂ 'ਤੇ ਭਰਾ ਭੈਣ ਦੇ ਘਰ ਖੁਸ਼ੀ ਨਾਲ ਪਹੁੰਚਦਾ ਹੈ ਤਾਂ ਗੀਤ ਗਾਏ ਜਾਂਦੇ ਹਨ, 'ਵੇਲੇ ਦੇ ਵੇਲੇ ਹਾਜ਼ਰ ਹੋਏ ਨੀ ਮੇਰੀ ਅੰਮਾ ਦੇ ਜਾਏ।'

ਕੁਝ ਸਮਾਂ ਪਹਿਲਾਂ ਗਰਮੀਆਂ ਦੀਆਂ ਛੁੱਟੀਆਂ ਹੁੰਦੀਆਂ ਹੀ ਮਾਵਾਂ-ਧੀਆਂ ਨੂੰ ਉਡੀਕਣਾਂ ਸ਼ੁਰੂ ਕਰ ਦਿੰਦੀਆਂ ਸਨ ਕਿ ਕਦੋਂ ਬੱਚਿਆਂ ਨੂੰ ਲੈ ਕੇ ਨਾਨਕੇ ਆਉਣਗੀਆਂ। ਦੂਜੇ ਪਾਸੇ ਬੱਚੇ ਵੀ ਦਿਨ ਗਿਣਦੇ ਸਨ ਕਿ ਕਦੋਂ ਨਾਨਕੇ ਜਾਵਾਂਗੇ। ਉਹ ਤਾਂ ਉਨ੍ਹਾਂ ਲਈ ਗਰਮੀਆਂ ਦਾ ਸਭ ਤੋਂ ਵੱਡਾ ਪਹਾੜੀ ਸਥਾਨ ਸੀ, ਜਿਥੇ ਹਰ ਤਰ੍ਹਾਂ ਦਾ ਮਨਪਸੰਦ ਖਾਣਾ-ਪੀਣਾ, ਮੌਜ-ਮਸਤੀ, ਘੁੰਮਣ-ਫਿਰਨ ਦੇ ਨਾਲ ਨਾਨੀ ਵਲੋਂ ਸਾਲ ਭਰ ਦੇ ਸਾਰੇ ਵਾਅਦੇ ਪੂਰੇ ਕੀਤੇ ਜਾਂਦੇ ਸਨ। ਧੀਆਂ ਵੀ ਪੇਕੇ ਜਾ ਕੇ ਆਪਣੇ ਬਚਪਨ ਦੀਆਂ ਯਾਦਾਂ ਵਿਚ ਖੋ ਜਾਂਦੀਆਂ ਸਨ ਅਤੇ ਬੱਚਿਆਂ ਨਾਲ ਸਾਂਝੀਆਂ ਕਰਦੀਆਂ ਸਨ। ਭਾਵੇਂ ਧੀ ਦੇ ਵਿਆਹ ਤੋਂ ਬਾਅਦ ਮਾਂ ਦੇ ਘਰ ਵਿਚ ਬਹੁਤ ਕੁਝ ਬਦਲ ਚੁੱਕਾ ਹੁੰਦਾ ਹੈ ਪਰ ਫਿਰ ਵੀ ਉਸ ਨੂੰ ਆਪਣਾ ਬਚਪਨ ਇਥੇ ਹੀ ਨਜ਼ਰ ਆਉਂਦਾ ਹੈ, ਜਿਥੇ ਉਹ ਗੁੱਡੀਆਂ-ਪਟੋਲਿਆਂ ਨਾਲ ਖੇਡਦੀ ਸੀ। ਮਾਂ ਦੇ ਘਰ ਆ ਕੇ ਉਸ ਨੂੰ ਦੁਨੀਆ ਭਰ ਦੀਆਂ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ। ਇਸ ਕਰਕੇ ਤਾਂ ਕਹਿੰਦੇ ਨੇ ਸਹੁਰੇ ਘਰ ਹੁੰਦਿਆਂ ਵੀ ਧੀਆਂ ਦਾ ਦਿਲ ਮਾਂ ਕੋਲ ਹੁੰਦਾ ਹੈ। ਮੀਲਾਂ ਪਰੇ ਬੈਠੀ ਵੀ ਮਾਂ ਧੀ ਦੇ ਦੁੱਖ-ਸੁੱਖ ਨੂੰ ਸਮਝ ਸਕਦੀ ਹੈ।

ਹਮੇਸ਼ਾ ਸਮਾਂ ਇਕੋ ਜਿਹਾ ਤਾਂ ਨਹੀਂ ਰਹਿੰਦਾ, ਸਭ ਨੂੰ ਪਤਾ ਹੈ ਕਿ ਮਾਪੇ ਹਮੇਸ਼ਾ ਨਾਲ ਨਹੀਂ ਨਿਭਦੇ। ਸਮਾਜ ਵਿਚ ਵੀ ਕੁਝ ਇਸ ਤਰ੍ਹਾਂ ਦੇ ਰਿਵਾਜ ਬਣਾਏ ਗਏ ਹਨ ਜਿਵੇਂ ਰੱਖੜੀ ਦਾ ਤਿਉਹਾਰ, ਨਾਨਕੀ ਛੱਕ ਆਦਿ ਤਾਂ ਕਿ ਭੈਣ-ਭਰਾਵਾਂ ਦਾ ਮੇਲ-ਮਿਲਾਪ ਹਮੇਸ਼ਾ-ਹਮੇਸ਼ਾ ਬਣਿਆ ਰਹੇ। ਹਰ ਧੀ ਨੂੰ ਆਪਣੇ ਭਰਾ ਵਿਚ ਬਾਪ ਅਤੇ ਭਰਜਾਈ ਵਿਚ ਮਾਂ ਦੀ ਝਲਕ ਵੇਖਣੀ ਚਾਹੀਦੀ ਹੈ। ਮਾਂ-ਬਾਪ ਚਲੇ ਜਾਣ ਤੋਂ ਬਾਅਦ ਭਰਾ-ਭਰਜਾਈ ਨੂੰ ਵੀ ਭੈਣਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਕਦੇ ਮਹਿਸੂਸ ਨਹੀਂ ਹੋਣ ਦੇਣਾ ਚਾਹੀਦਾ ਕਿ ਪੇਕਾ ਘਰ ਬੇਗਾਨਾ ਹੋ ਗਿਆ। ਸਮੇਂ-ਸਮੇਂ 'ਤੇ ਭੈਣਾਂ ਦੀ ਸੁੱਖ-ਸਾਂਦ ਪੁੱਛਦਿਆਂ ਰਹਿਣਾ ਚਾਹੀਦਾ ਹੈ। ਇਕੋ ਮਾਂ ਦੇ ਪੇਟ ਵਿਚੋਂ ਜਨਮ ਲੈਣ ਵਾਲੇ ਭੈਣ-ਭਰਾਵਾਂ ਦਾ ਰਿਸ਼ਤਾ ਵੀ ਬਹੁਤ ਪਵਿੱਤਰ ਹੁੰਦਾ ਹੈ। ਅੱਜ ਵੀ ਜਦੋਂ ਵਿਆਹ-ਸ਼ਾਦੀ ਦੇ ਸਮੇਂ 'ਤੇ ਭਰਾ ਭੈਣ ਦੇ ਘਰ ਖੁਸ਼ੀ ਨਾਲ ਪਹੁੰਚਦਾ ਹੈ ਤਾਂ ਗੀਤ ਗਾਏ ਜਾਂਦੇ ਹਨ, 'ਵੇਲੇ ਦੇ ਵੇਲੇ ਹਾਜ਼ਰ ਹੋਏ ਨੀ ਮੇਰੀ ਅੰਮਾ ਦੇ ਜਾਏ।' ਧੀ ਵੀ ਬੜਾ ਮਾਣ ਮਹਿਸੂਸ ਕਰਦੀ ਹੈ ਕਿ ਮਾਂ ਦੀ ਗ਼ੈਰ-ਹਾਜ਼ਰੀ ਵਿਚ ਵੀ ਉਸ ਦੇ ਭਰਾ-ਭਰਜਾਈ ਉਸ ਦੇ ਸਾਰੇ ਚਾਅ-ਮਲ੍ਹਾਰ ਪੂਰੇ ਕਰਦੇ ਹਨ। ਭੈਣਾਂ ਸਿਰਫ਼ ਇਹ ਹੀ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਪੇਕੇ ਹਮੇਸ਼ਾ ਬਣੇ ਰਹਿਣ ਤੇ ਭੈਣ-ਭਰਾ ਹਮੇਸ਼ਾ ਇਕ ਦੂਸਰੇ ਦੇ ਦੁੱਖ-ਸੁੱਖ ਵਿਚ ਸਾਥ ਨਿਭਾਉਂਦੇ ਰਹਿਣ।

ਇਹ ਜ਼ਰੂਰੀ ਨਹੀਂ ਕਿ ਸਾਰੇ ਫ਼ਰਜ਼ ਭਰਾਵਾਂ ਦੇ ਹੀ ਹੁੰਦੇ ਹਨ, ਲੋੜ ਪੈਣ 'ਤੇ ਭੈਣ ਵੀ ਭਰਾ ਵਾਸਤੇ ਕੁਰਬਾਨ ਹੋ ਸਕਦੀ ਹੈ। ਭਾਵ ਉਹ ਵੀ ਉਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੋ ਸਕਦੀ ਹੈ। ਇਕ-ਦੂਜੇ ਦੇ ਕੰਮ ਆਉਣ ਦਾ ਮਤਲਬ ਮਾਂ ਦੀ ਆਤਮਾ ਨੂੰ ਸ਼ਾਂਤ ਕਰਨਾ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਇਕ ਦੂਜੇ ਵਿਚ ਕਮੀਆਂ ਕੱਢਣ ਦੀ ਬਜਾਏ, ਰਲ ਮਿਲ ਕੇ ਖੁਸ਼ੀਆਂ ਵੰਡਦੇ ਹੋਏ ਅੱਗੇ ਵਧਣ ਦੀ ਕੋਸ਼ਿਸ਼ ਕਰੀਏ ਤਾਂ ਕਿ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦੀ ਅਹਿਮੀਅਤ ਹਮੇਸ਼ਾ ਬਣੀ ਰਹੇ। ਧੀਆਂ ਨੂੰ ਭਰਾ-ਭਰਜਾਈ ਦੇ ਹੁੰਦਿਆਂ ਮਾਂ ਦੀ ਕਮੀ ਨਾ ਮਹਿਸੂਸ ਹੋਵੇ ਅਤੇ ਉਸ ਦਾ ਪੇਕਾ ਘਰ ਹਮੇਸ਼ਾ ਆਬਾਦ ਰਹੇ।

# ਸਹੁਰੇ ਘਰ 'ਚ ਪਹਿਲਾ ਕਦਮ

ਲੇਖਕ : ਜਗਮੋਹਨ ਸਿੰਘ ਲੱਕੀ, ਮੋਬਾ: 94638-19174

ਜਦੋਂ ਕੋਈ ਜੋਬਨਵੰਤੀ ਮੁਟਿਆਰ ਆਪਣੇ ਵਿਆਹ ਮੌਕੇ ਲਾਵਾਂ/ ਫੇਰਿਆਂ ਤੋਂ ਬਾਅਦ ਡੋਲੀ ਵਿਚ ਬਹਿ ਕੇ ਪਹਿਲੀ ਵਾਰ ਸਹੁਰੇ ਘਰ ਵਿਚ ਆਪਣਾ ਪਹਿਲਾ ਕਦਮ ਰੱਖਦੀ ਹੈ ਤਾਂ ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਅਰਮਾਨ ਹੁੰਦੇ ਹਨ। ਉਸ ਦੇ ਦਿਲ ਵਿਚ ਇਕ ਧੁੜਕੂ ਜਿਹਾ ਵੀ ਲੱਗਿਆ ਹੁੰਦਾ ਹੈ ਕਿ ਪਤਾ ਨਹੀਂ ਸਹੁਰੇ ਘਰ ਵਿਚ ਬਤੀਤ ਹੋਣ ਵਾਲੀ ਉਸ ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੋਵੇਗੀ, ਪਤਾ ਨਹੀਂ ਉਸ ਦੇ ਸੱਸ-ਸਹੁਰੇ ਦਾ ਸੁਭਾਅ ਕਿਹੋ ਜਿਹਾ ਹੋਵੇਗਾ। ਇਨ੍ਹਾਂ ਗੱਲਾਂ ਨੂੰ ਸੋਚਦੀ ਅਤੇ ਸੋਚਾਂ ਵਿਚ ਡੁੱਬੀ ਹੋਈ ਹੀ ਉਹ ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਹਰ ਤਰ੍ਹਾਂ ਦੇ ਰੀਤੀ-ਰਿਵਾਜ ਵੀ ਨਿਭਾਈ ਜਾਂਦੀ ਹੈ।



ਜਦੋਂ ਕੋਈ ਨਵਵਿਆਹੁਤਾ ਮੁਟਿਆਰ ਸਹੁਰੇ ਘਰ ਦੀ ਦਹਿਲੀਜ਼ ਉੱਪਰ ਆਪਣਾ ਪਹਿਲਾ ਕਦਮ ਰੱਖਦੀ ਹੈ ਤਾਂ ਉਥੇ ਮੌਜੂਦ ਹਰ ਇਨਸਾਨ ਦੀਆਂ ਨਜ਼ਰਾਂ ਉਸ ਉੱਪਰ ਹੀ ਟਿਕੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਹਰ ਕੋਈ ਹੀ ਇਸ ਸਮੇਂ ਨਵਵਿਆਹੁਤਾ ਤੋਂ ਇਹ ਆਸ ਕਰਦਾ ਹੈ ਕਿ ਉਹ ਨੀਵੀਂ ਪਾਈ ਰੱਖੇ ਅਤੇ ਇਸ ਮੌਕੇ ਕਿਸੇ ਵੱਲ ਵੀ ਅੱਖ ਚੁੱਕ ਕੇ ਨਾ ਦੇਖੇ।

ਅੱਜਕਲ੍ਹ ਵੱਡੀ ਗਿਣਤੀ ਵਿਚ ਨਵਵਿਆਹੁਤਾ ਮੁਟਿਆਰਾਂ ਡੋਲੀ ਵਿਚੋਂ ਉਤਰ ਕੇ ਸਹੁਰੇ-ਘਰ ਵਿਚ ਪਹਿਲਾ ਕਦਮ ਰੱਖਦਿਆਂ ਹੱਸਦਿਆਂ ਹੋਇਆਂ ਅਤੇ ਚਿਹਰੇ ਉੱਪਰੋਂ ਮੁਸਕਰਾਹਟਾਂ ਬਿਖੇਰਦਿਆਂ ਹੀ ਸਹੁਰੇ ਘਰ ਦੇ ਅੰਦਰ ਦਾਖਲ ਹੁੰਦੀਆਂ ਹਨ। ਉਹ ਅਜਿਹਾ ਇਸ ਕਰਕੇ ਕਰਦੀਆਂ ਹਨ, ਕਿਉਂਕਿ ਉਨ੍ਹਾਂ ਦੀ ਸੋਚ ਹੁੰਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਸਹੁਰੇ ਘਰ ਵਿਚ ਬੀਤਣ ਵਾਲੀ ਉਨ੍ਹਾਂ ਦੀ ਜ਼ਿੰਦਗੀ ਹਸੀ-ਖੁਸ਼ੀ ਵਿਚ ਹੀ ਬਤੀਤ ਹੋਵੇ। ਇਹ ਵੀ ਇਕ ਹਕੀਕਤ ਹੈ ਕਿ ਨਵਵਿਆਹੁਤਾ ਮੁਟਿਆਰ ਵਲੋਂ ਇਸ ਮੌਕੇ ਹੱਸਿਆ ਜਾਂਦਾ ਹਾਸਾ ਕਈਆਂ ਦੇ ਸੀਨੇ ਵਿੰਨ੍ਹ ਜਾਂਦਾ ਹੈ।

ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਹੀ ਹਰ ਨਵਵਿਆਹੀ ਮੁਟਿਆਰ ਨੂੰ ਆਪਣੀਆਂ ਸਹੁਰੇ ਘਰ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਕਰ ਲੈਣਾ ਚਾਹੀਦਾ ਹੈ। ਉਸ ਨੂੰ ਸਹੁਰੇ ਘਰ ਵਿਚ ਮੌਜੂਦ ਆਪਣੇ ਪਤੀ ਦੇ ਹਰ ਰਿਸ਼ਤੇਦਾਰ ਨੂੰ ਹੀ ਬਣਦਾ ਮਾਣ-ਸਤਿਕਾਰ ਦੇਣਾ ਚਾਹੀਦਾ ਹੈ ਅਤੇ ਹਰ ਕਿਸੇ ਵਲੋਂ ਉਸ ਤੋਂ ਕੋਈ ਗੱਲ ਪੁੱਛਣ 'ਤੇ ਬਹੁਤ ਹੀ ਸਲੀਕੇ ਨਾਲ ਜਵਾਬ ਦੇਣਾ ਚਾਹੀਦਾ ਹੈ। ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਹਰ ਨਵਵਿਆਹੀ ਮੁਟਿਆਰ ਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਇਸ ਘਰ ਵਿਚ ਹੀ ਹੁਣ ਉਸ ਦੀ ਸਾਰੀ ਜ਼ਿੰਦਗੀ ਬਤੀਤ ਹੋਣੀ ਹੈ, ਇਸ ਲਈ ਉਸ ਨੂੰ ਆਪਣੇ ਕਦਮ ਮੁਬਾਰਕ ਢੰਗ ਨਾਲ ਰੱਖਣੇ ਚਾਹੀਦੇ ਹਨ।

ਇਸ ਦੇ ਨਾਲ ਹੀ ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਤੋਂ ਬਾਅਦ ਹਰ ਨਵਵਿਆਹੀ ਨੂੰ ਆਪਣੇ ਕੰਨ ਅਤੇ ਆਪਣੀਆਂ ਅੱਖਾਂ ਵੀ ਖੋਲ੍ਹ ਕੇ ਰੱਖਣੀਆਂ ਚਾਹੀਦੀਆਂ ਹਨ ਤਾਂ ਕਿ ਉਸ ਨੂੰ ਪਤਾ ਚੱਲ ਜਾਵੇ ਕਿ ਕਿਹੜਾ ਰਿਸ਼ਤੇਦਾਰ ਉਸ ਬਾਰੇ ਕੀ ਕਹਿ ਰਿਹਾ ਹੈ ਅਤੇ ਉਸ ਵਲੋਂ ਦਾਜ ਵਿਚ ਲਿਆਂਦੇ ਸਾਮਾਨ ਬਾਰੇ ਰਿਸ਼ਤੇਦਾਰ ਕੀ ਗੱਲਾਂ ਕਰ ਰਹੇ ਹਨ? ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਤੋਂ ਬਾਅਦ ਉਸ ਨੂੰ ਪਤੀ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਹੀ ਆਪਣੇ ਪਰਿਵਾਰਕ ਮੈਂਬਰ ਸਮਝਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ, ਕਿਉਂਕਿ ਹੁਣ ਉਸ ਦਾ ਅਸਲੀ ਪਰਿਵਾਰ ਇਹੋ ਹੀ ਹੁੰਦਾ ਹੈ, ਜਿਸ ਨਾਲ ਉਸ ਨੇ ਆਪਣੀ ਅਗਲੀ ਜ਼ਿੰਦਗੀ ਬਤੀਤ ਕਰਨੀ ਹੁੰਦੀ ਹੈ।

ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਤੋਂ ਬਾਅਦ ਹਰ ਨਵਵਿਆਹੀ ਮੁਟਿਆਰ ਨੂੰ ਆਪਣੇ ਬੈਠਣ, ਉੱਠਣ ਅਤੇ ਬੋਲਣ ਦਾ ਬਹੁਤ ਹੀ ਖਾਸ ਖਿਆਲ ਰੱਖਣਾ ਚਾਹੀਦਾ ਹੈ, ਕਿਉਂਕਿ ਇਸ ਸਮੇਂ ਰਿਸ਼ਤੇਦਾਰਾਂ ਦੀਆਂ ਹਜ਼ਾਰਾਂ ਅੱਖਾਂ ਉਸ ਦੀ ਹਰ ਗਤੀਵਿਧੀ ਨੂੰ ਨੋਟ ਕਰ ਰਹੀਆਂ ਹੁੰਦੀਆਂ ਹਨ। ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਰੱਖੀਆਂ ਗਈਆਂ ਸਾਵਧਾਨੀਆਂ ਅਤੇ ਨਵਵਿਆਹੀ ਮੁਟਿਆਰ ਵਲੋਂ ਕੀਤਾ ਗਿਆ ਸਭ ਰਿਸ਼ਤੇਦਾਰਾਂ ਨਾਲ ਹੀ ਚੰਗਾ ਵਿਵਹਾਰ ਉਸ ਦੀ ਸਾਰੀ ਉਮਰ ਲਈ ਚੰਗੀ ਇਮੇਜ ਬਣਾ ਦਿੰਦਾ ਹੈ। ਇਸ ਲਈ ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਹਰ ਨਵਵਿਆਹੀ ਮੁਟਿਆਰ ਨੂੰ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ। ਇਸ ਤਰ੍ਹਾਂ ਸਹੁਰੇ ਘਰ ਵਿਚ ਪਹਿਲਾ ਕਦਮ ਰੱਖਣ ਸਮੇਂ ਹੀ ਨਵਵਿਆਹੀਆਂ ਮੁਟਿਆਰਾਂ ਸਹੁਰੇ ਘਰ ਵਿਚ ਆਪਣੀ ਇੱਜ਼ਤ ਬਣਾ ਲੈਂਦੀਆਂ ਹਨ।

# ਸਰਦੀਆਂ ਵਿਚ ਕਿਵੇਂ ਰੱਖੀਏ ਬਚਿਆਂ ਦਾ ਖ਼ਿਆਲ

ਲੇਖਕ : ਸਿਮਰਨਜੀਤ ਸਿੰਘ
ਮੋਬਾ: 98722-47721



ਸਰਦੀਆਂ ਵਿਚ ਬੱਚਿਆਂ ਦਾ ਖ਼ਾਸ ਖ਼ਿਆਲ ਰੱਖਣ ਦੀ ਜ਼ਰੂਰਤ ਹੁੰਦੀ ਹੈ, ਬੱਚੇ ਸੰਵੇਦਨਸ਼ੀਲ ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਖ਼ਾਸ ਦੇਖ-ਭਾਲ ਕਰਨੀ ਚਾਹੀਦੀ ਹੈ। ਸਰਦੀਆਂ ਵਿਚ ਛੋਟੇ ਬੱਚੇ ਸਭ ਤੋਂ ਜ਼ਿਆਦਾ ਮੌਸਮੀ ਬੁਖ਼ਾਰ ਦੀ ਚਪੇਟ ਵਿਚ ਆ ਜਾਂਦੇ ਹਨ। ਆਓ ਜਾਣੀਏ ਕਿਸ ਤਰ੍ਹਾਂ ਕਰੀਏ ਸਰਦੀਆਂ ਵਿਚ ਬੱਚਿਆਂ ਦੀ ਦੇਖ-ਭਾਲ :

## ਠੀਕ ਤਰ੍ਹਾਂ ਨਾਲ ਕੱਪੜੇ ਪਹਿਨਾਉਣਾ

ਛੋਟੇ ਬੱਚਿਆਂ ਦੇ ਸਿਰ, ਪੈਰ ਅਤੇ ਕੰਨਾਂ ਨੂੰ ਹਮੇਸ਼ਾ ਢਕ ਕੇ ਰੱਖਣਾ ਚਾਹੀਦਾ ਹੈ। ਖ਼ਾਸ ਕਰਕੇ ਬੱਚੇ ਸਿਰ ਤੇ ਪੈਰਾਂ ਤੋਂ ਹੀ ਸਰਦੀ ਦੀ ਚਪੇਟ ਵਿਚ ਆਉਂਦੇ ਹਨ। ਬੱਚਿਆਂ ਨੂੰ ਹਮੇਸ਼ਾ 2-3 ਕੱਪੜੇ ਪਹਿਨਾਓ, ਉਸ ਤੋਂ ਬਾਅਦ ਟੀ-ਸ਼ਰਟ ਜਾਂ ਸਵੈਟਰ ਪਹਿਨਾਓ। ਪੈਰਾਂ ਵਿਚ ਵੀ ਵਾਰਮਰ ਪਹਿਨਾਉਣ ਤੋਂ ਬਾਅਦ ਹੀ ਪਜ਼ਾਮਾ ਪਹਿਨਾਇਆ ਜਾਵੇ।

## ਸਾਫ਼-ਸਫਾਈ ਦਾ ਖ਼ਾਸ ਧਿਆਨ

ਨਵਜਾਤ (ਇਕ ਮਹੀਨੇ ਤੱਕ) ਨੂੰ ਦੋ ਦਿਨ ਛੱਡ ਕੇ ਨਹਾਉਣਾ ਚਾਹੀਦਾ ਹੈ ਅਤੇ ਵੱਡੇ ਬੱਚਿਆਂ ਨੂੰ ਕੋਸੇ ਪਾਣੀ ਨਾਲ ਰੋਜ਼ਾਨਾ ਨਹਾਓ, ਕਿਉਂਕਿ ਰੋਜ਼ਾਨਾ ਨਹਾਉਣ ਨਾਲ ਬੱਚੇ ਕੀਟਾਣੂਆਂ ਤੋਂ ਦੂਰ ਰਹਿੰਦੇ ਹਨ। ਬੱਚਿਆਂ ਨੂੰ ਬੰਦ ਜਗ੍ਹਾ ਵਿਚ ਨਹਾਓ। ਰੋਜ਼ਾਨਾ ਬੱਚਿਆਂ ਦੀ 4-5 ਮਿੰਟ ਮਾਲਿਸ਼ ਜ਼ਰੂਰ ਕਰੋ। ਇਸ ਨਾਲ ਬੱਚਿਆਂ ਦੀਆਂ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ। ਠੰਢ ਦੇ ਮੌਸਮ ਵਿਚ ਆਪਣੇ-ਆਪ ਨੂੰ ਅਤੇ ਬੱਚਿਆਂ ਨੂੰ ਹਮੇਸ਼ਾ ਸਾਫ਼-ਸੁਥਰਾ ਰੱਖੋ। ਇਸ ਮੌਸਮ ਵਿਚ ਨਿਰੰਤਰ ਰੂਪ ਵਿਚ ਖੁਦ ਅਤੇ ਬੱਚਿਆਂ ਦੇ ਹੱਥ ਧੋਵੋ। ਭੋਜਨ ਖਾਣ ਤੋਂ ਪਹਿਲਾਂ ਜਾਂ ਕਿਤੇ ਬਾਹਰ ਤੋਂ ਘਰ ਆਉਣ ਤੱਕ ਤੁਰੰਤ ਬਾਅਦ ਹੱਥ ਧੋਣ ਦੇ ਨਿਯਮ ਬਣਾ ਲਓ। ਖ਼ੁਦ ਅਤੇ ਬੱਚੇ ਦੇ ਹੱਥ ਧਵਾਉਣ ਲਈ ਐਂਟੀ-ਬੈਕਟੀਰੀਆ ਸਾਬਣ ਦੀ ਹੀ ਵਰਤੋਂ ਕੀਤਾ ਜਾਵੇ।

## ਧੁੱਪ ਵਿਚ ਬਿਠਾਓ

ਬੱਚਿਆਂ ਨੂੰ ਧੁੱਪ ਨਾਲ ਵਿਟਾਮਨ 'ਡੀ' ਦੀ ਖ਼ੁਰਾਕ ਦੇਣਾ ਚਾਹੁੰਦੇ ਹੋ ਤਾਂ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਦੇ ਵਿਚਕਾਰ 20-25 ਮਿੰਟ ਲਈ ਧੁੱਪ ਵਿਚ ਖੇਡਣ ਦਿਓ। ਵਧੀਆ ਹੋਵੇਗਾ ਕਿ ਸ਼ੀਸ਼ੇ ਵਿਚੋਂ ਧੁੱਪ ਪਾਰ ਕਰਕੇ ਅਗਰ ਕਮਰੇ ਵਿਚ ਆਉਂਦੀ ਹੈ ਤਾਂ ਬੱਚੇ ਨੂੰ ਉਥੇ ਰੱਖੋ, ਕਿਉਂਕਿ ਖੁੱਲ੍ਹੇ ਵਿਚ ਰੱਖਣ ਨਾਲ ਹਵਾ ਲੱਗ ਸਕਦੀ ਹੈ।

## ਮੌਸਮੀ ਫ਼ਲ ਅਤੇ ਸਬਜ਼ੀਆਂ ਦਿਓ

ਇਕ ਸਾਲ ਤੱਕ ਦੇ ਬੱਚੇ ਨੂੰ ਮਾਂ ਦੇ ਦੁੱਧ ਤੋਂ ਇਲਾਵਾ ਜ਼ਰੂਰਤ ਪੈਣ 'ਤੇ ਫਾਰਮੂਲਾ (ਨੈਨ, ਲੈਕਟੋਜ਼ਨ ਆਦਿ) ਦਿਓ। ਇਹ ਇਸ ਉਮਰ ਵਿਚ ਬੱਚੇ ਦੇ ਦਿਮਾਗ਼ ਅਤੇ ਅੱਖਾਂ ਦੇ ਵਿਕਾਸ ਲਈ ਕਾਫ਼ੀ ਅਹਿਮ ਹੁੰਦਾ ਹੈ। ਜੇ ਬੱਚਾ ਥੋੜ੍ਹਾ ਵੱਡਾ ਹੈ ਤਾਂ ਉਸ ਨੂੰ ਮੌਸਮੀ ਸਬਜ਼ੀਆਂ ਵੀ ਦਿਓ। ਉਨ੍ਹਾਂ ਨੂੰ ਸਾਰੇ ਫ਼ਲ ਵੀ ਖਵਾ ਸਕਦੇ ਹੋ। ਬੱਚਿਆਂ ਨੂੰ ਠੰਢ ਵਿਚ ਸੰਤਰਾ ਆਦਿ ਨਾ ਦਿਓ। ਬੱਚਿਆਂ ਲਈ ਵਿਟਾਮਿਨ 'ਸੀ' ਬਹੁਤ ਜ਼ਰੂਰੀ ਹੈ। ਤੁਹਾਡੇ ਬੱਚੇ ਨੂੰ ਵਿਟਾਮਿਨ 'ਸੀ' ਦੀ ਬਹੁਤ ਜ਼ਰੂਰਤ ਹੈ, ਕਿਉਂਕਿ ਇਹ ਵਿਟਾਮਿਨ ਉਸ ਨੂੰ ਠੰਢ ਤੋਂ ਬਚਾਈ ਰੱਖਣ 'ਚ ਮਦਦ ਕਰਦਾ ਹੈ। ਇਸ ਸਮੇਂ ਵਿਚ ਦਵਾਈਆਂ ਦੀ ਵਰਤੋਂ ਕਰਨ ਦੀ ਬਜਾਏ ਵਿਟਾਮਿਨ 'ਸੀ' ਨਾਲ ਭਰਪੂਰ ਭੋਜਨ ਦਾ ਸੇਵਨ ਕਰਵਾਉਣਾ ਹੀ ਬਿਹਤਰ ਹੋਵੇਗਾ।

## ਬੱਚਿਆਂ ਦੀ ਨੀਂਦ

ਆਪਣੇ ਬੱਚੇ ਨੂੰ ਹਮੇਸ਼ਾ ਸੌਣ ਅਤੇ ਆਲਸ ਕਰਨ ਦੀ ਆਦਤ ਨਾ ਪਾਉਣ ਦਿਓ। ਇਸ ਲਈ ਉਨ੍ਹਾਂ ਨੂੰ ਦਿਨ ਭਰ ਵੱਖ-ਵੱਖ ਤਰ੍ਹਾਂ ਦੀਆਂ ਸਰੀਰਕ ਗਤੀਵਿਧੀਆਂ ਵਿਚ ਉਲਝਾਈ ਰੱਖੋ। ਸਰੀਰ ਵਿਚ ਵੱਖ-ਵੱਖ ਸਮੱਸਿਆਵਾਂ ਨਾਲ ਲੜਨ ਲਈ ਖ਼ੂਨ ਸੰਚਾਰ ਵਿਚ ਵਾਧਾ ਕਾਫ਼ੀ ਜ਼ਰੂਰੀ ਹੈ।



# CLASSIFIEDS & MATRIMONIALS



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## CHANGE OF NAME

I, Jashandeep Singh Saini son of Jaswinder Singh resident of H.No. 22, Park Avenue Colony, Faridkot, Pin:151203, Punjab, India Presently Resident of 2988 Royal Street, Abbotsford B.C., V2T 2H8, Canada, Passport No: P5509061, do hereby change my name from Jashandeep Singh Saini to Jashandeep Singh with immediate effect.

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491.


CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310


# ਖੇਤੀ ਮੰਡੀਕਰਨ ਖਰੜੇ 'ਚੋਂ ਝਲਕਦੇ ਵੱਡੇ ਖ਼ਤਰੇ

ਲੇਖਕ : ਬਲਵਿੰਦਰ ਸਿੰਘ ਸਿੱਧੂ

ਪਿਛਲੇ ਮਹੀਨੇ ਕੇਂਦਰ ਸਰਕਾਰ ਨੇ ਖੇਤੀ ਮੰਡੀਕਰਨ ਬਾਰੇ ਰਾਸ਼ਟਰੀ ਨੀਤੀ ਦਾ ਖਰੜਾ ਸੂਬਿਆਂ ਨੂੰ ਸਰਕੁਲੇਟ ਕਰਵਾ ਕੇ ਇਸ ਦੀ ਬਿਹਤਰੀ ਲਈ ਸੁਝਾਅ ਮੰਗੇ ਹਨ। ਇਸ ਨਾਲ ਕੌਮੀ ਪੱਧਰ 'ਤੇ ਬਹਿਸ ਭਖ ਗਈ ਹੈ ਅਤੇ ਨਾਲ ਹੀ ਇਸ ਦੇ ਹਿੱਤਧਾਰਕਾਂ ਦਰਮਿਆਨ ਖਦਸ਼ੇ ਵੀ ਪੈਦਾ ਹੋ ਗਏ ਹਨ। ਇਹ ਖਰੜਾ ਮੰਨ ਕੇ ਚਲਦਾ ਹੈ ਕਿ ਫ਼ਸਲਾਂ ਦੀ ਬੰਪਰ ਪੈਦਾਵਾਰ ਦਾ ਛੋਟੇ ਅਤੇ ਸੀਮਾਂਤ ਕਿਸਾਨ ਨੂੰ ਕੋਈ ਬਹੁਤਾ ਲਾਭ ਨਹੀਂ ਹੋ ਰਿਹਾ ਅਤੇ ਇਸ ਨਾਲ ਖੇਤੀਬਾੜੀ ਖੇਤਰ ਦੇ ਵਾਧੇ ਵਿੱਚ ਯੋਗਦਾਨ ਨਹੀਂ ਪੈ ਰਿਹਾ। ਦਿਹਾਤੀ ਅਤੇ ਸ਼ਹਿਰੀ ਖੇਤਰਾਂ ਦੇ ਅਰਥਚਾਰਿਆਂ ਵਿਚਕਾਰ ਅਜੇ ਵੀ ਵੱਡਾ ਖੱਪਾ ਹੈ।

ਨੀਤੀ ਦੇ ਖਰੜੇ ਵਿੱਚ ਪਰਵਾਨ ਕੀਤਾ ਗਿਆ ਹੈ ਕਿ ਖੇਤੀ ਜੋਤਾਂ ਵੰਡੀਆਂ ਹੋਣ, ਪੈਦਾਵਾਰ ਦੀ ਲਾਗਤ ਵਿੱਚ ਬਹੁਤ ਜਿਆਦਾ ਵਾਧਾ ਹੋਣ, ਮੰਗ ਸੰਚਾਲਤ ਉਤਪਾਦਨ ਦੀ ਘਾਟ, ਚੰਗੀਆਂ ਮੰਡੀਆਂ ਤੱਕ ਪਹੁੰਚ ਨਾ ਹੋਣ ਅਤੇ ਖੇਤੀ ਉਪਜ ਦਾ ਉਚਤਮ ਮੁੱਲ ਵਾਧਾ ਨਾ ਹੋਣ ਕਰ ਕੇ ਜਿਆਦਾਤਰ ਕਿਸਾਨਾਂ ਦੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੋ ਰਿਹਾ। ਖਰੜੇ ਵਿੱਚ ਪ੍ਰਮੁੱਖ ਮੰਡੀਕਰਨ ਸੁਧਾਰ ਦਾ ਪ੍ਰਸਤਾਵ ਦਿੱਤਾ ਗਿਆ ਹੈ। ਇਸ ਵਿੱਚ ਪ੍ਰਾਈਵੇਟ ਥੋਕ ਮੰਡੀਆਂ ਦੀ ਸਥਾਪਨਾ ਦੀ ਮਨਜ਼ੂਰੀ ਦੇਣਾ ਸ਼ਾਮਲ ਹੈ ਜਿਸ ਤਹਿਤ ਵੱਡੇ ਰਿਟੇਲਰ, ਪ੍ਰਾਸੈਸਰ, ਬਰਾਮਦਕਾਰ ਅਤੇ ਥੋਕ ਵਿਕਰੇਤਾ ਸਿੱਧੇ ਖੇਤ 'ਚੋਂ ਹੀ ਜਿਣਸ ਖਰੀਦ ਸਕਣਗੇ। ਇਸ ਵਿੱਚ ਛੇਤੀ ਖਰਾਬ ਹੋਣ ਵਾਲੀਆਂ ਫ਼ਸਲਾਂ ਦੀ ਮੰਡੀ ਫੜ੍ਹ ਤੋਂ ਬਾਹਰਵਾਰ ਖਰੀਦ ਦੇ ਪ੍ਰਾਵਧਾਨ ਦਾ ਪ੍ਰਸਤਾਵ ਵੀ ਦਿੱਤਾ ਗਿਆ ਹੈ ਅਤੇ ਇਸ ਮੰਤਵ ਲਈ ਕੋਲਡ ਸਟੋਰੇਜਾਂ, ਵੇਅਰਹਾਊਸਾਂ ਅਤੇ ਸਾਇਲੋਜ਼ ਨੂੰ ਮੰਡੀ ਫੜ੍ਹ ਦਾ ਦਰਜਾ ਦੇਣ ਅਤੇ ਪ੍ਰਾਈਵੇਟ ਈ-ਟਰੇਡਿੰਗ ਪਲੈਟਫਾਰਮਾਂ ਦੀ ਸਥਾਪਨਾ ਅਤੇ ਅਪਰੇਸ਼ਨ ਦੀ ਆਗਿਆ ਦੇਣ ਦਾ ਪ੍ਰਸਤਾਵ ਦਿੱਤਾ ਗਿਆ ਹੈ।

ਹੋਰਨਾਂ ਪ੍ਰਸਤਾਵਿਤ ਸੁਧਾਰਾਂ ਵਿੱਚ ਇਕਹਿਰੇ ਸੰਯੁਕਤ ਟਰੇਡਿੰਗ ਲਾਇਸੈਂਸ ਅਤੇ ਸਮੁੱਚੇ ਸੂਬੇ ਅੰਦਰ ਯਕਮੁਸ਼ਤ ਮਾਰਕਿਟ ਫੀਸ ਦੀ ਲੈਵੀ ਲਾਉਣ; ਮੰਡੀ ਫੀਸ ਅਤੇ ਆੜ੍ਹਤ ਖਰਚੇ ਨੂੰ ਤਰਕਸੰਗਤ ਕਰਨ ਅਤੇ ਹੋਰਨਾਂ ਰਾਜਾਂ ਦੇ ਟਰੇਡਿੰਗ ਲਾਇਸੈਂਸਾਂ ਨੂੰ ਮਾਨਤਾ ਦੇਣਾ ਆਦਿ ਸ਼ਾਮਲ ਹਨ। ਇਸ ਵਿੱਚ ਕਿਸਾਨਾਂ ਜਾਂ ਕਿਸਾਨ ਉਤਪਾਦਕ ਸੰਘਾਂ ਐੱਫਪੀਓਜ਼ ਵਲੋਂ ਪ੍ਰਾਸੈਸਿੰਗ ਯੂਨਿਟ ਜਾਂ ਫੈਕਟਰੀਆਂ ਵਿੱਚ ਕੀਤੀ ਜਾਣ ਵਾਲੀ ਵਿਕਰੀ ਉਪਰ ਮੰਡੀ ਫੀਸ ਜਾਂ ਸਿੱਧੇ ਕਰਾਂ ਤੋਂ ਛੋਟ ਅਤੇ ਦੂਜੇ ਰਾਜਾਂ ਤੋਂ ਪ੍ਰਾਸੈਸਿੰਗ ਲਈ ਲਿਆਂਦੀ ਜਾਣ ਵਾਲੀ ਜਿਣਸ ਉਪਰ ਮੰਡੀ ਫੀਸ ਤੋਂ ਛੋਟ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਸਮੇਂ ਕਿਸਾਨ ਘੱਟੋ ਘੱਟ ਸਮਰਥਨ ਮੁੱਲ (ਐਮਐਸਪੀ) ਉਪਰ ਸਾਰੀਆਂ ਫਸਲਾਂ ਦੀ ਖਰੀਦ ਯਕੀਨੀ ਬਣਾਉਣ ਦਾ ਕਾਨੂੰਨ ਪਾਸ ਕਰਾਉਣ ਦੀ ਜੱਦੋਜਹਿਦ ਕਰ ਰਹੇ ਹਨ। ਇਸ ਤਰ੍ਹਾਂ ਦੀ ਜ਼ਾਮਨੀ ਨਾਲ ਕਿਸਾਨਾਂ ਦੀ ਆਮਦਨ ਸੁਨਿਸ਼ਚਤ ਹੋਵੇਗੀ ਅਤੇ ਖੇਤੀ ਮੰਡੀਆਂ ਵਿੱਚ ਸਥਿਰਤਾ ਵੀ ਆਵੇਗੀ। ਖੇਤੀਬਾੜੀ ਬਾਰੇ ਸੰਸਦੀ ਕਮੇਟੀ ਵੱਲੋਂ ਐੱਮਐੱਸਪੀ ਨੂੰ ਕਾਨੂੰਨੀ ਮਾਨਤਾ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ ਤਾਂ ਕਿ ਕਿਸਾਨਾਂ ਨੂੰ ਵਿੱਤੀ ਸਥਿਰਤਾ ਮੁਹੱਈਆ ਕਰਵਾਈ ਜਾ ਸਕੇ। ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਲਾਹੇਵੰਦ ਭਾਅ ਹਾਸਲ ਕਰਨ ਲਈ ਐਮਐੱਸਪੀ ਨੂੰ ਘੱਟੋ ਘੱਟ ਆਧਾਰ ਬਣਾਉਣਾ ਪਵੇਗਾ। ਉਂਝ, ਇਸ ਖਰੜੇ ਵਿੱਚ ਇਸ ਮੁੱਦੇ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਅਤੇ ਵਾਅਦਾ ਵਪਾਰ ਜਿਹੇ 'ਫਿਊਚਰ ਟਰੇਡਿੰਗ ਐਂਡ ਆਪਸ਼ਨ ਟਰੇਡਿੰਗ' ਨੂੰ ਕੀਮਤ ਭਾਲ ਅਤੇ ਜੋਖ਼ਮ ਘਟਾਊ ਔਜ਼ਾਰ ਕਰਾਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਹੋਰ ਵੀ ਖਦਸ਼ੇ ਹਨ। ਕਿਸਾਨ ਭਾਰਤ ਨੂੰ 'ਵਿਸ਼ਵ ਵਪਾਰ ਸੰਗਠਨ' ਤੋਂ ਬਾਹਰ ਆਉਣ ਅਤੇ ਸਾਰੇ ਮੁਕਤ ਵਪਾਰ ਸਮਝੌਤਿਆਂ ਉੱਪਰ ਪਾਬੰਦੀ ਲਾਉਣ ਦੀ ਮੰਗ ਕਰ ਰਹੇ ਹਨ। ਖਰੜੇ ਵਿੱਚ ਵਪਾਰ ਨਾਲ ਸਬੰਧਤ ਅਜਿਹੇ ਫ਼ੈਸਲਿਆਂ ਬਾਰੇ ਅਜਿਹੀ ਕੋਈ ਵਚਨਬੱਧਤਾ ਨਹੀਂ ਦਿੱਤੀ ਗਈ ਜਿਨ੍ਹਾਂ ਨਾਲ ਅਤਿਅੰਤ ਅਣਕਿਆਸੀਆਂ ਰੋਕਾਂ ਲਾਉਣ ਕਰ ਕੇ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਹੁੰਦੀ ਹੈ। ਇਨ੍ਹਾਂ ਰੋਕਾਂ ਵਿੱਚ ਬਰਾਮਦੀ ਪਾਬੰਦੀਆਂ, ਭੰਡਾਰ ਰੋਕਾਂ ਅਤੇ ਭਾਰਤ ਤੋਂ ਬਰਾਮਦ ਹੋਣ ਵਾਲੀਆਂ ਜਿਣਸਾਂ ਉਪਰ ਘੱਟੋ ਘੱਟ ਬਰਾਮਦੀ ਕੀਮਤਾਂ ਸ਼ਾਮਲ ਹਨ। ਇਹੀ ਨਹੀਂ ਸਗੋਂ ਬਰਾਮਦ ਕਰਨ ਵਾਲੇ ਮੁਲਕਾਂ ਤੋਂ ਬਹੁਤ ਜਿਆਦਾ ਸਬਸਿਡੀਆਂ ਵਾਲੀਆਂ ਜਿਣਸਾਂ 'ਤੇ ਦਰਾਮਦੀ ਡਿਊਟੀ ਘਟਾ ਦਿੱਤੀ ਜਾਂਦੀ ਹੈ।

ਨੀਤੀ ਖਰੜੇ ਵਿੱਚ ਵਪਾਰਕ ਲੈਣ ਦੇਣ ਦੀ ਦਿਸਣਯੋਗਤਾ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਦਾ ਰਾਹ ਪੱਧਰਾ ਕਰਨ ਲਈ ਪ੍ਰਾਈਵੇਟ ਮੰਡੀਆਂ ਸਥਾਪਤ ਕਰਨ ਦਾ ਪ੍ਰਾਵਧਾਨ ਹੈ। ਉਂਝ, ਕਿਸਾਨ ਮਹਿਸੂਸ ਕਰਦੇ ਹਨ ਕਿ ਸਰਕਾਰੀ ਸੁਰੱਖਿਆ ਖ਼ਤਮ ਹੋਣ ਨਾਲ ਉਹ ਵੱਡੇ ਕਾਰਪੋਰੇਟਾਂ ਦੇ ਰਹਿਮੋ ਕਰਮ 'ਤੇ ਆ ਜਾਣਗੇ। ਖਰੜੇ ਵਿੱਚ ਮੰਡੀ ਫੜ੍ਹ ਬਣਾ ਕੇ ਸਿੱਧੇ ਖੇਤ 'ਚੋਂ ਜਿਣਸ ਖਰੀਦਣ ਅਤੇ ਛੇਤੀ ਖਰਾਬ ਹੋਣ ਵਾਲੀਆਂ ਫ਼ਸਲਾਂ ਲਈ ਨੇਮਮੁਕਤ ਮੰਡੀ ਯਾਰਡ ਬਣਾਉਣ ਦਾ ਪ੍ਰਸਤਾਵ ਹੈ। ਉਂਝ, ਇਸ ਤਰ੍ਹਾਂ ਦੀ ਡੀਰੇਗੂਲੇਸ਼ਨ ਨਾਲ ਮੰਡੀਕਰਨ ਦੇ ਇਹ ਵੱਖ-ਵੱਖ ਚੈਨਲ ਗ਼ੈਰਵਾਜਬ ਅਤੇ ਸ਼ੋਸ਼ਣਕਾਰੀ ਹੋ ਸਕਦੇ ਹਨ।

ਖਰੜੇ ਵਿੱਚ ਕਿਤੇ ਨਹੀਂ ਦੱਸਿਆ ਗਿਆ ਕਿ ਮੰਡੀਕਰਨ ਅਤੇ ਸਹਾਇਕ ਢਾਂਚੇ ਵਿਚਕਾਰ ਖੱਪਿਆਂ ਦੀ ਭਰਪਾਈ ਅਤੇ ਸੰਸਥਾਈ ਸੁਧਾਰਾਂ ਲਈ ਸਰਕਾਰ ਵੱਲੋਂ ਕਿਸ ਤਰ੍ਹਾਂ ਦੀ ਵਿੱਤੀ ਜਾਂ ਹੋਰ ਕਿਸਮ ਦੀ ਸਹਾਇਤਾ ਦਿੱਤੀ ਜਾਵੇਗੀ। ਫ਼ਸਲ ਦੀ ਬਿਜਾਈ ਵੇਲੇ ਕਿਸਾਨਾਂ ਦੀ ਆਮਦਨ ਸੁਨਿਸ਼ਚਤ ਕਰਨ ਲਈ 'ਕੀਮਤ ਬੀਮਾ ਸਕੀਮ' ਸ਼ੁਰੂ ਕਰਨ ਦੇ ਸੁਝਾਅ ਬਾਰੇ ਖਦਸ਼ਾ ਹੈ ਕਿ ਇਸ ਰਾਹੀਂ ਕਾਰਪੋਰੇਟ ਕੰਪਨੀਆਂ ਜਾਂ ਉਨ੍ਹਾਂ ਦੇ ਬਣਾਏ ਐੱਫਪੀਓਜ਼ ਰਾਹੀਂ ਕੰਟ੍ਰੈਕਟ ਫਾਰਮਿੰਗ (ਠੇਕਾ ਖੇਤੀ) ਲਿਆਂਦੀ ਜਾ ਸਕਦੀ ਹੈ। ਮੁਆਵਜ਼ੇ ਦਾ ਆਧਾਰ ਐੱਮਐੱਸਪੀ ਹੋਵੇਗੀ ਜਾਂ ਕਰਾਰ ਵਾਲੀ ਕੀਮਤ ਅਤੇ ਨੇਮਰਹਿਤ ਮੰਡੀ ਵਿੱਚ ਸਰਕਾਰ ਇਸ ਨੂੰ ਕਿਵੇਂ ਯਕੀਨੀ ਬਣਾਏਗੀ, ਇਸ ਬਾਰੇ ਖਰੜਾ ਚੁੱਪ ਹੈ। ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦਾ ਤਜਰਬਾ ਕਿਸਾਨਾਂ ਲਈ ਉਤਸ਼ਾਹਵਰਧਕ ਨਹੀਂ ਰਿਹਾ। ਨੇਮਮੁਕਤ ਮੰਡੀ ਵਿੱਚ ਕਿਸਾਨਾਂ ਨੂੰ ਅਦਾਇਗੀ ਕਰਨ ਦੀ ਪ੍ਰਕਿਰਿਆ ਵੀ ਭਰੋਸੇਮੰਦ ਨਹੀਂ ਹੈ। ਇਸ ਆਧਾਰ 'ਤੇ, ਇੱਕ 'ਸਮਰੱਥ ਖੇਤੀਬਾੜੀ ਮੰਡੀਕਰਨ ਸੁਧਾਰ ਕਮੇਟੀ' ਦੀ ਪ੍ਰਭਾਵਸ਼ੀਲਤਾ ਸ਼ੱਕੀ ਹੈ। ਇਹ ਇੱਕ ਅਜਿਹਾ ਢਾਂਚਾ ਜਾਪਦਾ ਹੈ ਜਿੱਥੇ ਸਾਰੇ ਭਾਜਪਾ-ਸ਼ਾਸਿਤ ਪ੍ਰਦੇਸ਼ਾਂ ਨੂੰ ਸਰਕਾਰ ਦੀਆਂ ਤਜਵੀਜ਼ਾਂ ਮੰਨਣ ਲਈ ਧੱਕਿਆ ਜਾਵੇਗਾ ਤਾਂ ਕਿ ਰਾਸ਼ਟਰੀ ਪੱਧਰ 'ਤੇ ਅਸਲ ਮੁੱਦਿਆਂ ਕਾਰਨ ਉੱਠਦੇ ਕਿਸੇ ਵੀ ਤਰ੍ਹਾਂ ਦੇ ਵਿਰੋਧ ਨੂੰ ਪਾਸੇ ਕੀਤਾ ਜਾ ਸਕੇ।

ਖਰੜੇ ਵਿੱਚ ਸਾਰੇ ਕਿਸਾਨਾਂ ਨੂੰ ਇੱਕ ਜਾਂ ਵੱਧ ਕਿਸਾਨ ਸੰਗਠਨਾਂ ਜਿਵੇਂ ਕਿ ਸਹਿਕਾਰੀ ਸੰਸਥਾਵਾਂ, ਐਫਪੀਓ, ਸਵੈ-ਸਹਾਇਤਾ ਗਰੁੱਪਾਂ ਆਦਿ ਹੇਠ ਲਿਆਉਣ ਲਈ ਪੁਰਜ਼ੋਰ ਕੋਸ਼ਿਸ਼ਾਂ ਕਰਨ ਦੀ ਗੱਲ ਕੀਤੀ ਗਈ ਹੈ ਤਾਂ ਕਿ ਮੰਡੀ ਤੱਕ ਉਨ੍ਹਾਂ ਦੀ ਪਹੁੰਚ ਵਿੱਚ ਆਉਂਦੇ ਅੜਿੱਕੇ ਤੇ ਕੀਮਤਾਂ ਦੀ ਬੇਯਕੀਨੀ ਦੋਵੇਂ ਘਟਣ। ਹਾਲਾਂਕਿ, ਇਹ ਕਈ ਮਾਮਲਿਆਂ ਵਿੱਚ ਦੇਖਿਆ ਗਿਆ ਹੈ ਕਿ ਐਫਪੀਓ ਜਾਂ ਦੂਜੇ ਕਿਸਾਨ ਸੰਗਠਨ ਆਪਣੇ ਮੈਂਬਰਾਂ ਲਈ ਸਿਰਫ਼ ਮੁਢਲੀ ਪ੍ਰੋਸੈਸਿੰਗ (ਸੁਧਾਈ) ਦੇ ਆਧਾਰ 'ਤੇ ਠੋਸ ਆਮਦਨੀ ਦਾ ਪ੍ਰਬੰਧ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਮੁੱਲ ਲੜੀ ਕੇਂਦਰਤ ਢਾਂਚੇ (ਵੀਸੀਸੀਆਈ) ਨਾਲ ਸਬੰਧਤ ਤਜਵੀਜ਼ ਇਸ ਗੱਲ ਨਾਲ ਪੱਕੀ ਵਚਨਬੱਧਤਾ ਨਹੀਂ ਰੱਖਦੀ ਕਿ ਉਹ ਵੀਸੀਸੀਆਈ ਗਠਿਤ ਕਰਨ ਲਈ ਐਫਪੀਓਜ਼ ਨੂੰ ਪੂਰੀ ਮਦਦ ਦੇਵੇਗੀ।

ਕਿਸਾਨ ਹਿੱਤਾਂ ਦੇ ਬਚਾਅ ਦੇ ਨਾਂ ਉਤੇ 'ਠੇਕੇ ਦੀ ਖੇਤੀ ਨੂੰ ਹੁਲਾਰਾ' ਦੇ ਕੇ 'ਖੇਤੀ-ਵਪਾਰ ਨੂੰ ਸੌਖਾ' ਕਰਨ ਦੀ ਗੱਲ ਕਰਨਾ, ਖੇਤੀ ਕਾਨੂੰਨਾਂ ਨੂੰ ਫੇਰ ਤੋਂ ਜਿਊਂਦੇ ਕਰਨ ਦਾ ਅਹਿਸਾਸ ਕਰਾਉਂਦਾ ਹੈ। ਕਿਸਾਨਾਂ ਤੇ ਬਾਕੀ ਹਿੱਤਧਾਰਕਾਂ 'ਚ ਇਹ ਬਿਰਤਾਂਤ ਉਸਰ ਰਿਹਾ ਹੈ ਕਿ ਵਾਪਸ ਲਏ ਕਾਨੂੰਨਾਂ ਦੇ ਬੁਨਿਆਦੀ ਨੁਕਤਿਆਂ ਨੂੰ ਸਰਕਾਰ ਹੁਣ ਨਵੇਂ ਹਵਾਲੇ ਨਾਲ ਮੁੜ ਪੇਸ਼ ਕਰ ਰਹੀ ਹੈ ਜਿਸ ਦਾ ਵਿਰੋਧ ਕਰਨਾ ਬਣਦਾ ਹੈ। ਕਿਸਾਨਾਂ ਦੀ ਇਹ ਚਿੰਤਾ ਕਿ ਖੇਤੀਬਾੜੀ ਉਤਪਾਦ ਮੰਡੀ ਕਮੇਟੀਆਂ (ਏਪੀਐਮਸੀਜ਼) ਰਾਹੀਂ ਚੱਲਦੇ ਮੰਡੀਆਂ ਦੇ ਮੰਡੀਕਰਨ ਢਾਂਚੇ ਨੂੰ ਸਮੇਂ ਦੇ ਨਾਲ ਕਮਜ਼ੋਰ ਕੀਤਾ ਜਾ ਰਿਹਾ ਹੈ, ਵੀ ਬੇਬੁਨਿਆਦ ਨਹੀਂ ਹੈ। ਨੀਤੀ ਦਾ ਖਰੜਾ ਕਹਿੰਦਾ ਹੈ ਕਿ ਸੂਬੇ ਠੇਕੇ 'ਤੇ ਉਗਾਈਆਂ ਫ਼ਸਲਾਂ ਦੀ ਮੰਡੀ ਯਾਰਡ ਤੋਂ ਬਾਹਰ ਖ਼ਰੀਦ ਕਰਵਾਉਣ ਉੱਤੇ ਵਿਚਾਰ ਕਰਨ ਅਤੇ ਜਦ ਉਤਪਾਦ ਨੂੰ ਸੋਧਣ ਤੇ ਬਰਾਮਦ ਲਈ ਲਿਆਂਦਾ ਜਾਵੇ ਤਾਂ ਮੰਡੀ ਫੀਸ ਨਾ ਲੈਣ, ਤਾਂ ਕਿ ਇਨ੍ਹਾਂ ਖੇਤਰਾਂ ਦਾ ਵੀ ਵਿਸਤਾਰ ਹੋ ਸਕੇ। ਸੰਗਠਿਤ ਪ੍ਰਚੂਨ ਖਰੀਦਦਾਰ, ਬਰਾਮਦਕਾਰ ਤੇ ਥੋਕ ਖਰੀਦਦਾਰ ਖੇਤਾਂ 'ਚੋਂ ਜਾਂ ਬਣਾਏ ਗਏ ਮੰਡੀ ਯਾਰਡ ਵਿੱਚੋਂ ਹੀ ਸਿੱਧੀ ਖਰੀਦ ਕਰਨ ਦੇ ਯੋਗ ਹੋ ਜਾਣਗੇ, ਜਿੱਥੇ ਉਹ ਘੱਟ ਟੈਕਸ ਅਦਾ ਕਰ ਕੇ ਕਿਸਾਨਾਂ ਨੂੰ ਪਹਿਲਾਂ ਉੱਚੀ ਕੀਮਤ ਦੀ ਪੇਸ਼ਕਸ਼ ਕਰਨਗੇ। ਘੱਟ ਜਿਣਸ ਆਉਣ ਨਾਲ ਏਪੀਐਮਸੀ ਦੀ ਆਮਦਨੀ ਪ੍ਰਭਾਵਿਤ ਹੋਵੇਗੀ। ਇਸ ਤਰ੍ਹਾਂ ਸਮੇਂ ਦੇ ਨਾਲ ਇਨ੍ਹਾਂ ਨੂੰ ਚਲਾਉਣਾ ਔਖਾ ਹੋ ਜਾਵੇਗਾ।

ਹਾਲਾਂਕਿ ਖਰੜਾ ਨੀਤੀ ਨੇ ਇਸ ਤੱਥ ਦਾ ਧਿਆਨ ਰੱਖਿਆ ਹੈ ਕਿ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਤਹਿਤ ਖੇਤੀਬਾੜੀ ਮੰਡੀਕਰਨ ਰਾਜ ਦਾ ਵਿਸ਼ਾ ਹੈ, ਮਹਿਜ਼ ਇਸ ਦੀ ਝਲਕ ਹੀ ਖੇਤੀਬਾੜੀ ਮੰਡੀਕਰਨ ਦੀਆਂ ਚੁਣੌਤੀਆਂ ਦਾ ਹੱਲ ਇਕਜੁੱਟ ਰਾਸ਼ਟਰੀ ਪਹੁੰਚ ਰਾਹੀਂ ਕਰਨ ਸਬੰਧੀ ਸਰਕਾਰ ਦੇ ਏਜੰਡੇ ਨੂੰ ਸਾਹਮਣੇ ਲਿਆਉਂਦੀ ਹੈ।

ਕਿਸਾਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਤੇ ਸਾਰਿਆਂ ਦੀ ਸਹਿਮਤੀ ਲਈ, ਨੀਤੀ ਦੇ ਢਾਂਚੇ ਨੂੰ ਕਿਸਾਨ ਜਥੇਬੰਦੀਆਂ ਨਾਲ ਮਸ਼ਵਰੇ ਅਤੇ ਰਾਜ ਸਰਕਾਰ ਤੇ ਮਾਹਿਰਾਂ ਨਾਲ ਰਾਬਤੇ ਤੋਂ ਬਾਅਦ ਮੁੜ ਤਿਆਰ ਕਰਨਾ ਚਾਹੀਦਾ ਹੈ। ਸਪਲਾਈ ਤੇ ਭੰਡਾਰਨ ਲਈ ਖੇਤੀ-ਪ੍ਰੋਸੈਸਿੰਗ ਤੇ 'ਕੋਲਡ ਚੇਨ' ਵਿੱਚ ਸਰਕਾਰੀ ਨਿਵੇਸ਼ ਵਧਣਾ ਚਾਹੀਦਾ ਹੈ ਜਿਸ ਨਾਲ ਖੇਤੀਬਾੜੀ ਮੰਡੀਕਰਨ ਢਾਂਚਾ ਮਜ਼ਬੂਤ ਹੋਵੇਗਾ।

ਭਾਰਤੀ ਖੇਤੀਬਾੜੀ ਕਈ ਸੰਕਟਾਂ ਦਾ ਸਾਹਮਣਾ ਕਰ ਰਹੀ ਹੈ- ਘਟਦੀ ਜਾਂ ਸਥਿਰ ਆਮਦਨੀ ਕਰ ਕੇ ਖੜ੍ਹਾ ਹੋਇਆ ਆਰਥਿਕ ਸੰਕਟ; ਕੁਦਰਤੀ ਸਰੋਤਾਂ ਦੀ ਬੇਕਦਰੀ; ਜਲਵਾਯੂ ਤਬਦੀਲੀ ਦਾ ਬੁਰਾ ਅਸਰ, ਤੇ ਅਖੀਰ 'ਚ ਨੌਜਵਾਨ ਪੀੜ੍ਹੀ ਦਾ ਖੇਤੀ ਵਾਲੇ ਪਾਸੇ ਘਟਦਾ ਰੁਝਾਨ। ਇੱਕ ਵਿਆਪਕ ਤੇ ਅਗਾਂਹਵਧੂ ਖੇਤੀਬਾੜੀ ਮੰਡੀਕਰਨ ਨੀਤੀ ਕਈ ਵੱਡੇ ਮੁੱਦਿਆਂ, ਜਿਵੇਂ ਕਿ ਐਮਐੱਸਪੀ, ਸਰਕਾਰੀ ਨਿਵੇਸ਼ 'ਚ ਵਾਧੇ ਦਾ ਹੱਲ ਕੱਢ ਕੇ ਅਤੇ ਕੌਮਾਂਤਰੀ ਮੰਡੀ ਵਿਚਲੀਆਂ ਤਬਦੀਲੀਆਂ ਮੁਤਾਬਕ ਫੌਰੀ ਹੁੰਗਾਰੇ ਲਈ ਢਾਂਚਾ ਤਿਆਰ ਕਰ ਕੇ ਇਨ੍ਹਾਂ ਚੁਣੌਤੀਆਂ ਦਾ ਲੰਮੇ ਸਮੇਂ ਲਈ ਹੱਲ ਕੱਢ ਸਕਦੀ ਹੈ।

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ

## ਤੀਜੀ ਕਿਸ਼ਤ



ਵਲੋਂ : ਰਵਿੰਦਰ ਸਿੰਘ ਸੋਢੀ

'ਪਰਵਾਸ' ਸੰਕਲਪ ਦੀ ਮਾਂ, ਪੰਜਾਬ ਤੇ ਭਾਰਤ ਸਰਕਾਰਾਂ ਸਮੇਤ, ਪੰਜਾਬੀ/ਭਾਰਤੀ ਕੌਮ ਦੀ 'ਜੜ੍ਹਤਾ' ਹੈ। ਪੰਜਾਬੀ ਯੂਨੀਵਰਸਿਟੀ ਦੇ 'ਪੰਜਾਬੀ ਸ਼ਬਦ ਕੋਸ਼' ਅਨੁਸਾਰ 'ਪਰਵਾਸੀ' ਦਾ ਅਰਥ ਹੈ, "ਆਪਣਾ ਦੇਸ ਛੱਡ ਦੇ ਵਿਦੇਸ਼ ਵਿੱਚ ਜਾ ਕੇ ਵਸਣ ਵਾਲਾ", ਯਾਨਿ ਪਰਵਾਸ ਦਾ ਮਤਲਬ ਹੋਇਆ: 'ਆਪਣਾ ਦੇਸ਼' ਛੱਡ ਕਿਸੇ ਹੋਰ ਦੇਸ਼ ਜਾ ਵਸਣਾ। ਪਰਵਾਸ ਦੀ ਇਹ ਪ੍ਰਭਾਸ਼ਾ ਅਪਣਾਉਂਣੇ ਹੀ ਭਾਰਤ ਦੇ ਪਰਵਾਸ ਐਕਟ, ਯਾਨਿ The Emigration Act, 1983, ਅਨੁਸਾਰ, "ਪਰਵਾਸੀ ਦਾ ਮਤਲਬ ਹੈ ਭਾਰਤ ਦਾ ਕੋਈ ਨਾਗਰਿਕ ਜੋ ਪਰਵਾਸ ਕਰਨ ਇਰਾਦਾ ਰੱਖਦਾ ਹੈ ਜਾਂ ਪਰਵਾਸ ਕਰਦਾ ਹੈ ਜਾਂ ਪਰਵਾਸ ਕਰ ਚੁੱਕਾ ਹੈ"।

ਪਰਵਾਸ ਤੇ ਪਰਵਾਸੀ ਦੀ ਇਸ ਪ੍ਰਭਾਸ਼ਾ ਦੇ ਨਜ਼ਰੀਏ ਤੋਂ 1) ਬੰਦੇ ਦਾ ਇੱਕ ਹੀ ਦੇਸ਼ ਹੁੰਦਾ ਹੈ, ਬੇ-ਸ਼ੱਕ ਉਹਦਾ ਜਨਮ-ਦੇਸ਼, 2) ਜਦੋਂ ਉਹ ਕਿਸੇ ਵੀ ਹੋਰ ਦੇਸ਼ ਵਿੱਚ ਵਸ ਜਾਵੇ, ਭਾਵੇਂ ਉਸ ਦੇਸ਼ ਦਾ ਨਾਗਰਿਕ ਬਣਕੇ ਹੀ, ਤਾਂ ਉਹ ਪਰਵਾਸੀ ਜਾਂ ਵਿਦੇਸ਼ੀ ਹੋ ਜਾਂਦਾ ਹੈ। ਇਹ ਨਜ਼ਰੀਆ ਹੈ ਸਾਡੇ ਪ੍ਰਤੀ ਪੰਜਾਬ ਜਾਂ ਭਾਰਤ ਦੀ ਸਥਾਪਤੀ ਦਾ। 'ਜ਼ਿੰਦਗੀ ਭਰ ਇੱਕੋ ਦੇਸ਼ ਤੇ ਬਾਕੀ ਸੱਭ ਵਿਦੇਸ਼' ਦਾ ਸਿਧਾਂਤ 'ਜੜ੍ਹਤਾ' ਸੋਚ ਦੀ ਪੈਦਾਵਾਰ ਆ। ਇਹ ਮੇਲ ਨਹੀਂ ਖਾਂਦਾ ਆਧੁਨਿਕ ਯੁੱਗ ਦੀ ਸਚਾਈ ਨਾਲ, ਜਿਸਨੂੰ ਪੱਛਮ ਬਾਹਲੇ, ਜੇ ਸਾਰੇ ਨਹੀਂ, ਦੇਸ਼ ਪਛਾਣਦੇ ਨੇ ਕਿ ਬੰਦੇ ਦੇ ਇੱਕ ਤੋਂ ਜਿਆਦਾ ਦੇਸ਼ ਹੋ ਸਕਦੇ ਨੇ। ਮਿਸਾਲ ਵਜੋਂ, ਜਦੋਂ ਬੰਦਾ ਇੱਕ ਦੇਸ਼ ਵਿੱਚ ਪੈਦਾ ਹੋ ਕੇ ਉਮਰ ਦੇ ਕਿਸੇ ਵੀ ਪੜਾਅ 'ਤੇ ਕਿਸੇ ਦੂਜੇ ਦੇਸ਼ ਵਿੱਚ ਆਣ ਵਸੇ ਤੇ ਉਹਦੀ ਨਾਗਰਿਕਤਾ ਗ੍ਰਹਿਣ ਕਰ ਲਵੇ ਤਾਂ ਇਹ ਦੂਜਾ ਦੇਸ਼ ਵੀ ਬੰਦੇ ਦਾ ਦੇਸ਼ ਬਣ ਜਾਂਦਾ ਹੈ, 'ਜਨਮ-ਦੇਸ਼' ਉੱਪਰ ਕਾਂਟਾ ਮਾਰੇ ਬਗ਼ੈਰ ਹੀ; ਦੂਜੇ ਜਾਂ ਨਵੇਂ ਨੂੰ ਆਪਣੀ ਮਰਜ਼ੀ ਜਾਂ ਚੋਣ ਦਾ ਦੇਸ਼, ਯਾਣਿ ਕਨਟ੍ਰੀ ਆਫ ਚੌਆਇਸ, ਵੀ ਕਿਹਾ ਜਾਂਦਾ ਹੈ। ਪਿਛਾਂਹ ਰਹਿ ਗਏ ਦੇਸ਼ ਨੂੰ ਜਨਮ ਦੇਸ਼ ਜਾਂ ਮੁੱਢਲਾ ਦੇਸ਼ ਕਿਹਾ ਜਾਂਦਾ ਹੈ। ਇੱਕ ਪਿੱਛੇ ਰਹਿ ਗਿਆ ਜਨਮ-ਦੇਸ਼ ਤੇ ਦੂਜਾ ਹੁਣ ਦਾ ਦੇਸ਼: ਪ੍ਰਦੇਸ਼ ਕੋਈ ਨਹੀਂ।

ਮਿਸਾਲ ਵਜੋਂ ਜੇ ਤੁਸੀਂ ਕਿਸੇ ਪੱਛਮੀ ਦੇਸ਼, ਅਮਰੀਕਾ, ਕੈਨੇਡਾ, ਇੰਗਲੈਂਡ, ਆਦਿ ਦੇ ਨਾਗਰਿਕ ਹੋ, ਅਤੇ ਕਿਸੇ ਹੋਰ ਦੇਸ਼ ਮੂਵ ਹੋ ਕੇ ਉਹਦੀ ਨਾਗਰਿਕਤਾ ਲੈ ਲਵੋ, ਤਾਂ ਪਹਿਲਾਂ ਦੇਸ਼ ਤੁਹਾਡੀ ਨਾਗਰਿਕਤਾ ਕੈਂਸਲ ਨਹੀਂ ਕਰ ਦਿੰਦਾ। ਪਰ ਜੇ ਤੁਸੀਂ ਭਾਰਤੀ ਨਾਗਰਿਕ ਹੋ, ਤੇ ਕਿਸੇ ਹੋਰ ਦੇਸ਼ ਮੂਵ ਕਰ ਜਾਓ ਤਾਂ ਭਾਰਤੀ ਨਿਜ਼ਾਮ ਲਈ ਪਰਵਾਸੀ ਹੋ ਜਾਂਦੇ ਓਂ, ਅਤੇ ਜੇ ਤੁਸੀਂ ਉਸ 'ਹੋਰ ਦੇਸ਼' ਦੇ ਨਾਗਰਿਕ ਬਣ ਜਾਓ ਤਾਂ "ਜ਼ਿੰਦਗੀ ਭਰ ਇੱਕੋ ਦੇਸ਼ ਤੇ ਬਾਕੀ ਸੱਭ ਵਿਦੇਸ਼" ਦਾ ਆਪਣਾ ਸਿਧਾਂਤ ਲਾਗੂ ਕਰਦਾ ਭਾਰਤੀ ਨਿਜ਼ਾਮ ਤੁਹਾਡੀ ਭਾਰਤੀ ਨਾਗਰਿਕਤਾ ਉੱਪਰ ਕਾਂਟਾ ਮਾਰ ਦਿੰਦਾ, ਭਾਵੇਂ ਤੁਸੀਂ ਭਾਰਤ ਜੰਮੇ ਹੋਵੋਂ। ਭਾਰਤ ਦਾ ਸੰਵਿਧਾਨ ਆਗਿਆ ਨਹੀਂ ਦਿੰਦਾ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਦੇ ਨਾਲ ਨਾਲ ਭਾਰਤ ਦੀ ਨਾਗਰਿਕਤਾ ਕਾਇਮ ਰੱਖਣ ਦੀ। ਇੱਥੋਂ ਤੱਕ ਕਿ ਪਾਕਿਸਤਾਨ ਤੇ ਤਿੱਬਤ ਵੀ ਆਪਣੇ ਨਾਗਰਿਕਾਂ ਨਾਲ ਅਜੇਹਾ ਸਲੂਕ ਨਹੀਂ ਕਰਦੇ।

ਪਹਿਲਾਂ ਨੁਕਤਾ, ਅਸੀਂ ਭਾਰਤੀ ਨਾਗਰਿਕ ਹੁੰਦੇ ਹੋਏ ਕਿਸੇ ਹੋਰ ਦੇਸ਼ ਮੂਵ ਕਰ ਜਾਂਦੇ ਹਾਂ ਉੱਥੇ ਰਹਿਣ ਲਈ, ਭਾਰਤੀ ਨਿਜ਼ਾਮ ਲਈ ਅਸੀਂ ਪਰਵਾਸੀ ਹੋ ਜਾਂਦੇ। ਚਲੋ, ਮੰਨ ਲਿਆ। ਪਰ, ਭਾਰਤ ਤੋਂ ਬਾਹਰ ਪੱਛਮੀ ਦੇਸ਼ਾਂ ਰਹਿਣ ਵਾਲੇ ਬਹੁਤੇ ਪੰਜਾਬੀਆ ਨੇ ਉਨ੍ਹਾਂ ਦੇਸ਼ਾ ਦੀ ਨਾਗਰਿਕਤਾ ਲੈ ਰੱਖੀ ਹੈ, ਜਿਨ੍ਹਾਂ ਵਿੱਚ ਉਹ ਰਹਿੰਦੇ ਨੇ। ਨਤੀਜਣ ਭਾਰਤੀ ਨਿਜ਼ਾਮ ਨੇ ਉਨ੍ਹਾ ਦੀ ਉਨਾਂ ਭਾਰਤੀ ਨਾਗਰਿਕਤਾ ਭੰਗ ਕੀਤੀ ਹੋਈ ਹੈ। ਜੇ ਅਸੀ ਭਾਰਤੀ ਨਾਗਰਿਕ ਹੀ ਨਹੇ ਰਹੇ, ਤਾਂ 'ਪਰਵਾਸੀ' ਦੀ ਉੱਤਕ ਪ੍ਰਭਾਸ਼ਾ ਅਨੁਸਾਰ ਕੋਈ ਸਾਨੂੰ ਪਰਵਾਸੀ ਨਹੀਂ ਆਖ ਸਕਦਾ, ਕਿਉਕਿ ਇਹ ਪ੍ਰਭਾਸ਼ਾ ਭਾਰਤੀ ਨਾਗਰਿਕ 'ਤੇ ਲਾਗੂ ਹੁੰਦੀ ਆ। ਪਰ ਅਸੀਂ, ਜੜ੍ਹਤਾ ਦਾ ਸ਼ਿਕਾਰ ਬੰਦੇ, ਆਪਣੇ ਨਵੇਂ ਦੇਸ਼ ਦੀ ਨਾਗਰਿਕਤਾ ਲੈ ਕੇ ਉਹਨੂੰ ਵਿਦੇਸ਼ ਸਮਝਦੇ ਹੋਏ ਉਹਦੇ ਵਿੱਚ ਪਰਵਾਸੀ ਜਾਂ ਵਿਦੇਸ਼ੀ ਬਣੇ ਰਹਿੰਦੇ ਆ, ਉਮਰ ਭਰ ਲਈ; ਖ਼ੁਦ ਨੂੰ ਆਪੂੰ ਦਿੱਤੀ ਜਲਾਵਤਨੀ ਦੀ ਉਮਰ-ਸਜ਼ਾ ਆਪਣੇ ਵਤਨ ਵਿੱਚ ਭੋਗ ਰਹੇ।

ਦੂਜਾ ਨੁਕਤਾ, ਭਾਰਤ ਵਿੱਚ ਪਰਵਾਸਵਾਦ ਕੁਝ ਜਿਆਦਾ ਹੀ ਭਾਰੂ ਹੈ। ਮਿਸਾਲ ਵਜੋਂ, ਜਦ ਬਿਹਾਰ, ਯੂ.ਪੀ. ਜਾਂ ਹੋਰ ਕਿਸੇ ਵੀ ਸੂਬੇ ਤੋਂ ਮਜ਼ਦੂਰ ਪੰਜਾਬ ਆ ਜਾਣ ਮਜ਼ਦੂਰੀ ਕਰਨ, ਤਾਂ ਉਹ ਵੀ ਪਰਵਾਸੀ ਮਜ਼ਦੂਰ ਕਹਿਲਾਉਂਦੇ ਆ, ਭਾਰਤੀ ਨਾਗਰਿਕ ਹੋਣ ਦੇ ਬਾਵਜੂਦ ਵੀ, ਭਾਰਤ ਦੇਸ਼ ਵੀ। ਇਸ ਤੱਥ ਦੀ ਲੋਏ, ਮੇਰਾ ਪੰਜਾਬ ਵਿੱਚ ਵਸਦੇ ਪੰਜਾਬੀ ਲੇਖਕਾਂ, ਆਲੋਚਕਾਂ, ਤੇ ਪੰਜਾਬੀ ਸਾਹਿਤ ਦੀ ਸਥਾਪਤੀ ਨੂੰ ਇੱਕ ਸੁਆਲ ਆ ਕੀ ਉਹ ਸਾਨੂੰ ਪਰਵਾਸੀ ਲੇਖਕ ਆਖਣ ਤੋਂ ਪਹਿਲਾਂ, ਪੰਜਾਬ ਤੌਂ ਬਾਹਰ ਪਰ ਭਾਰਤ ਦੇ ਅੰਦਰ ਵਸੇ ਪੰਜਾਬੀ ਲੇਖਕਾਂ/ਆਲੋਚਕਾਂ ਨੂੰ ਪਰਵਾਸੀ ਲੇਖਕ/ਆਲੋਚਕ ਆਖਣਗੇ?

ਭਾਰਤ ਵਿੱਚ ਰਹਿੰਦਿਆਂ ਤੇ ਭਾਰਤ ਛੱਡਣ ਤੋਂ ਬਾਅਦ ਵੀ, ਮੈਂ ਪੰਜਾਬੀ ਸਾਹਿਤ ਦੇ ਪ੍ਰਸ਼ਾਸਨੀ ਪ੍ਰਬੰਧ ਤੇ ਸਥਾਪਤੀ ਵਿੱਚ ਕਦੇ ਦਿਲਚਸਪੀ ਨਹੀਂ ਲਈ, ਕਿਉਕਿ ਜੋ ਪੜ੍ਹਦਾ ਸੁਣਦਾ ਰਿਹਾ ਹਾਂ, ਜੋ ਬਚਪਨ ਜਾਂ ਬਚਪਨੀ ਜਵਾਨੀ ਵਿੱਚ ਭਾਰਤ ਵਿੱਚ ਰਹਿੰਦਿਆਂ ਹੰਢਾਇਆ ਵੀ, ਉਸ ਅਨੁਸਾਰ, ਇਹ (ਯਾਨਿ ਪੰਜਾਬੀ ਸਾਹਿਤ ਦੇ ਪ੍ਰਸ਼ਾਸਨੀ ਪ੍ਰਬੰਧ ਤੇ ਸਥਾਪਤੀ) ਵੀ ਸਮੁੱਚੇ ਭਾਰਤੀ ਪ੍ਰਬੰਧ ਵਾਂਗ ਨੇਤਿਕ ਤੇ ਮਾਇਕ ਭ੍ਰਿਸ਼ਟਾਚਾਰ ਨਾਲ ਛਿਲਕੇ ਤੋਂ ਗਿਰੀ (ਚੋਰਣ) ਤੱਕ ਗਲਿਆਂ ਸੜ੍ਹਿਆਂ ਹੋਇਆ ਸੀ/ਹੈ। ਇਸ ਸੰਦਰਭ ਵਿੱਚ ਇਹ ਵੀ ਪ੍ਰਮਾਣਿਕ ਸੱਚਾਈ ਆ ਕਿ ਪਰਵਾਸਵਾਦ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਫੈਲੇ ਹੋਏ ਸਾਹਿਤਿਕ ਤੇ ਮਾਇਕ ਭ੍ਰਿਸ਼ਟਾਚਾਰ ਹੀ ਇੱਕ ਹੋਰ ਚੈਨਲ ਆ। ਪੰਜਾਬ ਸਣੇ ਭਾਰਤ ਵਿੱਚ ਵਸਦੀ ਪੰਜਾਬੀ ਸਾਹਿਤ ਦੀ ਸਥਾਪਤੀ ਲਈ ਪਰਵਾਸਵਾਦ ਬੂਹਾ ਖੋਹਲਦਾ ਹੈ ਭਾਰਤ ਤੌਂ ਬਾਹਰ ਵਸਦੇ ਪੰਜਾਬੀ ਲੇਖਕਾਂ ਤੇ ਪਾਠਕਾਂ ਦੀ ਦੁਨੀਆਂ ਵੱਲ ਨੂੰ, ਤਾਂ ਕਿ ਸਥਾਪਤੀ ਉਨ੍ਹਾ ਦਾ ਸ਼ੋਸ਼ਨ ਕਰ ਸਕੇ। ਇੰਝ ਸਥਾਪਤੀ ਦੀ ਸਿਰਜੀ ਇਸ 'ਪਰਵਾਸੀ ਪੰਜਾਬੀ ਸਾਹਿਤ' ਦੀ ਦੁਨੀਆ ਵਿੱਚ ਲੇਖਕ, ਯਾਨਿ ਪਰਵਾਸੀ ਲੇਖਕ, ਪੰਜਾਬੀ ਸਾਹਿਤ ਦੇ ਦੂਸਰੇ ਦਰਜੇ ਦੇ ਸ਼ਹਿਰੀ, ਯਾਨਿ ਸੈਕੰਡ



ਕਲਾਸ ਸਿਟੀਜ਼ਨ, ਨੇ: ਭਾਵ ਡੰਮ-ਡਾਊਨ ਲੇਖਕ, ਸਥਾਪਤੀ ਦੀ ਨਜ਼ਰ ਵਿੱਚ। ਸਥਾਪਤੀ ਵਲੋਂ 'ਪਰਵਾਸੀ ਪੰਜਾਬੀ ਸਾਹਿਤ' ਦੀ ਦੁਨੀਆਂ ਵਿੱਚ ਸਾਹਿਤ ਦੇ ਨਾਂ 'ਤੇ ਚਾਅ-ਪਲੂਸੀਆਂ ਕਰਨੀਆਂ ਕਰਵਾਉਂਣੀਆਂ ਸ਼ੁਰੂ ਹੋ ਜਾਂਦੀਆਂ ਨੇ; ਪਰਵਾਸੀ ਲੇਖਕਾਂ, ਯਾਣਿ ਡੰਮ-ਡਾਊਨ ਲੇਖਕਾਂ, ਵੱਲ ਨੂੰ ਉਨ੍ਹਾਂ ਸਪੈਸ਼ਲ ਬਣਾਏ ਪਰਵਾਸੀ ਇਨਾਮ/ਸਨਮਾਨ ਸੁੱਟੇ ਜਾਂਦੇ ਆ, ਭਾਰਤ ਵਿੱਚ ਵਸਦੇ ਪੰਜਾਬੀ ਸਾਹਿਤ ਦੇ 'ਪਹਿਲੇ ਦਰਜੇ ਦੇ ਸ਼ਹਿਰੀ' ਲੇਖਕਾਂ ਦੇ ਇਨਾਮ/ਸਨਮਾਨ ਸਿਲਸਿਲੇ ਵਿੱਚ ਵਿਗਨ ਪਾਏ ਬਿਨ੍ਹਾਂ; ਪੰਜਾਬ/ਭਾਰਤ ਤੋਂ ਨਿੱਕਲਦੇ ਪੰਜਾਬੀ ਸਾਹਿਤਕ ਰਸਾਲਿਆਂ ਵਲੋਂ ਵਿਸ਼ੇਸ਼ ਪਰਵਾਸੀ ਸਾਹਤਿਕ ਅੰਕ ਕੱਢੇ ਜਾਂਦੇ ਨੇ, ਯਾਨਿ 'ਡੰਮ-ਡਾਊਨ ਸਾਹਿਤ' ਬਾਰੇ ਅੰਕ, ਜਿਨ੍ਹਾਂ ਵਿੱਚ ਸ਼ਾਮਲ ਕਰਨ ਲਈ ਲੇਖਕਾਂ ਦੀ ਚੋਣ ਅਕਸਰ ਗਰਜ਼ਾਂ ਤੇ ਅੰਤਰ ਚਾਅ-ਪਲੂਸੀਆਂ, ਨਾ ਕਿ ਸਾਹਿਤਕ ਗੁਣਵੱਤਾ, ਦੇ ਆਧਾਰ 'ਤੇ ਕੀਤੀ ਜਾਂਦੀ ਆ; ਸਥਾਪਤੀ ਵਲੋਂ ਨਿਰੋਲ ਪਰਵਾਸੀ ਪਰਚੇ ਵੀ ਕੱਢੇ ਜਾਂਦੇ ਨੇ, ਜਿਨ੍ਹਾਂ ਵਿੱਚ ਵੀ ਲੇਖਕਾਂ ਅਕਸਰ ਆਪਸੀ ਗਰਜ਼ਾਂ, ਨਾ ਕਿ ਸਾਹਿਤਕ ਗੁਣਵੱਤਾ, ਦੇ ਆਧਾਰ 'ਤੇ ਸ਼ਾਮਲ ਕੀਤੇ ਜਾਂਦੇ ਨੇ; ਇਨ੍ਹਾਂ ਪਰਚਿਆਂ ਵਿੱਚ, ਘੱਟੋ ਘੱਟ ਇੱਕ ਵਾਰ ਮੈਂ ਦੇਖਿਆ ਹੈ, ਸਾਹਿਤ ਦੀ "ਡੰਮ-ਡਾਊਨ ਤਾ" ਇੰਨੀ ਡਿਗ ਪੈਂਦੀ ਹੈ ਕਿ ਕਰੀਬ ਸਾਰਾ ਅੰਕ ਹੀ 'ਪਰਵਾਸੀ ਲੇਖਕਾਂ' ਦੀਆਂ ਬੌਂਸ ਦੇ ਨਾਲ ਭਰ ਦਿੱਤਾ ਜਾਂਦਾ; ਅਤੇ "ਵਿਦੇਸੀ ਜਾਂ ਪਰਵਾਸੀ ਪੰਜਾਬ" ਦੇ ਦੌਰੇ ਨਿੱਕਲੇ, ਪੰਜਾਬ/ਭਾਰਤ ਤੋਂ ਪੰਜਾਬੀ ਲੇਖਕ/ਆਲੋਚਕ, 'ਪਰਵਾਸੀ ਲੇਖਕਾਂ' ਨੂੰ ਮੱਤਾਂ ਦੇਣ ਲੱਗ ਪੈਂਦੇ ਨੇ ਕਿ ਉਹ ਕੀ ਬਣ/ਕਰ ਸਕਦੇ ਆ, ਕੀ ਨਹੀਂ। ਮਿਸਾਲ ਵਜੋਂ, ਪਿੱਛੇ ਜਿਹੇ ਇੱਕ ਸਾਹਿਤਕ ਇੱਕਤਰਤਾ ਵਿੱਚ ਭਾਰਤ ਤੋਂ ਆਇਆ ਪੰਜਾਬੀ ਲੇਖਕ/ਆਲੋਚਕ ਸਾਨੂੰ ਦੱਸ ਰਿਹਾ ਸੀ ਕਿ ਅਸੀਂ, ਯਾਣਿ ਪਰਵਾਸੀ ਪੰਜਾਬੀ ਲੇਖਕ, ਪੰਜਾਬੀ ਕਵੀ ਜਾਂ ਕਹਾਣੀਕਾਰ ਤਾਂ ਬਣ ਸਕਦੇ ਆ, ਪਰ ਪੰਜਾਬੀ ਚਿੰਤਕ ਬਣਨ ਦੇ ਯੋਗ ਨਹੀਂ ਆ। ਕੁੱਲ ਮਿਲਾ ਕੇ, ਪੰਜਾਬ/ਭਾਰਤ ਵਸਦੇ ਪੰਜਾਬੀ ਲੇਖਕਾਂ/ਆਲੋਚਕਾਂ ਤੇ ਸਥਾਪਤੀ ਦਾ ਭਾਰਤ ਤੋਂ ਬਾਹਰ ਵਸਦੇ ਪੰਜਾਬੀ ਲੇਖਕਾਂ ਪ੍ਰਤੀ ਵਤੀਰਾ ਇੱਦਾਂ ਦਾ, ਜਿਵੇਂ ਉਹ ਬਸਤੀਵਾਦੀ ਸ਼ਕਤੀ ਹੋਣ, ਤੇ ਅਸੀਂ ਭਾਰਤ ਤੋਂ ਬਾਹਰਲੇ ਦੇਸ਼ਾ ਵਿੱਚ ਰਹਿਣ ਵਾਲੇ ਪੰਜਾਬੀ ਲੇਖਕ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਬਸਤੀਆਂ, ਯਾਣਿ ਕਲੋਨੀਆਂ, ਹੋਈਏ। ਸੋ, ਪੰਜਾਬ/ਭਾਰਤ ਵਸਦੇ ਪੰਜਾਬੀ ਲੇਖਕਾਂ/ਆਲੋਚਕਾਂ ਤੇ ਸਥਾਪਤੀ ਲਈ ਪਰਵਾਸਵਾਦ ਭਾਰਤ ਤੋਂ ਬਾਹਰ ਵਸਦੇ ਪੰਜਾਬੀ ਲੇਖਕਾਂ ਉੱਪਰ ਪਾਈ ਹੋਈ ਕਾਠੀ ਆ, ਜਿਹਨੂੰ ਸਾਡੇ ਵਿੱਚੋਂ ਬਹੁਤੇ, ਭੂਤਮੁੱਖੀ ਸੋਚ ਦੇ ਅਸਰ ਅਧੀਨ, ਸਵੀਕਾਰ ਕਰ ਲੈਂਨੇ ਆਂ।

- **ਇਹਦਾ ਮਤਲਬ ਹੋਇਆ ਕਿ ਤੁਸੀਂ ਆਪਣੇ ਨੂੰ 'ਪਰਵਾਸੀ ਲੇਖਕ' ਜਾਂ 'ਪਰਵਾਸੀ ਕਵੀ' ਨਹੀ ਸਮਝਦੇ?**

ਜਿਸ ਤਰ੍ਹਾਂ ਪੰਜਾਬੀ ਸਾਹਿਤ ਤੇ ਭਾਈਚਾਰੇ ਵਿੱਚ ਵਰਤਿਆਂ ਜਾਂਦਾ ਹੈ, ਬਿੱਲਕੁਲ ਨਹੀਂ, ਸੋਢੀ ਜੀ! ਸਾਹਿਤਕ ਪਰਵਾਸਵਾਦ ਸਾਹਿਤ ਦੇ ਨਾਂ 'ਤੇ ਚੱਲ ਰਿਹਾ ਧੰਦਾ ਹੈ, ਚੰਗਾ ਹੈ ਜਾਂ ਮੰਦਾ ਹੈ। ਮਿਸਾਲ ਵਜੋਂ, ਕਵਿਤਾ ਕਵਿਤਾ ਹੀ ਹੁੰਦੀ ਹੈ, ਵਾਸੀ ਕਵਿਤਾ ਤੇ ਪਰਵਾਸੀ ਕਵਿਤਾ ਨਹੀਂ ਹੁੰਦੀ। ਟਰਮ 'ਪਰਵਾਸੀ ਕਵਿਤਾ' ਕਵਿਤਾ ਨੂੰ ਕੱਢੀ ਕੋਈ ਭੱਦੀ ਗਾਲ੍ਹ ਜਿਹੀ ਲੱਗਦੀ ਆ, ਮਾਫ਼ ਕਰਨਾ, ਮੇਰੇ ਵਿਚਾਰ ਅਨੁਸਾਰ ਘੱਟੋ ਘੱਟ ਕਵੀ ਲਈ:

ਦੇਸ਼ ਪ੍ਰਦੇਸ਼ ਕੁਝ ਨਹੀਂਓਂ ਹੁੰਦਾ
ਨਾ ਵਾਸੀ ਪ੍ਰਵਾਸੀ।
ਬੰਦੇ ਮਨ ਲਕੀਰਾਂ ਖਿੱਚੀਆਂ
ਕੁਦਰਤ ਫ਼ਰਕ ਨਾ ਕਾਸੀ।
ਬ੍ਰਹਿਮੰਡ ਅੱਖ ਵਜੂਦ-ਏ-ਧਰਤੀ
ਬਿੰਦੀ ਤੋਂ ਵੀ ਛੋਟਾ,
ਕਿੰਨਾ ਛੋਟਾ ਮਨ ਜੋ ਸੋਚੇ
ਵਾਸੀ ਤੇ ਪ੍ਰਵਾਸੀ।

- **ਜਿਹਨੂੰ ਤੁਸੀਂ 'ਪਰਵਾਸਵਾਦ' ਕਹਿੰਦੇ ਓਂ, ਜੇ ਇੰਨਾ ਈ ਭੈੜਾ ਤੇ ਬੋਗਸ ਆ, ਤਾਂ ਫਿਰ ਇਸ ਦਾ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਏਨਾਂ ਬੋਲਬਾਲਾ ਕਿਓਂ, ਭਾਰਤ ਵਸਦੇ ਪੰਜਾਬੀ ਲੇਖਕਾਂ/ਆਲੋਚਕਾਂ ਤੇ ਸਥਾਪਤੀ ਅੰਦਰ ਹੀ ਨਹੀਂ, ਸਗੋਂ ਬਾਹਰਲੇ ਦੇਸ਼ਾਂ ਵਿੱਚ ਵਸਦੇ ਪੰਜਾਬੀ ਲੇਖਕਾਂ ਦਰਮਿਆਨ ਵੀ?**

ਇੱਕ ਹੋਰ ਢੰਗ ਹੈ ਇਸ ਸਤਿਥੀ ਨੂੰ ਦੇਖਣ ਦਾ; ਮਾਨੋ 'ਪਰਵਾਸਵਾਦ' ਪੰਜਾਬ/ਭਾਰਤ ਵਿੱਚ ਵਸਦੇ ਪੰਜਾਬੀ ਲੇਖਕਾਂ, ਆਲੋਚਕਾਂ, ਤੇ ਪੰਜਾਬੀ ਸਾਹਿਤ ਦੀ ਸਥਾਪਤੀ ਵਲੋਂ ਭਾਰਤ ਤੋਂ ਬਾਹਰ ਵਸਦੇ ਪੰਜਾਬੀ ਲੇਖਕਾਂ ਉੱਪਰ ਸੁੱਟਿਆਂ 'ਸਰਾਪ' ਹੈ: 'ਪਰਵਾਸੀ ਲੇਖਕ', 'ਪਰਵਾਸੀ ਕਵੀ', ਤੇ 'ਪਰਵਾਸੀ ਕਵਿਤਾ' ਆਦਿ ਨਾਵਾਂ ਦੇ ਰੂਪਾਂ ਵਿੱਚ। ਇਹ 'ਸਰਾਪ' ਸਜ਼ਾ ਹੈ ਜੋ ਸਾਨੂੰ ਸੁਣਾਈ ਗਈ ਹੈ ਅਹਿੱਲ ਸਿਸਟਮ ਵਲੋਂ, ਜੜ੍ਹਤਾ ਦੇ ਖਲਿਾਫ ਚੱਲਣ ਦੀ, ਯਾਨਿ ਮੂਵ ਹੋਣ, ਦੇ ਦੋਸ਼ ਵਜੋਂ। ਇਹ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ 'ਸੁਣਾਈ ਸਜ਼ਾ' ਨੂੰ ਸਵੀਕਾਰ ਕਰ ਹੰਢਾਈਏ, ਜਾਂ ਆਪਣੇ ਚੁਣੇ ਹੋਏ ਦੇਸ਼ਾਂ ਵਿੱਚ ਤੇ ਧਰਤੀ ਉਤੇ ਵਾਸੀ ਬਣਕੇ ਰਹੀਏ, ਭਾਵੇਂ ਕਿਸੇ ਵੀ ਭਾਸ਼ਾ ਵਿੱਚ ਸਾਹਿਤ ਰਚਨਾ ਕਰੀਏ। ਦਿੱਕਤ ਜਾਂ ਬਿੱਜ ਇਹ ਪੈਂਦੀ ਆ ਕਿ ਇਨ੍ਹਾਂ ਦੇਸ਼ਾ ਵਿੱਚ ਆਈ ਪਹਿਲੀ ਪੀੜ੍ਹੀ ਦੇ ਪੰਜਾਬੀਆਂ ਦਾ, ਮਸਲਨ ਸਾਡਾ, ਜਨਮ ਤੇ ਪਾਲਣ-ਪੋਸਣ ਜਿੰਨਾ ਕੁ ਉੱਧਰ ਹੋਇਆ, ਪੰਜਾਬ ਦੇ ਭੂਤਮੁੱਖੀ ਸਮਾਜ ਵਿੱਚ ਹੋਇਆ, ਤੇ ਅਸੀਂ ਆਉਂਦੇ ਹੋਏ ਸੁਭਾਵਿਕ ਹੀ ਭੂਤਮੁੱਖੀ ਸੋਚ, ਖ਼ਾਬ, ਤੇ ਪਹੁੰਚ ਆਪਣੇ ਨਾਲ ਲੈ ਆਏ। ਇਹੀ ਭੇਤ ਆ ਕਿ ਕਿਵੇਂ ਅਸੀਂ, ਜਾਂ ਸਾਡੇ ਵਿੱਚੋਂ ਬਾਹਲੇ, ਪੰਜਾਬ/ਭਾਰਤ ਵਸਦੀ ਪੰਜਾਬੀ ਸਾਹਿਤ ਸਥਾਪਤੀ ਵਲੋਂ ਸੁੱਟੇ ਗਏ 'ਪਰਵਾਸਵਾਦ' ਦੇ ਇਸ ਜਾਲ ਵਿੱਚ ਸਹਿਜੇ ਹੀ ਫ਼ਸ ਜਾਂਦੇ ਆ।

- **ਚਲੋ, ਜੇ ਤੁਹਾਡਾ 'ਪਰਵਾਸਵਾਦ' ਬਾਰੇ ਨਜ਼ਰੀਆ ਮੰਨ ਵੀ ਲਈਏ, ਫਿਰ ਵੀ ਸੱਚ ਹੈ ਕਿ ਅਸੀਂ, ਬਾਹਰਲੇ ਦੇਸ਼ਾ ਵਿੱਚ ਰਹਿਦੇ ਪੰਜਾਬੀ ਲੇਖਕ, ਪੰਜਾਬ ਵਿੱਚ ਤਾਂ ਹੁਣ ਰਹਿੰਦੇ ਨਹੀਂ। ਸਾਡੀ ਪਛਾਣ ਕੀ ਆ? ਇਸ ਵਿੱਚ ਕੁਛ ਤਾਂ ਵੱਖਰਾ ਹੋਊ ਪੰਜਾਬ ਵਸਦੇ ਪੰਜਾਬੀ ਲੇਖਕਾਂ ਨਾਲੋਂ।**

ਵਧੀਆ ਨੁਕਤਾ! ਸਾਡੀਆਂ, ਯਾਨਿ ਬਾਹਰ ਵਸਦੇ ਪੰਜਾਬੀ ਲੇਖਕਾਂ ਦੀਆਂ, ਅਤੇ ਪੰਜਾਬ/ਭਾਰਤ ਵਸਦੇ ਪੰਜਾਬੀ ਲੇਖਕਾਂ ਦੀਆ ਪਛਾਣਾਂ ਵਿਚਵਾਰ ਸਾਂਝ ਵੀ ਹੈ ਤੇ ਵਖਰੇਵਾਂ ਵੀ। ਸਾਂਝ ਇਹ ਹੈ ਅਸੀਂ, ਦੋਵੇਂ ਧਿਰਾਂ, ਇੱਕੋ ਭਾਸ਼ਾ (ਪੰਜਾਬੀ) ਦੇ ਲੇਖਕ ਆਂ, ਇੱਕੋ ਦੇਸ਼ (ਭਾਰਤ) ਦੇ ਜੰਮਪਲ ਆ, ਇੱਕੋ ਇਤਿਹਾਸਕ ਵਿਰਸੇ ਦੇ ਵਾਰਿਸ ਹਾਂ, ਅਤੇ ਇੱਕੋ ਧਰਤੀ ਦੇ ਵਾਸੀ ਹਾਂ। ਵਖਰੇਵਾਂ ਇਹ ਹੈ ਕਿ ਅਸੀਂ ਉਮਰ ਦੇ ਇੱਕ ਪੜਾਅ 'ਤੇ ਭਾਰਤ ਤੋਂ ਮੂਵ ਹੋ ਕੇ ਕਿਸੇ ਪੱਛਮੀ ਦੇਸ਼ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਸੁਆਲ ਇਹ ਆ ਕਿ ਇਸ ਵੱਖਰੇਵੇਂ ਨੂੰ ਕੀ ਨਾਮ ਦਿੱਤਾ ਜਾਏ।

ਇੱਧਰ ਅਧਿਆਪਕ ਹੋਣ ਨਾਤੇ, ਮੈਂ ਦੱਸ ਦਿਆਂ ਕਿ ਬਾਹਰਲੇ ਦੇਸ਼ਾਂ ਤੋਂ ਆਏ ਵਿਦਿਆਰਥੀਆਂ ਨੂੰ ਇਧਰਲੀਆਂ ਯੂਨੀਵਰਸਿਟੀਆਂ ਕੀ ਕਹਿੰਦੀਆਂ ਨੇ: ਅੰਤਰਰਾਸ਼ਟਰੀ ਵਿਦਿਆਰਥੀ। ਭਾਰਤ ਤੋਂ ਬਾਹਰ ਵਸਦੇ ਪੰਜਾਬੀ ਲੇਖਕਾਂ ਨੂੰ ਜੇ ਅੰਤਰਰਾਸ਼ਟਰੀ ਪੰਜਾਬੀ ਲੇਖਕ ਕਹਿ ਲਿਆ ਜਾਵੇ ਤਾਂ ਅਰਥ-ਭਰਪੂਰ ਹੋਏਗਾ, 'ਪਰਵਾਸੀ ਪੰਜਾਬੀ ਲੇਖਕ' ਟਰਮ ਦੀ ਨਿਆਰਥਕਤਾ ਸਾਹਵੇਂ। ਲੇਖਕ ਦੇ ਮੌਜੂਦਾ ਦੇਸ਼ 'ਤੇ ਆਧਾਰਿਤ ਵੱਖਰੇਂਵਾਂ, ਜਿਵੇਂ ਅਮਰੀਕੀ ਪੰਜਾਬੀ ਕਵੀ, ਕੈਨੇਡੀਅਨ ਪੰਜਾਬੀ ਕਵੀ ਆਦਿ ਵੀ 'ਪਰਵਾਸੀ ਪੰਜਾਬੀ ਕਵੀ' ਟਰਮ ਦੀ ਨਾਨ ਸੈਂਸ ਨਾਲੋਂ ਕਿਤੇ ਚੰਗਾ ਆ; ਅੰਤਰਰਾਸ਼ਟਰੀ ਸੱਭ ਤੋਂ ਚੰਗਾ। ਕਿਓਂਕਿ ਸਾਡਾ 'ਪਰਵਾਸਵਾਦ' ਦਾ ਮੁੱਦਾ ਆਪਣੇ ਪਿਛਲੇ ਦੇਸ਼, ਜਾਂ ਇਹਦੇ ਲੇਖਕਾਂ ਨਾਲ ਹੈ, 'ਪਰਵਾਸਵਾਦ' ਸਿੱਕੇ ਦਾ ਦੂਜਾ ਪਾਸਾ ਹੈ: ਬਸਤੀਵਾਦ, ਜਿਸਦਾ ਜਕਿਰ ਹੀ ਮੈਂ ਕਰ ਚੁੱਕਾਂ ਕਿ ਪੰਜਾਬ/ਭਾਰਤ ਵਸਦੇ ਪੰਜਾਬੀ ਲੇਖਕਾਂ/ਆਲੋਚਕਾਂ ਤੇ ਸਥਾਪਤੀ ਸਾਡੇ ਨਾਲ ਇਸ ਤਰ੍ਹਾਂ ਪੇਸ਼ ਆਉਂਦੇ ਨੇ, ਜਿਵੇਂ ਅਸੀਂ ਉਨਾਂ ਦੀਆਂ ਬਸਤੀਆਂ ਹੋਈਏ। 'ਪਰਵਾਸਵਾਦ' ਰੱਦ ਕਰਦੇ ਹੋਏ, ਅਪਣਾਉਣਾ ਚਾਹੀਦਾ ਹੈ ਅੰਤਰਰਾਸ਼ਟਰੀਵਾਦ, ਜਿਹਦਾ ਹਿੱਸਾ ਹੈ: ਵਿਸ਼ਵੀਕਰਨ, ਜਿਹਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆ, ਕਿਉਕਿ ਇਹ ਹੋ ਰਿਹਾ ਆ।

- **ਸੁਆਲ ਪੈਦਾ ਹੁੰਦਾ ਹੈ ਕਿ ਸਾਡੀ ਪਛਾਣ ਵਿੱਚ ਵਖਰੇਵਾਂ ਸਰਾਪ ਹੈ ਜਾਂ ਵਰਦਾਨ?**

ਮੇਰੇ ਵਿਚਾਰ ਅਨੁਸਾਰ, ਸੋਢੀ ਜੀ, ਇਹ ਸਾਡੇ 'ਤੇ ਨਿਰਭਰ ਕਰਦਾ ਹੈ। ਜੇ ਅਸੀਂ, ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਲੇਖਕ ਇਸ ਰਹਿਣੇ ਸੰਗ ਭੂਤਮੁੱਖੀ ਸੋਚ ਤੇ ਪਹੁੰਚ ਨਾਲ ਨਿਪਟੀਏ, ਤਾਂ ਪੰਜਾਬੀ ਸਾਹਿਤ ਦੀ ਸਥਾਪਤੀ ਵਲੋਂ ਸਾਡੇ ਉੱਪਰ ਸੁੱਟੇ 'ਪਰਵਾਸਵਾਦ' ਦੇ 'ਸਰਾਪ' ਦਾ ਸ਼ਿਕਾਰ ਹੁੰਦੇ ਰਵ੍ਹਾਂਗੇ, ਸਾਡੇ ਵਿੱਚੋਂ ਭਾਰੀ-ਗਿਣਤੀ, ਜੇ ਕਰੀਬ ਸਾਰੇ ਨਹੀਂ, 'ਪਰਵਾਸਵਾਦ' ਦਾ ਸ਼ਿਕਾਰ ਆਂ। ਲੇਕਿਨ, ਇਹ 'ਸਰਾਪ' ਹੋਣੀ ਅਟੱਲ ਨਹੀਂ। ਇਸ ਨੂੰ ਅਸੀਂ ਬਦਲ ਸਕਦੇ ਆਂ 'ਵਰਦਾਨ' ਹੋਣੀ ਵਿੱਚ। ਕਿੱਦਾਂ? ਭੂਤਮੁੱਖੀ ਦੀ ਥਾਂ ਭਵਿੱਖਮੁੱਖੀ ਸੋਚ ਤੇ ਪਹੁੰਚ ਅਪਣਾ ਕੇ, ਜਿਸ ਦੇ ਅਨੁਸਾਰ ਅਸੀਂ ਆਪਣੀ ਸੋਚ ਨੂੰ ਪਿਛਲ-ਝਾਤ ਦੇ ਕੀਲ੍ਹੇ ਨਾਲ ਨਾ ਬੰਨਦੇ ਹੋਏ, ਅੱਜ ਦੇ ਮੁੱਦਿਆਂ ਤੇ ਮਸਲਿਆਂ ਦੇ ਹੱਲ ਭੂਤ 'ਚੋਂ ਤਲਾਸ਼ਣ ਦੀ ਬਜਾਇ, ਮੁੱਦਿਆਂ ਤੇ ਮਸਲਿਆਂ ਨੂੰ ਉਨ੍ਹਾਂ ਦੇ ਮੌਜੂਦਾ ਲੋਕਲ ਹਾਲਾਤਾਂ ਵਿੱਚ ਰੱਖ ਕੇ, ਉਚਿੱਤ ਵਿਸ਼ਵ ਪ੍ਰਸੰਗ ਵਿੱਚ, ਵਿਗਿਆਨਕ ਸੋਚ ਦੀ ਲੋਏ, ਉਨ੍ਹਾਂ ਦੇ ਹੱਲ ਖੋਜਾਂਗੇ। ਇੰਝ ਇਹ ਭਵਿੱਖਮੁੱਖੀ ਸੋਚ ਤੇ ਪਹੁੰਚ ਸਾਨੂੰ ਬਿੱਲਕੁੱਲ ਨਵਾਂ, ਜਾਣਿ ਬਰੈਂਡ ਨਿਊ, ਤੇ ਅਲਿਹਦਾ ਹਵਾਲਾ-ਫਰੇਮ ਮੁਹੱਈਆ ਕਰਦੀ ਹੈ। ਇਹ ਹਵਾਲਾ-ਫਰੇਮ ਹੀ ਵਰਦਾਨ ਹੈ, ਭਵਿੱਖਮੁੱਖੀ ਸੋਚ ਦਾ ਸਾਡੇ ਲਈ, ਇਸ ਹਾਲਾਤ ਵਿੱਚ, ਜਿਸ ਨੂੰ ਵਿਸ਼ਵ ਹਵਾਲਾ-ਫਰੇਮ ਕਹਿ ਸਕਦੇ ਆ।

- **ਵਿਸ਼ਵ ਹਵਾਲਾ-ਫਰੇਮ ਵਰਦਾਨ ਹੈ; ਉਹ ਕਿਵੇਂ?**

ਪਹਿਲਾਂ ਪੁੱਛੀਏ ਕਿ ਹਵਾਲਾ-ਫਰੇਮ ਅਸਲ ਕੀ ਆ। ਭਵਿੱਖਮੁੱਖੀ ਸੋਚ ਤੇ ਪਹੁੰਚ ਸਾਨੂੰ 'ਪਰਵਾਸਵਾਦ' ਦੇ 'ਸਰਾਪ' ਤੋਂ ਮੁਕਤ ਕਰਵਾ ਦਿੰਦੀ ਆ; ਅਸੀਂ ਪਰਵਾਸੀ ਹੋਣ ਦੇ ਕੱਫ਼ਣ 'ਚੋਂ ਨਿੱਕਲ ਕੇ ਆਪਣੇ ਇੱਧਰਲੇ ਆਪਣੇ ਨਵੇਂ ਦੇਸ਼/ਸਮਾਜ ਦੇ ਵਾਸੀ ਬਣ ਅੱਜ ਵਿੱਚ ਜੀਣ ਲੱਗ ਪੈਂਦੇ ਆਂ। ਆਪਣੇ ਹੀ ਸਿਰਫ ਪੰਜਾਬੀ/ਭਾਰਤੀ ਭਾਈਚਾਰੇ ਤੱਕ ਹੀ ਸੀਮਿਤ ਨਾ ਰਹਿ ਕੇ, ਘੇਰਾ ਵਿਸ਼ਾਲ ਕਰਦੇ ਹੋਏ, ਇਸ ਸਮਾਜ/ਦੇਸ਼ ਦੇ ਸਮਾਜਿਕ ਤੇ ਰਾਜਨੀਨਿਕ ਜੀਵਨ ਵਿੱਚ ਦਿਲਚਸਪੀ, ਸੰਭਾਵਿਤ ਹਿੱਸਾ, ਲੈਣ ਲੱਗ ਜਾਂਦੇ ਆਂ; ਇਸ ਦੇਸ਼ ਤੇ ਧਰਤੀ ਤੇ ਇਸ ਖੱਤਿ ਦੇ ਇਤਿਹਾਸ ਬਾਰੇ ਜਾਗਰੂਕ ਹੋਣ ਲੱਗਦੇ ਆਂ, ਇਤਿਆਦਿ। ਇੰਝ ਚੱਲਦੇ ਅੱਜ ਦੇ ਤੇ ਅੱਜ ਤੱਕ ਦੇ ਜੀਵਨ ਤਜਰਬੇ ਤੋਂ ਉੱਸਰਣ ਲੱਗਦਾ ਹੈ, ਇਹ ਨਵਾਂ ਤੇ ਅਲਿਹਦਾ ਹਵਾਲਾ-ਫਰੇਮ। ਚਲੋ, ਇਹਨੂੰ ਵਿਸ਼ਵ ਹਵਾਲਾ-ਫਰੇਮ ਕਹਿ ਲੈਂਦੇਂ ਆਂ, ਕਿਉਂਕਿ ਇਹ ਮੁਕਾਬਲਤਨ ਵਿਸ਼ਵ ਹਵਾਲਾ-ਫਰੇਮ ਦੇ ਨੇੜੇ ਆ, ਤੇ ਆਪਣੀਆਂ ਕੋਸ਼ਿਸ਼ਾਂ ਨਾਲ ਜਿੰਨਾ ਨੇੜੇ ਚਾਹੁੰਦੇ ਆਂ, ਕਰ ਸਕਦੇ ਆਂ।

WE WISH YOU A VERY

HAPPY NEW YEAR

PINE LIGHTING

WE CARRY ALL MAJOR BRANDS

YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# ਵਿਵਾਦਾਂ 'ਚ ਘਿਰਿਆ ਪੰਜਾਬੀ ਗਾਇਕ ਰਾਏ ਜੁਝਾਰ, ਸਰੀ ਦੀ ਪ੍ਰੀਤੀ ਰਾਏ ਲਗਾਏ ਦੋਸ਼

ਚੰਡੀਗੜ੍ਹ: ਪੰਜਾਬ ਦੇ ਜ਼ਿਲ੍ਹੇ ਜਲੰਧਰ ਤੋਂ ਪੰਜਾਬੀ ਗਾਇਕ ਰਾਏ ਜੁਝਾਰ ਖਿਲਾਫ਼ ਸਰੀ ਦੀ ਪ੍ਰੀਤੀ ਰਾਏ ਨੇ ਐਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਨੇ ਪ੍ਰੀਤੀ ਰਾਏ ਦੀ ਸ਼ਿਕਾਇਤ 'ਤੇ ਰਾਏ ਜੁਝਾਰ ਦੇ ਖ਼ਿਲਾਫ਼ ਧਾਰਾ 376, 406, 420 ਤਹਿਤ ਕੇਸ ਦਰਜ ਕਰ ਕੀਤਾ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ 2006 ਵਿੱਚ ਰਾਏ ਜੁਝਾਰ ਨੇ ਕੈਨੇਡੀਅਨ ਨਾਗਰਿਕ ਔਰਤ ਨੂੰ ਵਰਗਲਾ ਕੇ ਉਸ ਦਾ ਸਰੀਰਕ ਸ਼ੋਸ਼ਣ ਕਰਨ ਦੇ ਨਾਲ-ਨਾਲ ਉਸ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ।

ਇਸ ਦੇ ਨਾਲ ਹੀ ਪ੍ਰੀਤੀ ਰਾਏ ਨੇ ਸਰੀ 'ਚ ਇੱਕ ਪ੍ਰੈੱਸ ਕਾਨਫਰੰਸ ਕਰਕੇ ਪੰਜਾਬੀ ਗਾਇਕ ਰਾਏ ਜੁਝਾਰ 'ਤੇ ਗੰਭੀਰ ਇਲਜ਼ਾਮ ਲਾਏ ਹਨ। ਔਰਤ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਰਾਜਾ ਗਾਰਡਨ ਕਾਲੋਨੀ ਦੇ ਰਹਿਣ ਵਾਲੇ ਪੰਜਾਬੀ ਗਾਇਕ ਰਾਏ ਜੁਝਾਰ ਨੇ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਅਤੇ ਸਰੀਰਕ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਵਿਆਹ ਦੇ ਬਹਾਨੇ ਕਾਰੋਬਾਰ ਅਤੇ ਜਾਇਦਾਦ ਖਰੀਦਣ ਦੇ ਬਹਾਨੇ ਉਸ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ।

ਔਰਤ ਨੇ ਦੱਸਿਆ ਕਿ ਉਹ ਕੈਨੇਡਾ ਦੇ ਸਰੀ 'ਚ ਰਹਿ ਰਹੀ ਹੈ ਅਤੇ ਉਸਦੇ ਪਰਿਵਾਰ ਦਾ ਸਰੀ 'ਚ ਕਾਰੋਬਾਰ ਹੈ। ਉਹ 2006 ਵਿੱਚ ਜਲੰਧਰ ਸਥਿਤ ਪੰਜਾਬੀ ਗਾਇਕ ਰਾਏ ਜੁਝਾਰ ਨੂੰ ਮਿਲੀ ਸੀ।

### ਕਿਸ ਤਰ੍ਹਾਂ ਦੇ ਲੱਗੇ ਗਾਇਕ ਉਤੇ ਇਲਜ਼ਾਮ

ਆਪਣੀ ਗੱਲਬਾਤ ਦੌਰਾਨ ਪ੍ਰੀਤੀ ਰਾਏ ਨੇ ਦੱਸਿਆ ਕਿ ਦੋਵਾਂ ਵਿਚਾਲੇ ਗੱਲਬਾਤ 2006 ਵਿੱਚ ਕੈਨੇਡਾ ਦੇ ਇੱਕ ਸ਼ੋਅ ਤੋਂ ਬਾਅਦ ਸ਼ੁਰੂ ਹੋਈ ਸੀ, ਜਿੱਥੇ ਰਾਏ ਜੁਝਾਰ ਸ਼ੋਅ ਕਰਨ ਲਈ ਆਇਆ ਸੀ, ਉਸ ਸ਼ੋਅ ਵਿੱਚ ਉਸ ਨੂੰ ਰਾਏ ਜੁਝਾਰ ਦੇ ਹੱਥੋਂ ਮਿਸ ਪੰਜਾਬਣ ਦਾ ਖਿਤਾਬ ਮਿਲਿਆ, ਜਿਸ ਤੋਂ ਬਾਅਦ ਰਾਏ ਜੁਝਾਰ ਨੇ ਉਸ ਨੂੰ ਆਪਣਾ ਮੋਬਾਈਲ ਨੰਬਰ ਦਿੱਤਾ, ਜਿਸ ਤੋਂ ਬਾਅਦ ਜੁਝਾਰ ਨੇ ਉਸ ਨੂੰ ਆਪਣੇ ਪਿਆਰ ਵਿੱਚ ਫਸਾਇਆ ਅਤੇ ਉਸਨੂੰ ਕੈਨੇਡਾ ਵਿੱਚ ਮਿਲਣ ਲਈ ਕਿਹਾ। ਇਸ ਦੌਰਾਨ ਦੋਵਾਂ ਦੀ ਮੁਲਾਕਾਤ ਕੈਨੇਡਾ 'ਚ ਹੋਈ।

ਪ੍ਰੀਤੀ ਰਾਏ ਨੇ ਦੱਸਿਆ ਕਿ ਇਸ ਦੌਰਾਨ ਜੁਝਾਰ ਨੇ ਉਸ ਨੂੰ ਦੱਸਿਆ ਕਿ ਉਹ ਬੈਚਲਰ ਹੈ। ਇਸ ਦੌਰਾਨ ਜੁਝਾਰ ਦੇ ਭਾਰਤ ਪਰਤਣ ਤੋਂ 10 ਦਿਨ ਬਾਅਦ ਉਹ ਵੀ ਭਾਰਤ ਪਰਤ ਆਈ। ਇਸ ਦੌਰਾਨ ਜਦੋਂ ਪ੍ਰੀਤੀ ਰਾਏ ਨੇ ਪਰਿਵਾਰ ਨਾਲ ਜੁਝਾਰ ਨਾਲ ਵਿਆਹ ਕਰਵਾਉਣ ਦੀ ਗੱਲ ਕੀਤੀ ਤਾਂ ਪਰਿਵਾਰ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਉਹ ਕੈਨੇਡਾ ਵਾਪਸ ਚਲੀ ਗਈ।

ਔਰਤ ਨੇ ਅੱਗੇ ਦੱਸਿਆ ਕਿ 2007 'ਚ ਜੁਝਾਰ ਨੇ ਉਸ ਨੂੰ ਫਿਰ ਭਾਰਤ ਬੁਲਾਇਆ ਅਤੇ ਕਿਹਾ ਕਿ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਦੋਵਾਂ ਨੂੰ ਵਿਆਹ ਕਰ ਲੈਣਾ ਚਾਹੀਦਾ ਹੈ, ਬਾਅਦ 'ਚ ਪਰਿਵਾਰ ਆਪ ਹੀ ਰਾਜ਼ੀ ਹੋ ਜਾਵੇਗਾ। ਇਸ ਦੌਰਾਨ ਜੁਝਾਰ ਨੇ ਕਿਹਾ ਕਿ ਮੈਂ ਗਾਇਕ ਹਾਂ, ਇਸ ਲਈ ਉਹ ਲੋਕਾਂ ਦੇ ਸਾਹਮਣੇ ਦਿਖਾਵਾ ਕਰਕੇ ਵਿਆਹ ਨਹੀਂ ਕਰਨਾ ਚਾਹੁੰਦਾ।



ਪ੍ਰੀਤੀ ਰਾਏ ਨੇ ਦੱਸਿਆ ਕਿ ਮੈਂ ਜੁਝਾਰ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਉਸ ਨਾਲ ਸਾਦਾ ਵਿਆਹ ਕਰਵਾ ਲਿਆ।

ਜਿਸ ਦੀ ਫੋਟੋ ਉਸ ਕੋਲ ਹੈ, ਜਦੋਂ ਕਿ ਜੁਝਾਰ ਨੇ ਵਿਆਹ ਦੇ ਬਰਾਤ ਦੀ ਫੋਟੋ ਇਹ ਕਹਿ ਕੇ ਨਹੀਂ ਦਿੱਤੀ ਕਿ ਫੋਟੋ ਦਾ ਪ੍ਰਿੰਟ ਖਰਾਬ ਹੋ ਗਿਆ ਹੈ। ਦੋਵੇਂ ਵਿਆਹ ਤੋਂ 20 ਦਿਨਾਂ ਬਾਅਦ ਕੈਨੇਡਾ ਚਲੇ ਗਏ ਸਨ। ਪਰ ਕੁਝ ਦਿਨਾਂ ਬਾਅਦ ਜੁਝਾਰ ਭਾਰਤ ਵਾਪਸ ਆ ਗਿਆ। ਭਾਰਤ ਵਿੱਚ ਕਾਰੋਬਾਰ ਕਰਨ ਲਈ ਉਸ ਨੇ 30 ਲੱਖ ਰੁਪਏ ਦਾ ਡਰਾਫਟ ਬਣਾ ਕੇ ਜੁਝਾਰ ਨੂੰ ਦੇ ਦਿੱਤਾ, ਜਿਸ ਤੋਂ ਬਾਅਦ ਉਹ ਅਤੇ ਜੁਝਾਰ ਕਪੂਰਥਲਾ ਰਹਿਣ ਲੱਗੇ। ਜਿੱਥੇ ਜੁਝਾਰ ਨੇ ਜਾਇਦਾਦ ਖਰੀਦਣ ਦੇ ਨਾਂਅ 'ਤੇ ਉਸ ਨਾਲ ਪੈਸੇ ਦੀ ਠੱਗੀ ਮਾਰੀ।

ਪ੍ਰੀਤੀ ਰਾਏ ਨੇ ਦੱਸਿਆ ਕਿ ਹੁਣ ਜਦੋਂ ਉਹ ਸਤੰਬਰ 2024 'ਚ ਭਾਰਤ ਆਈ ਤਾਂ ਜੁਝਾਰ ਨੇ ਉਸ ਨੂੰ ਮੈਸਜਾ ਵਿੱਚ ਅਸਿੱਧੇ ਤੌਰ ਤੇ ਧਮਕੀਆਂ ਦੇ ਰਿਹਾ ਕੀ ਪੰਜਾਬ ਵਿੱਚ ਕੁਝ ਵੀ ਹੋ ਸਕਦਾ ਆ ਐਕਸੀਡੈਂਟ ਵੀ ਹੋ ਸਕਦਾ। ਜਿਸ ਤੋਂ ਬਾਅਦ ਪ੍ਰੀਤੀ ਰਾਏ ਨੇ ਜੁਝਾਰ ਖ਼ਿਲਾਫ਼ ਕੇਸ ਦਰਜ ਕਰਕੇ ਇਨਸਾਫ਼ ਦੀ ਗੁਹਾਰ ਲਗਾਈ ਹੈ।

# ਲੌਸ ਏਂਜਲਸ ਦੇ ਜੰਗਲਾਂ ਵਿਚ ਅੱਗ ਨੇ ਮਚਾਈ ਤਬਾਹੀ, 1000 ਤੋਂ ਵੱਧ ਘਰ ਬਰਬਾਦ

ਲੌਸ ਏਂਜਲਸ: ਅਮਰੀਕਾ ਦੇ ਲੌਸ ਏਂਜਲਸ ਖੇਤਰ ਵਿਚ ਬੁੱਧਵਾਰ ਤੜਕੇ ਸ਼ੁਰੂ ਹੋਈਆਂ ਜੰਗਲੀ ਅੱਗਾਂ ਨੇ ਭਾਰੀ ਤਬਾਹੀ ਮਚਾ ਦਿੱਤੀ ਹੈ। ਰਿਪੋਰਟਾਂ ਅਨੁਸਾਰ, 1,000 ਤੋਂ ਵੱਧ ਇਮਾਰਤਾਂ ਅੱਗ ਕਾਰਨ ਬਰਬਾਦ ਹੋ ਚੁੱਕੀਆਂ ਹਨ ਅਤੇ ਘੱਟੋ ਘੱਟ ਦੋ ਲੋਕਾਂ ਦੀ ਮੌਤ ਹੋਣ ਦੀ ਪੁਸ਼ਟੀ ਹੋਈ ਹੈ।

ਲੌਸ ਏਂਜਲਸ ਖੇਤਰ ਵਿਚ ਘੱਟੋ ਘੱਟ ਚਾਰ ਵੱਖਰੀਆਂ ਜੰਗਲੀ ਅੱਗਾਂ ਨੇ ਪੈਸਿਫ਼ਿਕ ਤੱਟ ਤੋਂ ਪੈਸਾਡੇਨਾ ਤੱਕ ਦੇ ਇਲਾਕੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇਹ ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਫਾਇਰ ਫਾਈਟਰਜ਼ ਦੀਆਂ ਕੋਸ਼ਿਸ਼ਾਂ ਵੀ ਇਸਨੂੰ ਰੋਕਣ ਵਿੱਚ ਅਸਫਲ ਰਹੀਆਂ। ਹਜ਼ਾਰਾਂ ਫਾਇਰਫਾਈਟਰਜ਼ ਅੱਗ 'ਤੇ ਕਾਬੂ ਪਾਉਣ ਲਈ ਜੁਝ ਰਹੇ ਹਨ, ਜਦਕਿ ਸਥਾਨਕ ਫਾਇਰ ਵਿਭਾਗ ਨੇ ਔਫ਼-ਡਿਊਟੀ ਅਧਿਕਾਰੀਆਂ ਨੂੰ ਕੰਮ 'ਤੇ ਵਾਪਸ ਆਉਣ ਦੀ ਅਪੀਲ ਕੀਤੀ ਹੈ।

ਫਾਇਰ ਚੀਫ਼ ਐਂਥਨੀ ਮੈਰੋਨ ਨੇ ਦੱਸਿਆ ਕਿ ਦੋ ਲੋਕਾਂ ਦੀ ਮੌਤ ਤੋਂ ਇਲਾਵਾ ਕਈ ਲੋਕ ਜ਼ਖ਼ਮੀ ਹਨ। ਅੱਗ ਦੀਆਂ ਲਪਟਾਂ ਨੇ ਕੁਝ ਪਲਾਂ ਵਿੱਚ ਹੀ ਆਲੀਸ਼ਾਨ ਬੰਗਲਿਆਂ ਨੂੰ ਖੰਡਰਾਂ ਵਿੱਚ ਬਦਲ ਦਿੱਤਾ। ਧੂੰਏ ਨਾਲ ਭਰੇ ਸੁਰਖ ਅਸਮਾਨ ਨੇ ਇਸ ਤਬਾਹੀ ਦੇ ਦ੍ਰਿਸ਼ ਨੂੰ ਹੋਰ ਵੀ ਭਿਆਨਕ ਬਣਾ ਦਿੱਤਾ।



ਇਲਾਕੇ ਦੇ ਘੱਟੋ ਘੱਟ 70,000 ਨਿਵਾਸੀਆਂ ਨੂੰ ਘਰ ਖਾਲੀ ਕਰਨ ਲਈ ਮਜਬੂਰ ਕੀਤਾ ਗਿਆ ਹੈ। ਕਈ ਹਾਲੀਵੁੱਡ ਹਸਤੀਆਂ, ਜਿਵੇਂ ਕਿ ਮਾਰਕ ਹੈਮਿਲ, ਮੈਂਡੀ ਮੂਰ ਅਤੇ ਜੇਮਜ਼ ਵੁਡਜ਼, ਵੀ ਇਸ ਅੱਗ ਕਾਰਨ ਪ੍ਰਭਾਵਿਤ ਹੋਏ ਹਨ। ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਘਰ ਵੀ ਉਨ੍ਹਾਂ ਇਲਾਕਿਆਂ ਵਿਚ ਹੈ, ਜਿੱਥੇ ਲੋਕਾਂ ਨੂੰ ਖਾਲੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।

ਮੰਗਲਵਾਰ ਸ਼ਾਮ ਨੂੰ ਸ਼ੁਰੂ ਹੋਈ ਇਹ ਅੱਗ ਹਵਾਵਾਂ ਦੇ ਤੀਬਰ ਰੁਖ ਨਾਲ ਵਧਦੀ ਗਈ। ਤਕਰੀਬਨ 129 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚਲਦੀਆਂ ਹਵਾਵਾਂ ਨੇ ਅੱਗ ਨੂੰ ਹੋਰ ਭੜਕਾਉਣ ਵਿੱਚ ਯੋਗਦਾਨ ਪਾਇਆ। ਫ਼ਾਇਰ ਵਿਭਾਗ ਨੇ ਦੱਸਿਆ ਕਿ ਹਵਾਵਾਂ ਕਾਰਨ ਜਹਾਜ਼ਾਂ ਰਾਹੀਂ ਅੱਗ ਬੁਝਾਉਣ ਵਾਲੀ ਕਾਰਵਾਈ ਮੁਸ਼ਕਿਲ ਹੋ ਗਈ ਹੈ।

ਵੈਸਟਰਨ ਫਾਇਰ ਚੀਫ ਅਸੋਸੀਏਸ਼ਨ ਦੇ ਅਨੁਸਾਰ ਕਲਾਈਮੇਟ ਚੇਂਜ ਅਤੇ ਘੱਟ ਰਹੀ ਬਾਰਿਸ਼ ਜੰਗਲੀ ਅੱਗ ਦੇ ਸੀਜ਼ਨ ਨੂੰ ਲੰਮਾ ਕਰ ਰਹੇ ਹਨ। ਅਕਸਰ ਬਾਰਿਸ਼ ਦੇਰੀ ਨਾਲ ਹੁੰਦੀ ਹੈ, ਜਿਸ ਕਾਰਨ ਜਨਵਰੀ ਦੇ ਮਹੀਨੇ ਵਿੱਚ ਵੀ ਅੱਗ ਦੇ ਹਾਦਸੇ ਵਾਪਰ ਰਹੇ ਹਨ।

ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੂੰ ਰਿਵਰਸਾਈਡ ਕਾਊਂਟੀ ਦੀ ਯਾਤਰਾ ਰੱਦ ਕਰਨੀ ਪਈ, ਜਿੱਥੇ ਉਹ ਦੋ ਨਵੇਂ ਰਾਸ਼ਟਰੀ ਸਮਾਰਕਾਂ ਦੀ ਸਥਾਪਨਾ ਦਾ ਐਲਾਨ ਕਰਨ ਵਾਲੇ ਸਨ। ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ ਨੇ ਕੈਲੀਫੋਰਨੀਆ ਨੂੰ ਅੱਗ ਬੁਝਾਉਣ ਲਈ ਵਾਧੂ ਮਦਦ ਦੇਣ ਲਈ ਗ੍ਰਾਂਟ ਜਾਰੀ ਕੀਤੀ ਹੈ। ਲੌਸ ਏਂਜਲਸ ਵਿੱਚ ਚੱਲ ਰਹੀ ਇਸ ਤਬਾਹੀ ਨੇ ਕਲਾਈਮੇਟ ਚੇਂਜ ਦੇ ਗੰਭੀਰ ਪ੍ਰਭਾਵਾਂ ਅਤੇ ਜੰਗਲੀ ਅੱਗ ਲਈ ਜਰੂਰੀ ਤਿਆਰੀਆਂ ਦੀ ਕਮੀ ਨੂੰ ਬੇਨਕਾਬ ਕੀਤਾ ਹੈ। ਅਧਿਕਾਰੀਆਂ ਦੁਆਰਾ ਹਾਲਾਤਾਂ ਨੂੰ ਕਾਬੂ ਕਰਨ ਦੀ ਲਗਾਤਾਰ ਕੋਸ਼ਿਸ਼ ਜਾਰੀ ਹੈ।

# ਅਮਰੀਕਾ ਵਿਚ ਦਾਖਲ ਹੋਏ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਵਿੱਚ ਆਈ ਤੇਜੀ

## 2647 ਭਾਰਤੀ ਹਿਰਾਸਤ ਵਿਚ ਲਏ ਤੇ 17 ਹਜਾਰ ਤੋਂ ਵਧ ਭਾਰਤੀਆਂ ਨੂੰ ਵਾਪਿਸ ਭੇਜਣ ਦੀ ਤਿਆਰੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ( ਆਈ ਸੀ ਈ) ਦੀ ਵਿੱਤੀ ਸਾਲ 2024 ਦੀ ਸਾਲਾਨਾ ਰਿਪੋਰਟ ਅਨੁਸਾਰ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ-ਤਰੀਕੇ ਨਾਲ ਦਾਖਲ ਹੋਣ ਵਾਲੇ ਭਾਰਤੀਆਂ ਸਮੇਤ ਹੋਰ ਪ੍ਰਵਾਸੀਆਂ ਵਿਰੁੱਧ ਕਾਰਵਾਈ ਵਿਚ ਤੇਜੀ ਆਈ ਹੈ। ਆਈ ਸੀ ਆਈ ਅਨੁਸਾਰ ਹਾਲ ਹੀ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਏ ਗ੍ਰਿਫਤਾਰ ਪ੍ਰਵਾਸੀਆਂ ਵਿਚ 2647 ਭਾਰਤੀ ਹਨ। ਸਭ ਤੋਂ ਵਧ ਗ੍ਰਿਫਤਾਰ ਪ੍ਰਵਾਸੀ ਮੈਕਸੀਕੋ ਦੇ ਹਨ। ਇਸ ਤੋਂ ਬਾਅਦ ਦੂਜੇ ਤੇ ਤੀਜੇ ਸਥਾਨ 'ਤੇ ਹੌਂਡਰਸ ਤੇ ਗੁਆਟੇਮਾਲਾ ਹਨ। ਚੌਥਾ ਸਥਾਨ ਭਾਰਤ ਦਾ ਹੈ। 17940 ਭਾਰਤੀ ਨਾਗਰਿਕ ਹਾਲਾਂ ਕਿ ਆਈ ਸੀ ਈ ਦੀ ਹਿਰਾਸਤ ਵਿਚ ਨਹੀਂ ਹਨ ਪਰੰਤੂ ਉਨਾਂ ਦੇ ਦੇਸ਼ ਨਿਕਾਲੇ ਸਬੰਧੀ ਪ੍ਰਕ੍ਰਿਆ ਨੂੰ ਅੰਤਿਮ ਛੂਹ ਦਿੱਤੀ ਜਾ ਰਹੀ ਹੈ ਜਿਸ ਉਪਰੰਤ ਉਨਾਂ ਨੂੰ ਵਾਪਿਸ ਭਾਰਤ ਭੇਜ ਦਿੱਤਾ ਜਾਵੇਗਾ। ਵਾਪਿਸ ਭੇਜੇ ਭਾਰਤੀਆਂ ਦੀ ਗਿਣਤੀ ਵਿਚ ਵਰਨਣਯੋਗ ਵਾਧਾ ਹੋਇਆ ਹੈ। ਵਿੱਤੀ



ਸਾਲ 2024 ਦੌਰਾਨ ਕੁਲ 1529 ਭਾਰਤੀਆਂ ਨੂੰ ਵਾਪਿਸ ਭੇਜਿਆ ਗਿਆ ਹੈ ਜਦ ਕਿ ਵਿੱਤੀ ਸਾਲ 2021 ਵਿਚ ਇਹ ਗਿਣਤੀ 292 ਸੀ। ਆਈ ਸੀ ਆਈ ਅਨੁਸਾਰ ਇਸ ਵਿੱਤੀ ਸਾਲ ਦੌਰਾਨ ਸਾਰੇ ਦੇਸ਼ਾਂ ਦੇ ਕੁਲ 2,71,484 ਨਾਗਰਿਕਾਂ ਨੂੰ ਵਾਪਿਸ ਉਨਾਂ ਦੇ ਦੇਸ਼ ਭੇਜਿਆ ਜਾ ਚੁੱਕਾ ਹੈ ਜਦ ਕਿ 2021 ਵਿਚ ਵਾਪਿਸ ਭੇਜੇ ਪ੍ਰਵਾਸੀਆਂ ਦੀ ਗਿਣਤੀ 59011 ਸੀ। ਇਸ ਤੋਂ ਪਹਿਲਾਂ ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਫਰਵਰੀ 2019 ਤੋਂ ਮਾਰਚ 2023 ਦਰਮਿਆਨ 1,49,000 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜੋ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਇਨਾਂ ਵਿਚੋਂ ਜਿਆਦਾਤਰ ਭਾਰਤੀ ਉਹ ਹਨ ਜਿਨਾਂ ਨੇ ਆਰਥਿਕ ਕਾਰਨਾਂ ਕਰਕੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤੇ ਉਹ ਸ਼ਰਨ ਲੈਣ ਦੇ ਯੋਗ ਨਹੀਂ ਹਨ। ਇਕ ਹੋਰ ਰਿਪੋਰਟ ਅਨੁਸਾਰ ਰਾਸ਼ਟਰਪਤੀ ਚੋਣ ਜਿੱਤੇ ਡੋਨਾਲਡ ਟਰੰਪ ਵੱਲੋਂ ਇਸ ਮਹੀਨੇ ਅਹੁੱਦਾ ਸੰਭਾਲਣ ਉਪਰੰਤ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਿਸ ਉਨਾਂ ਦੇ ਦੇਸ਼ ਭੇਜਣ ਦੀ ਪ੍ਰਕ੍ਰਿਆ ਵਿਚ ਤੇਜੀ ਆਵੇਗੀ। ਇਸ ਸੰਭਾਵਨਾ ਨੂੰ ਵੇਖਦੇ ਹੋਏ ਗੈਰ ਕਾਨੂੰਨੀ ਪ੍ਰਵਾਸੀ ਕਾਨੂੰਨੀ ਚਾਰਾਜੋਈ ਵਿਚ ਲੱਗੇ ਹੋਏ ਹਨ।

# ਯੂ.ਕੇ. ਜਾਣ ਵਾਲੇ ਕੈਨੇਡੀਅਨ ਯਾਤਰੀਆਂ ਲਈ ਈ.ਟੀ.ਏ. ਲਾਜ਼ਮੀ

8 ਜਨਵਰੀ 2025 ਤੋਂ ਯੂਨਾਈਟੇਡ ਕਿੰਗਡਮ ਵਿੱਚ ਛੇ ਮਹੀਨਿਆਂ ਤੋਂ ਘੱਟ ਸਮੇਂ ਲਈ ਯਾਤਰਾ ਕਰਨ ਵਾਲੇ ਕੈਨੇਡੀਅਨਜ਼ ਲਈ ਇਲੈਕਟ੍ਰੌਨਿਕ ਟ੍ਰੈਵਲ ਆਥਰਾਈਜ਼ੇਸ਼ਨ (ETA) ਲੈਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਪ੍ਰਣਾਲੀ ਤਹਿਤ ਯਾਤਰੀਆਂ ਨੂੰ ਆਪਣੇ ਪਾਸਪੋਰਟ ਵੇਰਵੇ, ਯਾਤਰਾ ਦੀਆਂ ਤਰੀਕਾਂ ਅਤੇ ਆਵਾਜਾਈ ਦੇ ਢੰਗਾਂ ਬਾਰੇ ਜਾਣਕਾਰੀ ਜਮ੍ਹਾਂ ਕਰਾਉਣੀ ਪਵੇਗੀ, ਜਿਸਦਾ ਸੁਰੱਖਿਆ ਮਾਪਦੰਡਾਂ ਅਧੀਨ ਅਧਿਕਾਰੀਆਂ ਦੁਆਰਾ ਮੁਲਾਂਕਣ ਕੀਤਾ ਜਾਵੇਗਾ।

ਟੋਰਾਂਟੋ ਮੈਟਰੋਪੌਲੀਟਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਵੇਨ ਸਮਿਥ ਨੇ ਇਸ ਨਵੇਂ ਤਰੀਕੇ ਨੂੰ ਕ੍ਰੈਡਿਟ ਕਾਰਡ ਲਈ ਪ੍ਰੀ-ਅਪਰੂਵਲ ਪ੍ਰਕਿਰਿਆ ਨਾਲ ਤੁਲਨਾ ਕੀਤੀ। ਸਮਿਥ ਨੇ ਕਿਹਾ ਕਿ ਇਸ ਪ੍ਰਣਾਲੀ ਦਾ ਮੁੱਖ ਉਦੇਸ਼ ਸੁਰੱਖਿਆ ਬੜ੍ਹਾਉਣਾ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਵਧੇਰੇ ਨਿਰਧਾਰਿਤ ਬਣਾਉਣਾ ਹੈ। ਅਰਜ਼ੀਆਂ ਦੀ ਸਮੀਖਿਆ ਕਰਨ ਲਈ ਇੱਕ ਵਿਸ਼ਵਵਿਆਪੀ ਡਾਟਾਬੇਸ ਦੀ ਵਰਤੋਂ ਕੀਤੀ ਜਾਵੇਗੀ, ਜੋ ਸਿਆਸਤ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਨੂੰ ਹਲ ਕਰਨ ਵਿੱਚ




ਸਹਾਇਕ ਸਿੱਧ ਹੋਵੇਗਾ।

ਓਠਅ ਪ੍ਰਣਾਲੀ ਦਾ ਵਾਧਾ ਸਿਰਫ਼ ਯੂਕੇ ਤੱਕ ਸੀਮਿਤ ਨਹੀਂ ਹੈ। ਯੂਰਪੀਅਨ ਯੂਨੀਅਨ ਇਸੇ ਤਰ੍ਹਾਂ ਦੀ ਪ੍ਰਣਾਲੀ 2025 ਦੇ ਅੰਤ ਤੱਕ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਵੀ ਇਹ ਪ੍ਰਣਾਲੀ ਸਥਾਪਿਤ ਕੀਤੀ ਜਾ ਸਕਦੀ ਹੈ।

ਓਠਅ ਦੀ ਅਰਜ਼ੀ ਲਈ ਕੀਮਤ 10 ਪੌਂਡ (ਕਰੀਬ 18 ਕੈਨੇਡੀਅਨ ਡਾਲਰ) ਹੈ। ਸਮਿਥ ਨੇ ਚੇਤਾਵਨੀ ਦਿੱਤੀ ਕਿ ਇਹ ਕੀਮਤ ਸਿਆਸੀ ਕਾਰਨਾਂ ਜਾਂ ਮੰਗ ਦੇ ਆਧਾਰ 'ਤੇ ਵਧਾਈ ਜਾ ਸਕਦੀ ਹੈ। ਵਿਸ਼ੇਸ਼ ਤੌਰ 'ਤੇ ਬਜ਼ੁਰਗ ਯਾਤਰੀ, ਜੋ ਡਿਜੀਟਲ ਸਿਸਟਮ ਵਿੱਚ ਪਿੱਛੇ ਰਹਿੰਦੇ ਹਨ, ਇਸ ਪ੍ਰਣਾਲੀ ਨੂੰ ਚਲਾਉਣ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਦੇ ਹਨ।

ਸਮਿਥ ਨੇ ਯਾਤਰੀਆਂ ਨੂੰ ਚੇਤਾਇਆ ਕਿ ਓਠਅ ਦੀ ਅਰਜ਼ੀ ਮਨਜ਼ੂਰੀ ਵਿਚ ਕੁਝ ਮਿੰਟ ਲੱਗ ਸਕਦੇ ਹਨ, ਪਰ ਅਰਜ਼ੀ ਆਖਰੀ ਵੇਲੇ ਅਪਲਾਈ ਕਰਨਾ ਮੁਸੀਬਤ ਪੈਦਾ ਕਰ ਸਕਦਾ ਹੈ। ਓਠਅ ਦੇ ਬਗੈਰ, ਯਾਤਰੀਆਂ ਨੂੰ ਹਵਾਈ ਅੱਡੇ 'ਤੇ ਹੀ ਰੋਕਿਆ ਜਾ ਸਕਦਾ ਹੈ ਅਤੇ ਵਾਪਸ ਭੇਜਿਆ ਜਾ ਸਕਦਾ ਹੈ।

ETA ਪ੍ਰਣਾਲੀ ਦੀ ਸਥਾਪਨਾ ਦੇ ਨਾਲ, ਯੂਕੇ ਸਰਕਾਰ ਯਾਤਰੀਆਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਅਤੇ ਅਸਾਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਪ੍ਰਣਾਲੀ ਅੰਤਰਰਾਸ਼ਟਰੀ ਯਾਤਰੀਆਂ ਲਈ ਇੱਕ ਸਹੀ ਹਾਲ ਹੈ, ਜਿਸ ਨਾਲ ਯਾਤਰਾ ਦੇ ਖਰਚੇ, ਸਮਾਂ ਅਤੇ ਸੁਰੱਖਿਆ ਨੂੰ ਸੰਤੁਲਿਤ ਕੀਤਾ ਜਾ ਸਕੇ।

# ਜੋਅ ਬਾਈਡਨ ਨੇ ਜਸਟਿਨ ਟਰੂਡੋ ਦੇ ਕਾਰਜਕਾਲ ਦੀ ਤਾਰੀਫ਼ ਕੀਤੀ



ਔਟਵਾ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਦੀ ਭਰਪੂਰ ਤਾਰੀਫ਼ ਕੀਤੀ ਹੈ। ਬਾਈਡਨ ਨੇ ਕਿਹਾ ਕਿ 2015 ਵਿੱਚ ਟਰੂਡੋ ਦੇ ਸੱਤਾ ਸੰਭਾਲਣ ਤੋਂ ਬਾਅਦ ਦੁਨੀਆ, ਉੱਤਰੀ ਅਮਰੀਕੀ ਮਹਾਂਦੀਪ, ਅਤੇ ਦੋਵਾਂ ਦੇਸ਼ਾਂ ਦਰਮਿਆਨ ਦੇ ਰਿਸ਼ਤਿਆਂ ਵਿੱਚ ਮਹੱਤਵਪੂਰਨ ਸੁਧਾਰ ਹੋਇਆ। ਬਾਈਡਨ ਨੇ ਟਰੂਡੋ ਨੂੰ ਇੱਕ ਕਰੀਬੀ ਦੋਸਤ ਕਰਾਰ ਦਿੰਦਿਆਂ ਕਿਹਾ, "ਅਮਰੀਕਾ ਦਾ ਕੈਨੇਡਾ ਨਾਲੋਂ ਕੋਈ ਵੱਧ ਕਰੀਬੀ ਸਹਿਯੋਗੀ ਨਹੀਂ ਹੈ, ਅਤੇ ਜਸਟਿਨ ਟ੍ਰੂਡੋ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ।" ਬਾਈਡਨ ਨੇ ਦੱਸਿਆ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ ਟ੍ਰੂਡੋ ਪਹਿਲੇ ਵਿਦੇਸ਼ੀ ਨੇਤਾ ਸਨ, ਜਿਨ੍ਹਾਂ ਨਾਲ ਉਨ੍ਹਾਂ ਨੇ ਗੱਲ ਕੀਤੀ ਸੀ।

ਬਾਈਡਨ ਨੇ ਸੋਮਵਾਰ ਨੂੰ ਟਰੂਡੋ ਦੇ ਅਸਤੀਫ਼ੇ ਦਾ ਐਲਾਨ ਕਰਨ ਤੋਂ ਬਾਅਦ ਉਨ੍ਹਾਂ ਨਾਲ ਫਿਰ ਗੱਲ ਕੀਤੀ ਅਤੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਟਰੂਡੋ ਦੇ ਯੋਗਦਾਨ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ, "ਅਸੀਂ ਕੋਵਿਡ-19 ਮਹਾਂਮਾਰੀ, ਜਲਵਾਯੂ ਪਰਿਵਰਤਨ ਅਤੇ ਫੈਂਟਾਨਿਲ ਦੀ ਬਿਪਤਾ ਵਰਗੀਆਂ ਮੁਸ਼ਕਲਾਂ ਦਾ ਸਾਮਣਾ ਮਿਲਕੇ ਕੀਤਾ।" ਬਾਈਡਨ ਨੇ ਕਿਹਾ, " ਟਰੂਡੋ ਨੇ ਆਪਣੇ ਰਣਨੀਤਕ ਦ੍ਰਿਸ਼ਟੀਕੋਣ ਅਤੇ ਵਚਨਬੱਧਤਾ ਨਾਲ ਅਗਵਾਈ ਕੀਤੀ। ਉਨ੍ਹਾਂ ਦੇ ਕਾਰਨ ਅਮਰੀਕਾ-ਕੈਨੇਡਾ ਦੇ ਰਿਸ਼ਤੇ ਮਜ਼ਬੂਤ ਹੋਏ ਹਨ, ਲੋਕਾਂ ਦੀ ਸੁਰੱਖਿਆ ਬਰਕਰਾਰ ਹੈ, ਅਤੇ ਸੰਸਾਰ ਬਿਹਤਰ ਥਾਂ ਹੈ।"

ਦੂਜੇ ਪਾਸੇ, ਸਾਬਕਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਟਰੂਡੋ ਦੇ ਅਸਤੀਫ਼ੇ 'ਤੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਵਿਵਾਦਿਤ ਟਿੱਪਣੀ ਕੀਤੀ। ਟਰੰਪ ਨੇ ਲਿਖਿਆ, "ਕੈਨੇਡਾ ਦੇ ਬਹੁਤ ਸਾਰੇ ਲੋਕ ਚਾਹੁੰਦੇ ਹਨ ਕਿ ਕੈਨੇਡਾ ਅਮਰੀਕਾ ਦਾ 51ਵਾਂ ਸੂਬਾ ਬਣ ਜਾਵੇ। ਅਮਰੀਕਾ ਹੁਣ ਵਪਾਰਕ ਘਾਟੇ ਅਤੇ ਸਬਸਿਡੀਆਂ ਦਾ ਬੋਝ ਨਹੀਂ ਝੇਲ ਸਕਦਾ, ਜਿਸ ਦੀ ਕੈਨੇਡਾ ਨੂੰ ਲੋੜ ਹੈ।" ਉਨ੍ਹਾਂ ਕਿਹਾ, "ਜੇਕਰ ਕੈਨੇਡਾ ਅਮਰੀਕਾ ਦਾ ਹਿੱਸਾ ਬਣ ਜਾਂਦਾ ਹੈ ਤਾਂ ਕੋਈ ਟੈਕਸ ਜਾਂ ਟੈਰਿਫ ਨਹੀਂ ਹੋਣਗੇ, ਟੈਕਸ ਘਟ ਜਾਣਗੇ, ਅਤੇ ਕੈਨੇਡਾ ਰੂਸੀ ਅਤੇ ਚੀਨੀ ਜਹਾਜ਼ਾਂ ਦੇ ਖਤਰੇ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਹੋਵੇਗਾ। ਇਕੱਠਿਆਂ, ਇਹ ਕਿੰਨਾ ਮਹਾਨ ਰਾਸ਼ਟਰ ਹੋਵੇਗਾ।"

ਟਰੰਪ ਦੀ ਇਸ ਟਿੱਪਣੀ ਨੂੰ ਕੈਨੇਡਾ ਅਤੇ ਅਮਰੀਕਾ ਦੋਵਾਂ ਦੇ ਸਿਆਸੀ ਮਾਹਿਰਾਂ ਵੱਲੋਂ ਵਿਵਾਦਿਤ ਕਰਾਰ ਦਿੱਤਾ ਜਾ ਰਿਹਾ ਹੈ। ਜਦਕਿ ਬਾਈਡਨ ਦੇ ਕਹਿਣਾ ਹੈ ਕਿ ਟਰੂਡੋ ਨੇ ਸਦਾ ਸਹਿਯੋਗ ਅਤੇ ਦੋਸਤੀ ਨੂੰ ਪਹਿਲ ਦਿੱਤੀ, ਟਰੰਪ ਦੀ ਟਿੱਪਣੀ ਨੇ ਨਵੀਂ ਚਰਚਾ ਨੂੰ ਜਨਮ ਦੇ ਦਿੱਤਾ ਹੈ। ਇਹ ਸਪਸ਼ਟ ਹੈ ਕਿ ਟਰੂਡੋ ਦਾ ਅਸਤੀਫ਼ਾ ਕੈਨੇਡਾ ਅਤੇ ਅਮਰੀਕਾ ਦੋਵਾਂ ਦੇ ਰਾਜਨੀਤਿਕ ਮੰਚਾਂ 'ਤੇ ਇੱਕ ਮੁੱਖ ਮਾਮਲਾ ਬਣ ਚੁੱਕਾ ਹੈ।




WINNIPEG LOCATION OPENING Jan. 24!
#3- 1375 McPhillips St.
SABZI MANDI SUPERMARKET
Serving our Community since 2003
HAPPY LOHRI!
HOT PRICE LARGE GUAVA ਵੱਡਾ ਅਮਰੂਦ 2.99 /lb
HOT PRICE FRESH BROCCOLI ਬਰੌਕੋਲੀ 1.29 /lb
HOT PRICE ROMA TOMATOES ਰੋਮਾ ਟਮਾਟਰ 1.69 /lb
HOT PRICE JUMBO CAULIFLOWER ਗੋਭੀ 2.29 ea
ALMOND OIL ਬਦਾਮ ਤੇਲ 1L 11.99 ea
UNBEATABLE DEAL
PUNJABI BY NATURE MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L 5.99 ea
LONG ENGLISH CUCUMBERS ਖੀਰੇ 2 for 1.49
BROWN SUGAR ਭੂਰੀ ਖੰਡ 8lb 6.99 ea
FRESH CILANTRO ਧਨੀਆਂ Bunch 2 for 1.29
AAP KI PASAND COOKIES ਆਪ ਕੀ ਪਸੰਦ ਕੁਕੀਆਂ 2.2lb 5.99 ea
LEHAR GACHAK ਲੈਹਰ ਗੱਚਕ 400g 2.99 ea
IN SHELL ROASTED PEANUTS ਮੂੰਗਫਲੀ Bulk 1.99 /lb
PUNJABI BY NATURE DRY PETHA ਪੰਜਾਬੀ ਬਾਈ ਨੇਚਰ ਪੇਠਾ 400g 3.99 ea
FRESH FENUGREEK METHI ਮੇਥੀ Bunch 1.99 ea
TATA AGNI TEA ਟਾਟਾ ਅੱਗਣੀ ਚਾਹ 1kg 9.99 ea
AMBAY BESAN ਅੰਬੇ ਬੇਸਣ 4lb 3.99 ea
BRAR'S PANEER ਬਰਾੜਸ ਪਨੀਰ 375g 3.99 ea
PUNJABI BY NATURE MILK RUSK ਪੰਜਾਬੀ ਬਾਈ ਨੇਚਰ ਮਿਲਕ ਰੱਸਕ 600g 4.99 ea
FRESH GINGER ਅੱਦਰਕ 1.89 /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
US #1 POTATOES ਆਲੂ 10lb 3.99 ea
INDIAN KARELA ਦੇਸੀ ਕਰੇਲੇ 1.99 /lb
FRESH ZUCCHINI ਤੋਰੀ 79¢ /lb
FRESH SPINACH ਪਾਲਕ Bunch 1.99 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. January 10, 2025 - Wed. January 15, 2025
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
KELOWNA: 284 Hwy 33W, Kelowna 778-753-2800
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
WINNIPEG: #3 - 1375 McPhillips St.